100063
Digitized by Arya Samaj Foundation Chennai and eGangotri

ਦਲੀਪ ਕੌਰ ਟਿਵਾਣਾ ਦੀ ਗਲਪ ਚੇਤਨਾ

DONATION

ਬ੍ਰਹਮਜਗਦੀਸ਼ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

100063

Presented free of cost with compliments from
The Central Institute of Indian Languages
(Government of India), Mysore-570006.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਲੀਪ ਕੌਰ ਟਿਵਾਣਾ
ਦੀ
ਗਲਪ-ਚੇਤਨਾ

Presented free of cost with compliments from
The Central Institute of Indian Languages
(Government of India), Mysore 570006.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੇਖਕ ਦੀਆਂ ਹੋਰ ਪੁਸਤਕਾਂ

ਲਹਿਰ ਹੁਲਾਰੇ : ਇਕ ਆਲੋਚਨਾਤਮਕ ਅਧਿਐਨ

ਸੁਜਾਨ ਸਿੰਘ ਬਾਰੇ

ਪੰਜਾਬੀ ਗੱਦ ਸ਼ਿਰੋਮਣੀ

ਮਾਨਵਤਾ ਦਾ ਪ੍ਰਤੀਕ : ਬਾਬਾ ਫ਼ਰੀਦ (ਸੰਪਾਦਿਤ)

ਸਾਹਿੱਤ, ਸਭਿਆਚਾਰ ਅਤੇ ਪੰਜਾਬ

ਗੋਲਦੋਨੀ ਦੇ ਨਾਟਕ (ਅਨੁਵਾਦ)

ਰਾਣਾ ਸੂਰਤ ਸਿੰਘ ਦਾ ਰਚਨਾਤਮਕ ਵਿਵੇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਲੀਪ ਕੌਰ ਟਿਵਾਣਾ
ਦੀ
ਗਲਪ ਚੇਤਨਾ

100063

DONATION

Presented free of cost with compliments from
The Central Institute of Indian Languages
(Govt. of India), Mysore-570006.

ਬ੍ਰਹਮਜਗਦੀਸ਼ ਸਿੰਘ

ਪੁਸਤਕਾਲਯ
ਪੁਸਤਕਾਲਯ
ਗੁਰੂਕੁਲ ਕਾਂਗੜੀ ਵਿਸ਼ਵਵਿਦਿਆਲਯ

ਵਾਰਿਸ ਸ਼ਾਹ ਫਾਊਂਡੇਸ਼ਨ
ਅਮ੍ਰਿਤਸਰ -143002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Dalip Kaur Tiwana Di Galap Chetna
by
Prof. Brahm Jagdish Singh

1993

ਮੁੱਲ : 75 ਰੁਪਏ

ਪ੍ਰਕਾਸ਼ਕ
ਵਾਰਿਸ਼ ਸਾਹ ਫਾਉਂਡੇਸ਼ਨ
42, ਗੁਰੂ ਤੇਗ ਬਹਾਦਰ ਨਗਰ
ਡਾਕ. ਖਾਲਸਾ ਕਾਲਜ
ਅੰਮ੍ਰਿਤਸਰ-143002

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ
ਗੁਰੂ ਨਾਨਕ ਪੁਰਾ, ਅੰਮ੍ਰਿਤਸਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਦਾਰ ਬਰਜਿੰਦਰ ਸਿੰਘ

ਅਤੇ

ਸਰਦਾਰ ਹਰਭਜਨ ਸਿੰਘ ਹਲਵਾਰਵੀ

ਦੇ ਨਾਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੰਨਵਾਦ

- ਡਾ. ਬਿਕਰਮ ਸਿੰਘ ਘੁੰਮਣ ਦਾ ਜਿਨ੍ਹਾਂ ਮੇਰੇ ਉੱਘੜ-ਦੁੱਘੜੇ ਵਿਚਾਰਾਂ ਨੂੰ ਇਕ ਖ਼ੂਬਸੂਰਤ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਮਾਨ ਕੀਤਾ;
- ਪਟਿਆਲੇ ਵਾਲੇ ਲਾਲੀ ਬਾਬੇ ਦਾ ਜਿਸਨੇ ਮੈਨੂੰ ਸਾਹਿਤਿਕ-ਸੰਸਕਾਰ ਪ੍ਰਦਾਨ ਕੀਤੇ;
- ਡਾ. ਕੁਲਬੀਰ ਸਿੰਘ ਕਾਂਗ ਅਤੇ ਆਪਣੇ ਸਹਿਯੋਗੀ ਪ੍ਰੋਫ਼ੈਸਰ ਸਾਹਿਬਾਨ ਸੁਖਜਿੰਦਰ ਸਿੰਘ, ਨਿਰਮਲਪ੍ਰੀਤ ਸਿੰਘ, ਦਲਬੀਰ ਸਿੰਘ, ਹਰਬੰਸ ਸਿੰਘ ਗਿੱਲ, ਪ੍ਰੇਮ ਪਾਲੀ, ਮਾਨ ਸਿੰਘ, ਸਾਧੂ ਸਿੰਘ, ਡਾ. ਸੁਤੰਤਰਜੋਤ, ਮਿਸਿਜ਼ ਅਮਰਜੀਤ ਕੌਰ, ਜਲੌਰ ਸਿੰਘ, ਦਿਲਾਵਰ ਸਿੰਘ, ਮਿਸਿਜ਼ ਪ੍ਰਿਤਪਾਲ ਕੌਰ, ਅਤੇ ਡਾ. ਮਿਸਿਜ਼ ਯੂ. ਸ਼ਰਮਾ ਦਾ ਜਿਨ੍ਹਾਂ ਨਾਲ ਹੋਣ ਵਾਲੇ ਸੰਵਾਦਾਂ ਸਮੇਂ ਸਾਹਿਤ-ਆਲੋਚਨਾ ਦੇ ਕਈ ਨਵੇਂ ਧਰਾਤਲ ਦ੍ਰਿਸ਼ਟੀਗੋਚਰ ਹੋਏ;
- ਸਭ ਤੋਂ ਵੱਧ ਆਪਣੀ ਪਤਨੀ ਪ੍ਰੋ. ਰਾਜਬੀਰ ਅਤੇ ਬੇਟੀ ਸ਼ੈਰੂ ਦਾ, ਜਿਨ੍ਹਾਂ ਨੂੰ ਮੇਰੇ ਲੇਖਕ ਬਣੇ ਰਹਿਣ 'ਚ ਕੋਈ ਇਤਰਾਜ਼ ਨਹੀਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ੈ ਸੂਚੀ

1. ਇਹ ਹਮਾਰਾ ਜੀਵਣਾ : ਚਿਹਨ ਵਿਗਿਆਨਕ ਅਧਿਐਨ	9
ਕੁਝ ਪ੍ਰਤੀਨਿਧ ਜੁੱਟ ਵਿਰੋਧ	23
2. ਸ੍ਵੈਜੀਵਨੀ : ਨੰਗੇ ਪੈਰਾਂ ਦਾ ਸਫ਼ਰ	43
3. ਦੂਸਰੀ ਸੀਤਾ : ਵਿਸ਼ਲੇਸ਼ਣਾਤਮਕ ਅਧਿਐਨ	53
(ੳ) ਯਥਾਰਥ ਬੋਧ	58
(ਅ) ਵਿਅੰਗ-ਸਿਰਜਣਾ	66
(ੲ) ਕਰੁਣਾ-ਬੋਧ	69
(ਸ) ਪਾਤਰ-ਸੰਕਲਪ	74
4. ਸ਼ਹਿਰੀ ਪਰਿਵੇਸ਼ ਦੇ ਨਾਵਲ	80
(ੳ) ਵਾਟ ਹਮਾਰੀ	80
(ਅ) ਪੈੜ-ਚਾਲ	39
(ੲ) ਰਿਣ ਪਿਤਰਾਂ ਦਾ	98
5. ਦਲੀਪ ਕੌਰ ਟਿਵਾਣਾ ਅਤੇ ਪੰਜਾਬੀ ਨਾਵਲ	101
ਪਰਿਸ਼ਿਸ਼ਟ–1	
ਕਹਾਣੀ ਕਲਾ ਅਤੇ ਟਿਵਾਣਾ ਦਾ ਅਨੁਭਵ	109
ਪਰਿਸ਼ਿਸ਼ਟ–2	
ਚੋਣਵੀਂ ਪੁਸਤਕ ਸੂਚੀ	114

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥
ਏਹੁ ਹਮਾਰਾ ਜੀਵਣਾ ਤੂੰ ਸਾਹਿਬ ਸਚੇ ਵੇਖੁ ॥

(ਸ਼ੇਖ ਫ਼ਰੀਦ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਿਹਨ-ਵਿਗਿਆਨ ਅਧਿਐਨ

ਇਹੁ ਹਮਾਰਾ ਜੀਵਣਾ

'ਇਹੁ ਹਮਾਰਾ ਜੀਵਣਾ' ਪੰਜਾਬੀ ਦੀ ਪ੍ਰਸਿੱਧ ਅਤੇ ਪ੍ਰਮੁੱਖ ਨਾਵਲਕਾਰਾ ਡਾ. ਦਲੀਪ ਕੌਰ ਟਿਵਾਣਾ ਦੀ ਰਚਨਾਂ ਹੈ। ਟਿਵਾਣਾ ਨੇ ਹੁਣ ਤੱਕ ਪੰਦਰਾਂ ਨਾਵਲ ਪੰਜਾਬੀ ਪਾਠਕਾਂ ਦੀ ਨਜ਼ਰ ਕੀਤੇ ਹਨ। ਉਸ ਦੀਆਂ ਕ੍ਰਿਤੀਆਂ ਵਿਚ ਇਕ ਸੰਵੇਦਨਸ਼ੀਲ, ਸੂਖਮਭਾਵੀ ਅਤੇ ਪੰਜਾਬੀ ਸਭਿਆਚਾਰ ਦੀਆਂ ਰਵਾਇਤਾਂ ਪ੍ਰਤੀ ਸੁਹਿਰਦ ਨਾਰੀ ਦੇ ਦਰਸ਼ਨ ਹੁੰਦੇ ਹਨ। ਉਸਨੂੰ ਸਭਿਆਚਾਰ ਦੇ ਉਨ੍ਹਾਂ ਤਕਾਜ਼ਿਆਂ ਦਾ ਡੂੰਘਾ ਇਹਸਾਸ ਹੈ ਜੋ ਨਾਰੀ ਦੀ ਸੁਤੰਤਰਤਾ, ਸ੍ਵੈ-ਇਛਾ ਅਤੇ ਸੰਵੇਦਨਸ਼ੀਲਤਾ ਦਾ ਹਨਨ ਕਰਕੇ ਉਸਨੂੰ ਇਕ 'ਵਿਅਕਤੀ' ਤੋਂ 'ਵਸਤੂ' ਵਿਚ ਤਬਦੀਲ ਕਰਨ ਲਈ ਵਿਆਕੁਲ ਰਹਿੰਦੇ ਹਨ। ਉਸਦੇ ਕਥਾ ਜਗਤ ਦੀ ਵਿਲੱਖਣਤਾ ਇਸ ਵਰਤਾਰੇ ਵਿਚ ਹੈ ਕਿ ਉਸਦੀ ਨਾਰੀ ਨਾ ਤਾਂ ਸਭਿਆਚਾਰ ਦੀਆਂ ਕਦਰਾਂ ਕੀਮਤਾਂ ਵਿਰੁੱਧ ਵਿਦ੍ਰੋਹ ਹੀ ਕਰਦੀ ਹੈ ਅਤੇ ਨਾ ਹੀ ਆਪਣੀ ਸੁਤੰਤਰਤਾ, ਸ੍ਵੈ-ਇੱਛਾ ਦਾ ਪੂਰੀ ਤਰ੍ਹਾਂ ਹਨਨ ਹੀ ਹੋਣ ਦਿੰਦੀ ਹੈ। ਅਜਿਹਾ ਵਰਤਾਰਾ ਜਿਥੇ ਪੰਜਾਬੀ ਨਾਰੀ ਦੀ ਇਕ ਪ੍ਰਮਾਣਿਕ ਅੱਕਾਸੀ ਕਰਨ ਵਿਚ ਸਫ਼ਲ ਸਿੱਧ ਹੁੰਦਾ ਹੈ, ਉਥੇ ਉਹ ਸਮੂਹ ਪੰਜਾਬੀ ਪਾਠਕਾਂ ਦੀ ਸਹਾਨੁਭੂਤੀ ਅਤੇ ਸਦਭਾਵਨਾ ਵੀ ਜਿੱਤ ਲੈਂਦਾ ਹੈ।

ਵਿਚਾਰਧੀਨ ਨਾਵਲ ਦਲੀਪ ਕੌਰ ਟਿਵਾਣਾ ਦਾ ਦੂਜਾ ਨਾਵਲ ਹੈ। ਇਸਦਾ ਪ੍ਰਥਮ ਪ੍ਰਕਾਸ਼ਨ 1970 ਵਿਚ ਹੋਇਆ ਅਤੇ 1971 ਵਿਚ ਇਸਨੂੰ ਭਾਰਤ ਸਾਹਿੱਤ ਅਕਾਡਮੀ ਵਲੋਂ ਵਰ੍ਹੇ ਦੀ ਸਰਵ ਸ਼੍ਰੇਸ਼ਠ ਰਚਨਾ ਘੋਸ਼ਿਤ ਕਰਕੇ ਪੁਰਸਕ੍ਰਿਤ ਕੀਤਾ ਗਿਆ। ਇਸ ਨਾਵਲ ਦੇ ਭਾਵ ਜਗਤ ਦੀਆਂ ਕਈ ਤਹਿਆਂ ਅਤੇ ਧਰਾਤਲ ਹਨ। ਇਸਨੂੰ ਨਾਰੀ-ਸੁਤੰਤਰਤਾ ਦੇ ਪ੍ਰਸੰਗ ਵਿਚ ਅਪਣਾਏ ਗਏ ਲੇਖਕਾਂ ਦੇ ਪੈਂਤੜੇ ਦੀ ਗਵਾਹੀ ਮੰਨਿਆ ਜਾ ਸਕਦਾ ਹੈ, ਇਹ ਪੰਜਾਬ ਦੀ ਨਿਮਨ ਕਿਸਾਨੀ ਵਿਚ ਨਾਰੀ ਦੀ ਸਥਿਤੀ ਬਾਰੇ ਲੇਖਕਾਂ ਦੀ ਇਕ ਮਾਨਵ-ਵਿਗਿਆਨੀ (anthro pomorphic)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟਿੱਪਣੀ ਵੀ ਮੰਨੀ ਜਾ ਸਕਦੀ ਹੈ, ਇਸਨੂੰ ਪੰਜਾਬ ਪ੍ਰਦੇਸ਼ ਵਿਚ ਵੱਸਣ ਵਾਲੇ ਲੋਕਾਂ ਦੀ ਹੋਂਦਵਾਦੀ–ਮਨੋਵਿਗਿਆਨਕ–ਅਨੁਵੇਸ਼ਣ ਵੀ ਕਿਹਾ ਜਾ ਸਕਦਾ ਹੈ। ਇਹ ਸਾਰੇ ਦ੍ਰਿਸ਼ਟੀ-ਪਰਿਪੇਖ ਇਕ ਦੂਸਰੇ ਤੋਂ ਮੁਖਤਲਿਫ਼ ਜਾਂ ਮੁਤਜ਼ਾਦ ਨਹੀਂ ਸਗੋਂ ਸਾਹਿੱਤ ਦੀ ਸਮਝ ਦੇ ਇਕ ਪੜਾਉ ਤੇ ਪਹੁੰਚ ਕੇ ਇਹ ਸਾਰੇ ਪਰਿਪੇਖ ਸਾਡੀ ਸਭਿਆਚਾਰਕ ਇਕਾਈ ਦੇ ਨਿਰਮਾਣਕਾਰੀ ਤੱਤ ਬਣ ਜਾਂਦੇ ਹਨ।

ਇਸ ਨਾਵਲ ਵਿਚ ਪ੍ਰਸਤੁਤ ਕਹਾਣੀ ਦੇ ਕੁਝ ਮਹੱਤਵਪੂਰਣ ਅਤੇ ਪ੍ਰਮੁੱਖ ਕਥਾ-ਸੂਤਰ ਇਸ ਪ੍ਰਕਾਰ ਹਨ :

ਨਾਵਲ ਦੀ ਨਾਇਕਾ ਭਾਨੋ ਪੰਜਾਬ ਦੇ ਇਕ ਆਮ ਪਿੰਡਾਂ ਵਰਗੇ ਪਿੰਡ ਭੜੀ ਦਾ ਕੋਟਲਾ ਦੀ ਵਸਨੀਕ ਹੈ। ਉਹ ਇਕ ਛੋਟੇ ਜਹੇ ਪਰਿਵਾਰ ਦੀ ਇਕੱਲੀ-ਇਕਹਿਰੀ ਕੁੜੀ ਹੈ। ਪਿਤਾ ਅਤੇ ਇਕ ਭਰਾ ਤੋਂ ਬਿਨਾਂ ਉਨ੍ਹਾਂ ਦੇ ਘਰ ਵਿਚ ਹੋਰ ਕੋਈ ਜੀਅ ਨਹੀਂ ਸੀ। ਮਾਂ ਉਸਦੀ ਛੋਟੀ ਉਮਰੇ ਹੀ ਗੁਜ਼ਰ ਚੁੱਕੀ ਸੀ। ਇਹ ਪਰਿਵਾਰ ਕਿਵੇਂ-ਨਾ ਕਿਵੇਂ ਥੋੜੀ ਜ਼ਮੀਨ ਵਿਚੋਂ ਆਪਣੀਆਂ ਭੌਤਿਕ ਜ਼ਰੂਰਤਾਂ ਪੂਰੀਆਂ ਕਰਕੇ ਗੁਜ਼ਰ-ਬਸਰ ਕਰਦਾ ਆ ਰਿਹਾ ਸੀ ਕਿ ਇਕ ਦਿਨ ਜਰਗ ਦੇ ਮੇਲੇ ਤੇ ਜਾਕੇ ਭਾਨੋ ਦਾ ਭਰਾ ਡੋਗਰ ਪਿੰਡ ਦੇ ਹੋਰ ਮੁੰਡਿਆਂ ਨਾਲ ਘਰ ਦੀ ਕੱਢੀ ਤੱਤੀ-ਸ਼ਰਾਬ ਪੀਕੇ ਬੀਮਾਰ ਹੋ ਜਾਂਦਾ ਹੈ। ਉਸਦੀ ਬੀਮਾਰੀ ਟਾਈਫਾਈਡ ਵਿਚ ਬਦਲ ਜਾਂਦੀ ਹੈ। ਦੂਰ-ਨੇੜੇ ਦੇ ਨੀਮ ਹਕੀਮ ਉਸ ਦੀ ਇਸ ਬੀਮਾਰੀ ਨੂੰ ਹੋਰ ਵਿਗਾੜ ਦਿੰਦੇ ਹਨ। ਉਸਦੀ ਹਾਲਤ ਗੰਭੀਰ ਹੋ ਜਾਂਦੀ ਹੈ। ਆਖਰ ਉਸਨੂੰ ਲੁਧਿਆਣਾ ਅਤੇ ਦਿੱਲੀ ਦੇ ਵੱਡੇ ਹਸਪਤਾਲਾਂ ਵਿਚ ਇਲਾਜ ਲਈ ਲੈ ਕੇ ਜਾਣਾ ਪੈਂਦਾ ਹੈ। ਪੈਸਿਆਂ ਦੀ ਗਰਜ਼ ਪੂਰੀ ਕਰਨ ਲਈ ਭਾਨੋ ਦੇ ਪਿਤਾ ਨੂੰ ਜ਼ਮੀਨ ਵੇਚਣੀ ਪੈਂਦੀ ਹੈ ਅਤੇ ਇਕ ਦਿਨ ਅਜਿਹਾ ਵੀ ਆਉਂਦਾ ਹੈ ਜਦ ਉਸਨੂੰ 'ਨਿਆਈਂ ਵਾਲੇ ਖੇਤ' ਤੇ 'ਗੂਠਾ ਲਾਉਣਾ ਪੈਂਦਾ ਹੈ।' ਭਾਨੋ ਆਪਣੀ ਜੀਵਨ-ਕਹਾਣੀ ਆਪਣੀ ਗੁਆਂਢਣ ਸੰਤੋ ਨੂੰ ਦੱਸਦੀ ਹੋਈ ਪਿੰਡ ਦੇ ਛੋਟੇ ਕਿਸਾਨ ਦੀ ਡਾਵਾਂਡੋਲ ਆਰਥਿਕ ਸਥਿਤੀ ਬਾਰੇ ਟਿੱਪਣੀ ਕਰਦੀ ਹੈ।

> "ਕਹਿੰਦੇ ਨੇ ਬੇਬੇ ਮੁਕੱਦਮਾ ਤੇ ਜਹਿਮਤ ਤਾਂ ਪਵੇ ਨਾ ਕਿਸੇ ਤੇ। ਏਸ ਮੁੰਡੇ ਦੀ ਬਮਾਰੀ ਨੇ ਸਾਨੂੰ ਕੌਡੀਓਂ ਹੌਲੇ ਕਰਤਾ। ਪਹਿਲਾਂ ਮੱਝ ਵੇਚੀ। ਫੇਰ ਬਲਦ। ਜਿੱਦਣ ਨਿਆਈਂ ਵਾਲੇ ਖੇਤ ਦਾ ਗੂਠਾ ਲਾ ਕੇ ਆਇਆ, ਬਾਪੂ ਮਸੋਸਿਆ ਜਾਂ ਬਿਨਾਂ ਕੁਸ ਖਾਧੇ ਪੀਤੇ ਈ ਅੰਦਰ ਪੈ ਗਿਆ ਜਾਕੇ।"
>
> "ਫੇਰ ਬੇਬੇ ਕਿਸੇ ਨੇ ਕਿਹਾ ਮੁੰਡੇ ਨੂੰ ਦਿੱਲੀ ਲੈ ਕੇ ਜਾਓ। ਪੈਸਾ ਇਕ ਨਾ। ਮੂਹ ਲੱਗਦੇ ਥਾਮਾਂ ਤੋਂ ਅੱਗੇ ਈ ਲੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੈਠੇ ਸੀ । ਹਾਰ ਕੇ ਬਾਪੂ ਨੇ ਮੇਰਾ ਵਿਆਹ ਧਰਤਾ, ਬਈ ਮੁੰਡਾ ਕਿਮੇਂ ਬਚ ਰਹੇ । ਪਰ ਬਚਣਾ ਉਸ ਕੀ ਸੀ, ਉਹ ਤਾਂ ਹੁਣ ਰਲੇ ਸਾਹ ਲੈ ਰਿਹਾ ਸੀ ।"

(ਪੰਨਾ 13- 14)

ਪੈਸਿਆਂ ਦੀ ਆਪਣੀ ਗਰਜ਼ ਪੂਰੀ ਕਰਨ ਲਈ ਭਾਨੋ ਦਾ ਪਿਤਾ ਕੁਝ ਪੈਸੇ ਲੈ ਕੇ ਉਸਦਾ ਵਿਆਹ ਮੌਰਾਂਆਲੀ ਦੇ ਇਕ ਨੌਜੁਆਨ 'ਸਰਵਣ' ਨਾਲ ਕਰ ਦਿੰਦਾ ਹੈ। 'ਸਰਵਣ' ਦਾ ਪਰਿਵਾਰ ਵੀ ਇਕ ਛੋਟਾ ਕਿਸਾਨੀ ਪਰਿਵਾਰ ਹੈ। ਇਹੋ ਜਹੇ ਪਰਿਵਾਰ ਵਿਚ ਥੋੜ੍ਹੀ ਭੋਇੰ ਹੋਣ ਕਾਰਣ ਸਾਰੇ ਮੁੰਡੇ ਨਹੀਂ ਵਿਆਹੇ ਜਾ ਸਕਦੇ। ਇਕ-ਅੱਧੇ, ਮੂੰਹ ਮੱਥੇ ਲਗਦੇ ਮੁੰਡੇ ਨੂੰ ਪੈਸੇ ਦੇ-ਦਿਵਾ ਕੇ ਵਿਆਹ ਲਿਆ ਜਾਂਦਾ ਹੈ। ਬਾਕੀ ਮੁੰਡੇ ਇਹੋ ਜਿਹੀ ਮੁਲ-ਦੀ ਤੀਵੀਂ ਉਤੇ ਆਪਣਾ ਪੂਰਾ ਹੱਕ ਸਮਝਦੇ ਹਨ। ਭਾਨੋ ਉਪਰ ਵੀ ਸਰਵਣ ਦੇ ਭਰਾ ਆਪਣਾ ਪੂਰਾ ਹੱਕ ਸਮਝਦੇ ਹਨ। ਭਾਨੋ ਉਪਰ ਵੀ ਸਰਵਣ ਦੇ ਭਰਾ ਆਪਣਾ ਹੱਕ ਜਤਲਾਉਂਦੇ ਹੋਏ ਉਸ ਨਾਲ ਜਿਨਸੀ ਸਬੰਧ ਜੋੜਨ ਦੀ ਕੋਸ਼ਿਸ਼ ਵਿਚ ਰਹਿੰਦੇ ਹਨ। ਪਰ ਭਾਨੋ ਆਪਣੇ ਉਤੇ ਠੋਸੀ ਜਾ ਰਹੀ ਇਸ ਸੁਭਾਵਿਕ-ਜਹੀ ਸਥਿਤੀ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਹੁੰਦੀ। ਉਹ ਇਕ-ਪੁੰਨ ਦੀ ਵਿਆਹੀ ਇਸਤ੍ਰੀ ਵਰਗੀ ਮਰਯਾਦਾ ਪ੍ਰਾਪਤ ਕਰਨਾ ਚਾਹੁੰਦੀ ਹੈ। ਜਦ ਇਹ ਮਰਯਾਦਾ ਉਸਨੂੰ ਸਾਂਝੇ ਅਤੇ ਸੰਯੁਕਤ ਪਰਿਵਾਰ ਵਿਚ ਨਹੀਂ ਮਿਲਦੀ ਤਾਂ ਉਹ ਸਰਵਣ ਨਾਲ ਆਪਣਾ ਇਕ ਅਲਗ ਘਰ ਵਸਾ ਲੈਂਦੀ ਹੈ। ਭਰਾ ਇਸ ਅਜੀਬ ਅਤੇ ਵੱਖਰੀ ਸਥਿਤੀ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਹੁੰਦੇ। ਇਹ ਸਥਿਤੀ ਉਨ੍ਹਾਂ ਨੂੰ ਆਪਣੇ ਹੱਕ ਉਪਰ ਛਾਪਾ ਪ੍ਰਤੀਤ ਹੁੰਦੀ ਹੈ। ਸਿੱਟੇ ਵਜੋਂ ਇਕ ਦਿਨ ਉਹ ਸਰਵਣ ਨੂੰ ਘੇਰ ਲੈਂਦੇ ਹਨ। ਇਸ ਝੜਪ ਵਿਚ ਸਰਵਣ ਦੀ ਮੌਤ ਹੋ ਜਾਂਦੀ ਹੈ।

ਭਾਨੋ ਅਜੇ ਵੀ ਪੇਸ਼ ਸਥਿਤੀ ਨੂੰ ਵਰਣ ਲਈ ਤਿਆਰ ਨਹੀਂ। ਸਰਵਣ ਦੀ ਮੌਤ ਉਪਰੰਤ ਵੀ ਉਹ ਇਨ੍ਹਾਂ-ਚਾਰ-ਭਾਈਆਂ ਦੀ ਰਖੇਲ ਵਰਗੀ ਪਤਨੀ ਬਣ ਕੇ ਰਹਿਣ ਲਈ ਤਿਆਰ ਨਹੀਂ। ਇਕ ਵਿਧਵਾ ਇਸਤ੍ਰੀ ਦੀ ਮਰਯਾਦਾ ਨੂੰ ਬਰਕਰਾਰ ਰੱਖਣ ਲਈ ਉਹ ਵਾਪਸ ਆਪਣੇ ਪੇਕੇ ਪਰਤ ਜਾਂਦੀ ਹੈ। ਪਰ ਇਕ ਵਾਰ ਉਹ ਜਿਸ ਹੋਂਦਵਾਦੀ ਸਥਿਤੀ ਵਿਚ ਫਸ ਚੁਕੀ ਹੈ, ਉਸ ਵਿਚੋਂ ਬਾਹਰ ਨਿਕਲਣ ਦਾ ਕੋਈ ਰਾਹ ਨਹੀਂ। ਭਾਨੋ ਦਾ ਪਿਤਾ ਉਸਨੂੰ ਆਪਣੇ ਪਾਸ ਰੱਖਣ ਦੇ ਖ਼ਤਰਿਆਂ ਦਾ ਮੁਕਾਬਲਾ ਕਰਨ ਦਾ ਸਾਹਸ ਨਹੀਂ ਕਰਦਾ। ਇਕੋ-ਇਕ ਗੱਭਰੂ ਪੁਤ ਦੀ ਮੌਤ ਅਤੇ ਆਰਥਿਕ ਮੰਦਵਾੜਿਆਂ ਨੇ ਉਸਦਾ ਮਨੋਬਲ ਚਕਨਾਚੂਰ ਕਰ ਦਿੱਤਾ ਹੈ। ਉਹ ਦੋਬਾਰਾ ਭਾਨੋ ਨੂੰ ਕਿਸੇ ਹੋਰ ਪਾਸ ਵੇਚ ਕੇ ਚਾਰ ਪੈਸੇ ਵੀ ਪ੍ਰਾਪਤ ਕਰ ਲੈਣਾ ਚਾਹੁੰਦਾ ਹੈ ਅਤੇ ਆਪਣੀ ਜ਼ਿਮੇਂਵਾਰੀ ਤੋਂ ਵੀ ਸੁਰਖ਼ਰੂ ਹੋਣ ਦੀ ਕੋਸ਼ਿਸ਼ ਵਿਚ ਰਹਿੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਨੋ ਨੂੰ ਇਹਸਾਸ ਹੁੰਦਾ ਹੈ ਕਿ ਜੀਂਦੇ-ਜੀ ਉਹ ਪ੍ਰਚਲਿਤ ਅਤੇ ਪ੍ਰਵਾਨਿਤ ਮਰਯਾਦਾ ਨੂੰ ਪ੍ਰਾਪਤ ਨਹੀਂ ਕਰ ਸਕਦੀ। ਇਸ ਲਈ ਉਸਨੇ ਗੰਗਾ ਜਾਕੇ ਮਰਨ ਦਾ ਇਰਾਦਾ ਕਰ ਲਿਆ। ਪਿੰਡ ਵਿਚ ਜਾਂ ਨੇੜੇ-ਤੇੜੇ ਆਤਮਘਾਤ ਕਰਕੇ ਉਹ ਆਪਣੇ ਪਿਤਾ ਦੀ 'ਇਜ਼ਤ' ਨੂੰ ਵੱਟਾ ਨਹੀਂ ਲਾਉਣਾ ਚਾਹੁੰਦੀ ਸੀ। ਗੰਗਾ ਜਾ ਕੇ ਉਹ ਪਿੰਡ ਦੀਆਂ ਹੋਰ ਬੁੜ੍ਹੀਆਂ-ਕੁੜੀਆਂ ਤੋਂ ਵੱਖ ਹੋ ਗਈ। ਉਸ ਦਿਨ ਉਸਨੇ ਨਵੇਂ ਕੱਪੜੇ ਪਾਏ ਹੋਏ ਸਨ। ਸਰਵਣ ਦੀ ਮੌਤ ਤੋਂ ਬਾਅਦ ਇਹ ਪਹਿਲਾ ਮੌਕਾ ਸੀ ਕਿ ਉਸਨੇ ਨਵਾਂ ਕੱਪੜਾ ਅੰਗ ਲਾਇਆ ਹੋਵੇ। ਫੇਰ ਦੂਰ ਸਾਰੇ ਜਾ ਕੇ ਉਸਨੇ ਗੰਗਾ ਵਿਚ ਛਾਲ ਮਾਰ ਦਿੱਤੀ। 'ਨਰੈਣਾ' ਨਾਮ ਦਾ ਇਕ ਅਮਲੀ ਜਿਹਾ ਸਖਸ਼ ਕਿਧਰੇ ਇਹ ਸਭ ਕੁਝ ਦੇਖ ਰਿਹਾ ਸੀ। ਉਸਨੇ ਰੌਲਾ ਪਾ ਦਿੱਤਾ। ਦੋ ਮੁੰਡਿਆਂ ਨੇ ਡੁਬਕੀ ਮਾਰ ਕੇ ਭਾਨੋ ਨੂੰ ਕੱਢ ਲਿਆ। ਉਸੇ ਵੇਲੇ ਪੁਲਸ ਦਾ ਇਕ ਸਿਪਾਹੀ ਆ ਗਿਆ ਅਤੇ ਉਸਨੇ ਭਾਨੋ ਨੂੰ ਦਬਕੇ ਮਾਰਨੇ ਸ਼ੁਰੂ ਕਰ ਦਿਤੇ। ਨਰੈਣੇ ਨੂੰ ਮੌਕਾ ਮਿਲ ਗਿਆ। ਉਸਨੇ ਸਿਪਾਹੀ ਨੂੰ ਦੋ ਰੁਪਏ ਦਿੱਤੇ ਅਤੇ ਕਿਹਾ ਕਿ ਭਾਨੋ ਉਸਦੇ 'ਘਰੋਂ' ਹੈ। ਬਸ ਐਵੇਂ ਉਸਦਾ ਪੈਰ ਤਿਲ੍ਹਕ ਗਿਆ ਸੀ। ਸਿਪਾਹੀ ਅਤੇ ਆਲੇ-ਦੁਆਲੇ ਜੁੜੇ ਹੋਰ ਲੋਕ ਤਾਂ ਚਲੇ ਗਏ। ਭਾਨੋ ਅਤੇ ਨਰੈਣਾ ਇਕ ਦੂਜੇ ਦੇ ਰੂਬਰੂ ਖੜੇ ਰਹਿ ਗਏ। ਨਰੈਣੇ ਨੇ ਉਸਨੂੰ ਉਸਦੇ ਘਰ ਦਾ ਅਤਾ-ਪਤਾ ਪੁਛਿਆ ਤਾਂ ਉਸਦਾ ਰੋਣ ਨਿਕਲ ਗਿਆ। ਨਰੈਣਾ ਛੜਾ-ਛਾਂਟ ਆਦਮੀ ਸੀ। ਜਵਾਨੀ ਪਹਿਲੇ ਇਕ ਵਾਰ ਉਸਨੇ ਪੈਸੇ ਦੇਕੇ ਤੀਵੀਂ ਮੁੱਲ ਲਿਆਂਦੀ ਸੀ ਪਰ ਉਹ ਥੋੜੇ ਦਿਨਾਂ ਪਿਛੋਂ ਹੀ ਉਸਨੂੰ ਛੱਡ ਕੇ ਕਿਧਰੇ ਹੋਰ ਜਾ ਬੈਠੀ ਸੀ। ਹੁਣ ਉਹ ਅਧਖੜ ਸੀ। ਵਿਆਹ ਦੀ ਉਮਰ ਅਤੇ ਉਮੰਗ ਗੁਜ਼ਰ ਚੁਕੀ ਸੀ। ਪਰ ਤਾਂ ਵੀ ਉਸਨੇ ਫੈਸਲਾ ਕਰ ਲਿਆ ਕਿ ਉਹ ਭਾਨੋ ਨੂੰ ਆਪਣੀ ਪਤਨੀ ਬਣਾ ਕੇ ਰੱਖੇਗਾ। ਇਉਂ ਗੰਗਾ ਮਾਈ ਨੇ ਦੋਹਾਂ ਦੀਆਂ ਮੁਰਾਦਾਂ ਪੂਰੀਆਂ ਕਰ ਦਿੱਤੀਆਂ।

ਨਰੈਣਾ ਭਾਨੋ ਨੂੰ ਆਪਣੇ ਘਰ ਲੈ ਆਉਂਦਾ ਹੈ। ਭਾਨੋ ਨੂੰ ਵੀ ਇਹ ਇਹਸਾਸ ਹੈ ਕਿ ਨਰੈਣੇ ਦੇ ਘਰ, 'ਤੀਵੀਂ' ਦੇ ਰੂਪ ਵਿਚ, ਉਸਦਾ ਦੂਜਾ ਜਨਮ ਹੋਇਆ ਹੈ। ਹੁਣ ਉਹ ਮੁੱਲ ਦੀ ਤੀਵੀਂ ਨਹੀਂ ਰਹੀ। ਹੁਣ ਸ਼ਾਇਦ ਉਹ ਪਤਨੀ ਦੀ ਮਰਯਾਦਾ ਅਤੇ ਅਧਿਕਾਰ ਪ੍ਰਾਪਤ ਕਰ ਸਕਦੀ ਹੈ। ਇਸੇ ਲਈ ਉਹ 'ਪੁੰਨ ਦੀ ਵਿਆਹੀ ਤੀਵੀਂ' ਵਰਗਾ ਵਰਤੋਂ-ਵਿਹਾਰ ਕਰਦੀ ਹੈ। ਆਉਣ ਸਾਰ ਇਸ ਤਰ੍ਹਾਂ 'ਮਟਕ ਮਟਕ' ਕੰਮ ਕਰਨਾ ਸ਼ੁਰੂ ਕਰ ਦਿੰਦੀ ਹੈ 'ਜਿਮੇ 'ਪਿਉ ਦੀ ਸਹੇੜ ਦਾ ਘਰ ਹੋਵੇ।' ਚੁਲ੍ਹਾ-ਚੌਂਕਾ ਸੰਵਾਰ ਲੈਂਦੀ ਹੈ, ਭਾਂਡੇ-ਟੀਂਡੇ ਲਿਸ਼ਕਾ ਕੇ ਰੱਖਦੀ ਹੈ, ਚਰਖਾ ਕੱਤ ਕੱਤ ਸੂਤ ਜਮ੍ਹਾਂ ਕਰ ਲੈਂਦੀ ਹੈ। ਆਪਣੇ ਪਿਤਾ ਨਾਲ ਜੁੜੇ ਰਹਿਣ ਦੀ ਬਿਲਕੁਲ ਉਸੇ ਤਰ੍ਹਾਂ ਕੋਸ਼ਿਸ਼ ਕਰਦੀ ਹੈ, ਜਿਵੇਂ ਪਿੰਡ ਵਿਚ ਵਿਆਹੀਆਂ ਆਈਆਂ ਹੋਰ ਇਸਤ੍ਰੀਆਂ ਕਰਦੀਆਂ ਹਨ। ਪਰ ਉਹ ਭੁੱਲ ਜਾਂਦੀ ਹੈ ਕਿ ਇਨ੍ਹਾਂ ਹੋਰ ਇਸਤ੍ਰੀਆਂ ਦਾ ਵਿਆਹ ਘਰਾਣੇ-ਘਰ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸਤ੍ਰੀਆਂ ਵਾਂਗ ਪੂਰੇ ਰਸਮ-ਰਿਵਾਜ਼ਾਂ ਨਾਲ ਹੋਇਆ ਹੈ। ਉਹ ਭਾਨੋ ਵਾਂਗ ਵਿਕ ਕੇ/ ਘਰੋਂ ਨੱਠ ਕੇ ਨਹੀਂ ਆਈਆਂ ਹੋਈਆਂ। ਇਕ ਨਿਸ਼ਚਿਤ ਸਭਿਆਚਾਰਕ ਸੰਰਚਨਾ ਵਿਚ ਉਨ੍ਹਾਂ ਦਾ ਇਕ ਵਿਸ਼ੇਸ਼ ਸਥਾਨ ਹੈ। ਭਾਨੋ ਕਿਸੇ ਵੀ ਤਰ੍ਹਾਂ ਇਸ ਨਿਸ਼ਚਿਤ ਸਭਿਆਚਾਰਕ ਸੰਰਚਨਾ ਵਿਚ ਅਪਣਾਈ ਨਹੀਂ ਜਾ ਸਕਦੀ। ਨਰੈਣੇ ਨੂੰ ਇਸ ਸਥਿਤੀ ਦਾ ਪੂਰਾ-ਪੂਰਾ ਬੋਧ ਹੈ। ਉਹ, ਭਾਨੋ ਨੂੰ ਉਸਦੇ ਪਿਤਾ ਨਾਲ ਜੁੜਨ ਦੀ ਸਥਿਤੀ ਨੂੰ ਤਰਕ ਸੰਗਤ ਨਹੀਂ ਮੰਨਦਾ। ਇਸੇ ਲਈ ਉਹ ਭਾਨੋ ਨੂੰ ਕਹਿੰਦਾ ਹੈ :

> "ਤੈਨੂੰ ਅਜੇ ਵੀ ਬਾਪੂ ਦਾ ਹੇਜ ਮਰਦੈ ?... ਤੈਨੂੰ ਤਾਂ ਦੂਜੀ ਵਾਰੀ ਵੀ ਵੇਚਣ ਨੂੰ ਫਿਰਦਾ ਸੀ, ਅਜੇ ਤੂੰ ਆਖਦੀ ਐਂ ਦਿਲ ਦਾ ਨੀ ਮਾੜਾ।"

(ਪੰਨਾ 20)

ਪਰ ਭਾਨੋ ਆਪਣੀ ਇਸ ਹੋਂਦਵਾਦੀ ਸਥਿਤੀ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ। ਉਹ ਘਰ ਨੂੰ ਪਿੰਡ ਦੀਆਂ ਹੋਰ ਵਿਆਹੀਆਂ-ਵਰੀਆਂ ਇਸਤ੍ਰੀਆਂ ਦੇ ਘਰਾਂ ਵਾਂਗ 'ਜਾਇਜ਼-ਘਰ' ਬਣਾ ਦੇਣ ਦੇ ਆਹਰ ਵਿਚ ਹੈ; ਸਗੋਂ ਆਪਣੀ ਜਾਣੇ ਬਣਾ ਚੁਕੀ ਹੈ :

> ਹੱਟੀ ਵਰਗਾ ਲਿਪਿਆ ਪੋਚਿਆ ਘਰ।
> ਤਲੀ ਦਿੱਤਾ ਸੰਭਰਿਆ ਸੂਹਰਿਆ ਅੰਦਰ, ਭਾਵੇਂ ਭੁੰਜੇ ਪਾ ਕੇ ਖਾ ਲਓ।
> ਕਿਸੇ ਰਕਾਨ ਦੇ ਹੱਥਾਂ ਦਾ ਬਣਾਇਆ ਮੋਰਨੀਆਂ ਵਾਲਾ ਪੀੜ੍ਹਾ।
> ਪੀੜ੍ਹੇ ਵਿਚ ਚਿਣ ਕੇ ਰੱਖੇ ਲਿਸ਼ਕਦੇ ਭਾਂਡੇ।
> ਚਕਮਾ ਚੁਲ੍ਹਾ।
> ਚੁਲ੍ਹੇ ਉਤੇ ਰਿੱਝਦੇ ਸਾਗ ਵਿਚੋਂ ਉਠਦੀ ਚਿੱਟੀ ਭਾਫ਼।
> ਭਾਨੋ ਕੋਲ ਬੈਠੀ ਲਸਣ ਛਿਲ ਰਹੀ ਸੀ, ਸਾਗ ਵਿਚ ਪਾਉਣ ਲਈ।

(ਪੰਨਾ 24)

ਇਹ ਸਾਰੇ ਚਿੰਨ੍ਹ (Signifiers) ਇਕ ਪ੍ਰਵਾਨਿਤ ਅਤੇ ਪ੍ਰਮਾਣਿਕ ਘਰ ਦੀ ਅੱਕਾਸੀ ਕਰਦੇ ਹਨ। ਪਰ ਅਸਲ ਵਿਚ ਇਉਂ ਨਹੀਂ। ਘਰਾਣੇ-ਘਰਾਂ ਦੀਆਂ ਇਸਤ੍ਰੀਆਂ ਅਜੇ ਵੀ ਭਾਨੋ ਦੇ ਇਨ੍ਹਾਂ ਪ੍ਰਯਤਨਾਂ ਨੂੰ ਉਸਦੇ 'ਖੇਖਣ' ਜਾਂ 'ਚੋਚਲਿਆਂ' ਤੋਂ ਵਧ ਕੁਝ ਵੀ ਮੰਨਣ ਲਈ ਤਿਆਰ ਨਹੀਂ। ਦਿਆਲੋ ਅਤੇ ਬਚਨੀ ਅਜਿਹੀਆਂ ਘਰਾਣੇ-ਘਰਾਂ ਦੀਆਂ ਇਸਤ੍ਰੀਆਂ ਦੀ ਪ੍ਰਤਿਨਿਧਤਾ ਕਰਦੀਆਂ ਹਨ। ਆਪਣੀ ਸਥਿਤੀ ਨੂੰ ਸਪਸ਼ਟ ਕਰਦੀ ਹੋਈ ਬਚਨੀ, ਭਾਨੋ ਦੀ ਗੁਆਂਢਣ ਅਤੇ ਹਮਦਰਦ ਇਸਤ੍ਰੀ ਸੰਤੀ ਨੂੰ ਕਹਿੰਦੀ ਹੈ :

> ਤੈਨੂੰ ਬੇਬੇ ਸੰਤੀ ਕੀ ਦਸਾਂ ਮੈਂ 'ਕੇਰਾਂ ਕਪਾਹ ਚੁਗਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ, ਆਪਣੇ ਪੇਕੀਂ । ਨਮੇ ਪਿੰਡ ਦਾ ਨਾਈ ਕਿਤੇ ਉਧਰੋਂ ਲੰਘਿਆ । ਖੂਹ ਚਲਦਾ ਦੇਖ ਪਾਣੀ ਪੀਣ ਆ ਗਿਆ । ਕਿਸੇ ਦਾ ਨਾਤਾ ਕਰਵਾਉਂਦਾ ਫਿਰਦਾ ਸੀ, ਮੇਰੇ ਕੰਨੀਂ ਦੇਖ ਕੇ ਨਾਲ ਦੇ ਨੂੰ ਕਹਿਣ ਲੱਗਿਆ "ਬਖ਼ਤੌਰਿਆ, ਇਹੋ ਜਹੀ ਕੁੜੀ ਦਾ ਤਾਂ ਅਗਲੇ ਦੋ ਹਜ਼ਾਰ ਵੀ ਦੇਣਾ ਮੰਨ ਜਾਂਦੇ ਨੇ, ਪਰ ਉਸ ਦਾ ਪੰਜ ਸੌ ਤੋਂ ਇਕ ਪੈਸਾ ਵੀ ਵਧ ਅਗਲਿਆਂ ਨਹੀਂ ਦੇਣਾ ।" ਮੇਰੀ ਬੇਬੇ ਕਿਤੇ ਸੁਣਦੀ ਸੀ। ਓਦੋਂ ਈ ਬਘਿਆੜੀ ਆਂਗੂ ਪਈ–ਅਖੇ "ਰਾਜਾ ਜੀ ਸਾਡੀ ਕੁੜੀ ਕੰਨੀ ਨਾ ਉਂਗਲੀ ਕਰੋ । ਅਸੀਂ ਤਾਂ ਥੋਨੂੰ ਪਤਾ ਈ ਐ ਔਖੇ ਦਿਨਾਂ ਵਿਚ ਵੀ ਕੁੜੀਆਂ ਪੁੰਨ ਦੀਆਂ ਵਿਆਹੀਆਂ ਨੇ, ਹੁਣ ਤਾਂ ਰੱਬ ਨੇ ਘਾਟਾ ਈ ਕਾਸੇ ਦਾ ਨਹੀਂ ਰੱਖਿਆ ਹੋਇਆ ।"

"ਨਹੀਂ ਜਜਮਾਨਣੀ, ਥੋਡਾ ਕੀ ਲੇਖੈ, ਮੈਂ ਤਾਂ ਸਰਸਰੀ ਗੱਲ ਕੀਤੀ ਸੀ ।" ਉਹ ਬੋਲਿਆ ।

ਕੁੜੇ ਬਚਨੀ ਏਥੋਂ ਈ ਤਾਂ ਘਰਾਣੇ–ਬੇ ਘਰਾਣੇ ਪਰਖੇ ਜਾਂਦੇ ਨੇ ।

(ਪੰਨਾ 11)

ਭਾਨੋ, ਕੇਵਲ ਪਿੰਡ ਦੇ ਬਾਕੀ ਇਸਤ੍ਰੀ-ਮਰਦਾਂ ਲਈ ਹੀ 'ਬਾਹਰਲੀ ਜਾਂ ਗ਼ੈਰ ਨਹੀਂ । ਖ਼ੁਦ ਨਰੈਣਾ ਵੀ ਉਸਨੂੰ ਅਜਨਬੀ ਸਮਝਦਾ ਹੈ। ਉਸਨੂੰ ਉਸਦਾ ਵਿਵਹਾਰ, ਸ਼ਿਸ਼ਟਾਚਾਰ ਅਤੇ ਸੁਹਿਰਦਤਾ ਸਮਝ ਵਿਚ ਨਹੀਂ ਆਉਂਦੇ । ਰਾਤ ਨੂੰ ਕਈ ਵਾਰ ਉਹ ਉੱਠਦਾ ਤਾਂ ਭਾਨੋ ਜਾਗ ਰਹੀ ਹੁੰਦੀ । ਉਸ ਲਈ ਇਹ ਗੱਲ ਵੀ ਸੁਖਦ ਨਹੀਂ ਕਿ ਭਾਨੋ ਆਪਣੇ ਪਹਿਲੇ ਪਤੀ ਸਰਵਣ ਨੂੰ ਅਜੇ ਤੱਕ ਭੁੱਲੀ ਨਹੀਂ । ਗੱਲਾਂ-ਗੱਲਾਂ ਵਿਚ ਉਸਦਾ ਜ਼ਿਕਰ ਲੈ ਆਉਂਦੀ ਹੈ । ਕਈ ਵਾਰ ਤਾਂ ਇੰਜ ਲਗਦਾ ਜਿਵੇਂ ਉਹ ਆਪਣੀ ਜ਼ਿੰਦਗੀ ਸਰਵਣ ਲਈ ਹੀ ਜੀ ਰਹੀ ਹੋਵੇ । ਜਿਵੇਂ ਇਹ ਜ਼ਿੰਦਗੀ ਸਰਵਣ ਦਾ ਉਸ ਉਪਰ ਕੋਈ ਕਰਜ਼ਾ, ਰਿਣ ਹੋਵੇ, ਜਿਸ ਨੂੰ ਪੂਰਾ ਕਰਨਾ, ਮੋੜਨਾ ਉਹ ਆਪਣਾ ਪਰਮ ਕਰਤੱਵ ਸਮਝਦੀ ਹੋਵੇ । ਨਰੈਣਾ, ਸਰਵਣ ਦੀ ਯਾਦ ਨੂੰ, ਉਸ ਦੀਆਂ ਗੱਲਾਂ ਨੂੰ ਵੀ ਆਪਣਾ ਸ਼ਰੀਕ ਸਮਝਦਾ । ਸਰਵਣ ਨੂੰ ਯਾਦ ਕਰਦੀ ਭਾਨੋ ਨੂੰ ਖਿੱਝ-ਖਿੱਝ ਬੋਲਦਾ । ਆਪਣੇ ਸਾਹਮਣੇ ਉਸਦਾ ਨਾਮ ਤਕ ਲੈਣ ਉਤੇ ਪਾਬੰਦੀ ਲਗਾ ਦਿੰਦਾ । ਉਹ ਭਾਨੋ ਨੂੰ ਤਾਂ ਸਵੀਕਾਰ ਕਰਦਾ ਹੈ ਪਰ ਉਸ ਭਾਨੋ ਨਾਲ ਉਸਦੀ ਮੀਚਾ ਨਹੀਂ ਮਿਲਦੀ ਜੋ ਆਪਣੀ ਜ਼ਿੰਦਗੀ ਨੂੰ ਆਪਣੇ ਪਹਿਲੇ ਪਤੀ ਸਰਵਣ ਦੀ ਅਮਾਨਤ ਸਮਝਦੀ ਹੋਵੇ । ਇਕ ਵਾਰ ਤਾਂ ਉਹ ਸਪਸ਼ਟ ਸ਼ਬਦਾਂ ਵਿਚ ਭਾਨੋ ਨੂੰ ਉਸਦੇ ਸਾਹਮਣੇ ਸਰਵਣ ਦਾ ਨਾਮ ਨਾ ਲੈਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਤਾੜਨਾ ਕਰ ਦਿੰਦਾ ਹੈ :

"ਭਾਨੋ ?" ਨਰੈਣ ਨੇ ਆਕੜ ਕੇ ਕਿਹਾ ।

"ਹਾਂ ਜੀ ।" ਭਾਨੋ ਨੇ ਸਹਿਮ ਮਸਕੀਨ ਜਹੀ ਆਵਾਜ਼ ਵਿਚ ਕਿਹਾ ।

"ਤੂੰ ਸਰਵਣ ਦਾ ਨਉਂ ਨਾ ਲਿਆ ਕਰ ਮੇਰੇ ਸਾਮ੍ਹਣੇ ।"

"ਚੰਗਾ ।" ਆਖਦਿਆਂ ਭਾਨੋ ਨੇ ਦੀਵੇ ਉਤੇ ਫੂਕ ਮਾਰ ਦਿਤੀ ਤੇ ਟੋਂਹਦੀ ਟੋਂਹਦੀ ਹਨੇਰੇ ਵਿਚ ਹੀ ਆਪਣੇ ਮੰਜੇ ਉਤੇ ਆ ਟੇਢੀ ਹੋਈ ।

ਨਰੈਣਾ ਚਾਹੁੰਦਾ ਹੈ ਕਿ ਭਾਨੋ ਹੋਰ ਇਸਤ੍ਰੀਆਂ ਵਾਂਗ ਆਪਣੀ ਬੀਤੀ ਜ਼ਿੰਦਗੀ ਦੇ ਸੰਬੰਧਾਂ-ਸੁਪਨਿਆਂ ਨੂੰ ਭੁੱਲ ਜਾਵੇ । ਪਰ ਕਦੇ-ਕਦੇ ਅਚਾਨਕ, ਲੱਖ ਸਾਵਧਾਨੀ ਵਰਤਣ ਦੇ ਬਾਵਜੂਦ ਭਾਨੋ ਬੀਤੀ ਜ਼ਿੰਦਗੀ ਦਾ ਕੋਈ ਪ੍ਰਸੰਗ ਨਰੈਣੇ ਨਾਲ ਸਾਂਝਾ ਕਰ ਬੈਠਦੀ। ਇਹੀ ਕਾਰਣ ਸੀ ਕਿ ਨਰੈਣਾ ਉਸਦੀ ਸੇਵਾ ਅਤੇ ਸਦਭਾਵਨਾ ਦੇ ਬਾਵਜੂਦ ਉਸ ਉਪਰ ਪੂਰਾ ਅਤੇ ਪੱਕਾ ਵਿਸ਼ਵਾਸ ਨਹੀਂ ਸੀ ਕਰਦਾ । ਇਕ ਵਾਰ ਉਸਦਾ ਇਕ ਦੋਸਤ ਜਾਗਰ ਉਸਦੀ ਗ਼ੈਰਹਾਜ਼ਰੀ ਵਿਚ ਘਰ ਆ ਕੇ ਸ਼ਰਾਬ ਪੀਣ ਲੱਗ ਜਾਂਦਾ ਹੈ । ਭਾਨੋ ਉਸਨੂੰ ਚੁਬਾਰੇ ਵਿਚ ਜਾ ਕੇ ਬਹਿਣ ਲਈ ਆਖਦੀ ਹੈ । ਥੋੜ੍ਹੀ ਦੇਰ ਬਾਅਦ ਉਹ ਹੇਠਾਂ ਉੱਤਰ ਆਉਂਦਾ ਹੈ । ਜਦ ਭਾਨੋ ਉਸ ਨਾਲ ਖਿੜੇ ਮੱਥੇ ਨਹੀਂ ਬੋਲਦੀ ਤਾਂ ਉਹ ਸਰਵਣ ਦੀਆਂ ਗੱਲਾਂ ਛੇੜ ਲੈਂਦਾ ਹੈ–"ਭਾਬੀ ਸਰਵਣ ਵੀ ਮੇਰਾ ਆੜੀ ਸੀ । ਇਕ ਵਾਰ ਜਰਗ ਦੇ ਮੇਲੇ ਤੇ ਮੇਰੇ ਨਾਲ ਘੁਲਿਆ ਵੀ ਸੀ ।" ਸਰਵਣ ਦਾ ਨਾਮ ਸੁਣ ਕੇ ਭਾਨੋ ਗੁੱਸਾ ਭੁੱਲ ਜਾਂਦੀ ਹੈ । ਜਾਗਰ ਨੂੰ ਮੌਕਾ ਮਿਲ ਜਾਂਦਾ ਹੈ । ਉਹ ਉਸਦੀ ਬਾਂਹ ਫੜ ਕੇ ਕਹਿੰਦਾ ਹੈ–"ਤੂੰ ਤਾਂ ਲਹੂ ਪੀ ਲਿਆ ਮੇਰਾ, ਨਾ ਦਿਨੇ ਚੈਨ ਐ ਨਾ ਰਾਤ ਨੂੰ । ਦੋ ਮਹੀਨੇ ਹੋਗੇ ਗੇੜੇ ਕੱਢਦੇ ਨੂੰ, ਨਰੈਣ ਵੀ ਕੋਈ ਬੰਦੈ ਜੀਹਦੀ ਖਾਤਰ ਮੇਰੇ ਨਾਲ ਇਉਂ ਕਰਦੀ ਐਂ ।" (ਪੰਨਾ 33) ਜਾਗਰ ਦੇ ਇਹੋ ਜਹੇ ਇਰਾਦੇ ਦੇਖਕੇ ਭਾਨੋ ਉਸਦੀ ਪਕੜ ਤੋਂ ਛੁੱਟ ਜਾਂਦੀ ਹੈ ਅਤੇ ਗੁਆਂਢਣ ਬੇਬੇ ਸੰਤੀ ਦੇ ਘਰ ਜਾਂ ਪਨਾਹ ਲੈਂਦੀ ਹੈ । ਉਹ ਨਰੈਣੇ ਨੂੰ ਇਸ ਘਟਨਾ ਬਾਬਤ ਕੁਝ ਨਹੀਂ ਦੱਸਦੀ। ਪਰ ਜਾਗਰ ਆਪਣੇ ਹੀ ਡਰੋਂ ਨਰੈਣੇ ਨੂੰ ਇਹ ਘਟਨਾ ਆਪਣੇ ਰੰਗ ਵਿਚ ਸੁਣਾ ਦਿੰਦਾ ਹੈ । ਉਹ ਕਹਿੰਦਾ ਹੈ-"ਨਰੈਣੇ ਬਾਈ ਤੈਨੂੰ ਕੀ ਦੱਸਾਂ ਤੇਰੀ ਇਹ ਬਹੂ ਨੀ ਕੰਮ ਦੀ ।...ਤੈਨੂੰ ਕੀ ਦੱਸਾਂ ਬਾਈ ਸਿਆਂ, ਤੂੰ ਤਾਂ ਘਰ ਹੈ ਨੀ ਸੀ, ਆਖੇ ਜਾਗਰਾ ਰੋਟੀ ਖਾ ਕੇ ਜਾਈਂ ।" ਇਹ ਗੱਲ ਦੱਸ ਕੇ ਇਕ ਤਰ੍ਹਾਂ ਨਾਲ ਜਾਗਰ ਭਾਨੋ ਦੀ ਚਰਿਤ੍ਰਹੀਣਤਾ ਦਾ ਇਕ ਠੋਸ ਪ੍ਰਮਾਣ ਦੇ ਦਿੰਦਾ ਹੈ । ਨਰੈਣ, ਭਾਨੋ ਪ੍ਰਤੀ ਸ਼ੰਕਾਲੂ ਤਾਂ ਹੈ ਹੀ ਸੀ, ਉਹ ਜਾਗਰ ਦੀਆਂ ਗੱਲਾਂ ਵਿਚ ਆ ਜਾਂਦਾ ਹੈ ਅਤੇ ਘਰ ਜਾ ਕੇ ਭਾਨੋ ਨੂੰ ਬੁਰੀ ਤਰ੍ਹਾਂ ਕੁੱਟਣਾ ਸ਼ੁਰੂ ਕਰ ਦਿੰਦਾ ਹੈ। ਗੁਆਂਢਣ ਸੰਤੀ ਆ ਕੇ ਭਾਨੋ ਨੂੰ ਛੁਡਾਉਂਦੀ ਹੋਈ ਕਹਿੰਦੀ ਹੈ–"ਵੇ ਨਰੈਣ ਤੀਮੀਂ ਦਾ ਤੇ ਧਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਕੀ ਮਾਰਨਾ ਹੋਇਆ, ਜੀਹਨੇ ਅਗੋਂ ਹੱਥ ਈ ਨਾ ਚੱਕਣਾ ਹੋਇਆ। (ਪੰਨਾ 39)

ਦਿਆਲੋ ਦਾ ਦਿਉਰ ਜਾਗਰ ਵੀ ਇਕ ਛੋਟੇ ਕਿਸਾਨੀ ਪਰਿਵਾਰ ਵਿਚੋਂ ਹੈ। ਉਸਦੇ ਭਰਾ ਦਾ ਵਿਆਹ ਹੋਇਐ। ਭਰਾ-ਭਰਜਾਈ ਜ਼ਮੀਨ ਵੰਡਾ ਲੈਣ ਦੇ ਡਰੋਂ ਉਸਨੂੰ ਵਿਆਹੁਣ ਦੇ ਹੱਕ ਵਿਚ ਨਹੀਂ। ਦਿਆਲੋ, ਜਾਗਰ ਨੂੰ ਹਰ ਤਰ੍ਹਾਂ ਸੰਤੁਸ਼ਟ ਰੱਖਦੀ ਹੈ ਤਾਂ ਜੁ ਉਹ ਵਿਆਹ ਕਰਾਉਣ ਦਾ ਨਾਮ ਹੀ ਨਾ ਲਵੇ। ਜਾਗਰ ਉਸ ਨਾਲ ਪਰਚਿਆ ਵੀ ਰਹਿੰਦਾ ਹੈ ਪਰ ਭਾਨੋ ਨੂੰ ਦੇਖ ਲੈਣ ਬਅਦ ਉਹ ਸਦਾ ਉਸ ਨਾਲ ਜਿਨਸੀ ਸੰਬੰਧ ਜੋੜਨ ਦੀ ਤਾੜ ਵਿਚ ਰਹਿੰਦਾ ਹੈ। ਅਸਲ ਵਿਚ ਭਾਨੋ ਦੀ ਸਮਾਜਿਕ-ਸਭਿਆਚਾਰਕ ਸਥਿਤੀ ਹੀ ਜਾਗਰ ਅਤੇ ਉਸ ਵਰਗੇ ਹੋਰ ਛੜੇ ਗਭਰੂਆਂ ਨੂੰ ਉਕਸਾਉਂਦੀ ਰਹਿੰਦੀ ਹੈ। ਲਾਭੇ ਕਾ ਇੰਦਰ ਵੀ ਉਸਨੂੰ ਇਕ ਵਾਰ ਇਕੱਲੀ ਤੁਰੀ ਆਉਂਦੀ ਨੂੰ ਅੱਖ ਮਾਰਦਾ ਹੈ। ਹੋਰ ਤਾਂ ਹੋਰ, ਗੁਰਦੁਆਰੇ ਦਾ ਅਧਖੜ ਭਾਈ ਵੀ ਉਸਨੂੰ ਆਪਣੀ ਕਾਮਵਾਸਨਾ ਦਾ ਸ਼ਿਕਾਰ ਬਣਾਉਣਾ ਚਾਹੁੰਦਾ ਏ। ਜੇ ਭਾਨੋ ਇਹੋ ਜਹੀਆਂ ਸਥਿਤੀਆਂ ਦਾ ਸ਼ਿਕਾਰ ਨਹੀਂ ਬਣਦੀ ਤਾਂ ਉਹ ਇਨ੍ਹਾਂ ਦਰਪੇਸ਼ ਸਥਿਤੀਆਂ ਵਿਰੁੱਧ ਖੁੱਲ੍ਹ ਕੇ ਵਿਦ੍ਰੋਹ ਵੀ ਨਹੀਂ ਕਰਦੀ। ਪਿੰਡ ਵਿਚ ਰੌਲਾ ਨਹੀਂ ਪਾਉਂਦੀ; ਇਥੋਂ ਤਕ ਕਿ ਨਰੈਣੇ ਪਾਸ ਅਜਿਹੇ ਵਿਅਕਤੀਆਂ ਦੀ ਸ਼ਿਕਾਇਤ ਵੀ ਨਹੀਂ ਕਰਦੀ। "ਭਲਾ ਉਸ (ਨਰੈਣੇ) ਨੇ ਕੀ ਕਰ ਲੈਣਾ ਏ?'–ਸੋਚਕੇ ਚੁਪ ਕਰ ਜਾਂਦੀ ਹੈ। ਅਸਲ ਵਿਚ ਅੰਤਰਆਤਮੇ ਉਸਨੂੰ ਆਪਣੇ ਲੰਜੇ ਹੋਣ ਦਾ ਬੜਾ ਤੀਬਰ ਇਹਸਾਸ ਹੈ ਉਸਨੂੰ ਪੂਰਾ-ਪੂਰਾ ਬੋਧ ਹੈ ਕਿ ਪਿੰਡ ਦੀਆਂ ਹੋਰ ਘਰਾਣੇ-ਘਰਾਂ ਦੀਆਂ ਇਸਤ੍ਰੀਆਂ ਦੀ ਤੁਲਨਾ ਵਿਚ ਉਸਦਾ ਪੱਖ ਕਿਤੇ ਕਮਜ਼ੋਰ ਹੈ। ਪਰ ਤਾਂ ਵੀ ਉਹ ਹਰ ਛਿਣ ਇਕ ਇਹੋ ਜਹੀ ਮਰਯਾਦਾ-ਪ੍ਰਾਪਤ ਇਸਤ੍ਰੀ ਵਰਗਾ ਬਣਨ ਲਈ ਪ੍ਰਯਤਨਸ਼ੀਲ ਰਹਿੰਦੀ ਹੈ।

ਇਹੋ ਜਿਹਾ ਇਕ ਮੌਕਾ ਉਸਨੂੰ ਨਰੈਣੇ ਦੀ ਭੈਣ ਕਰਤਾਰੀ ਦੇ ਪਿੰਡ ਆਉਣ ਸਮੇਂ ਮਿਲਦਾ ਹੈ। ਕਰਤਾਰੀ ਯੂ. ਪੀ. ਵਿਚ ਵਿਆਹੀ ਹੋਈ ਹੈ। ਨਰੈਣਾ ਆਪਣੇ ਅਮਲੀ ਸੁਭਾ ਕਾਰਣ ਅਤੇ ਕੁਝ ਘਰ ਦੀ ਗਰੀਬੀ ਕਾਰਣ ਉਸਨੂੰ ਕਦੇ ਵੀ ਮਿਲਣ ਨਹੀਂ ਸੀ ਗਿਆ। ਆਪੋ ਵਿਚ ਚਿੱਠੀ-ਪੱਤਰ ਦਾ ਤਬਾਦਲਾ ਵੀ ਨਹੀਂ ਸੀ ਰਿਹਾ। ਪਰ ਇਕ ਦਿਨ ਅਚਾਨਕ ਕਰਤਾਰੀ ਆ ਜਾਂਦੀ ਹੈ ਅਤੇ ਨਰੈਣੇ-ਭਾਨੋ ਦੇ ਘਰ ਆਪਣੀ ਕੁੜੀ ਦਾ ਵਿਆਹ ਕਰਨ ਦੀ ਯੋਜਨਾ ਰੱਖਦੀ ਹੈ। ਭਾਨੋ ਬੜੀ ਖੁਸ਼ ਹੁੰਦੀ ਹੈ। ਆਪਣੇ-ਜਾਣੇ ਉਸਨੂੰ ਸਾਕਾਦਾਰੀ ਸਿਸਟਮ ਨਾਲ ਜੁੜਨ ਦਾ ਇਕ ਬੇਹੱਦ ਮਹੱਤਵ-ਪੂਰਣ ਅਵਸਰ ਮਿਲਦਾ ਹੈ। ਉਹ ਅਣਥਕ ਮਿਹਨਤ ਅਤੇ ਕਠਿਨ ਸਾਧਨਾਂ ਨਾਲ ਇਹ ਸਿੱਧ ਕਰ ਦੇਣਾ ਚਾਹੁੰਦੀ ਹੈ ਕਿ ਉਹ ਕੋਈ ਅਜਨਬੀ ਜਾਂ ਗ਼ੈਰ ਨਹੀਂ ਸਗੋਂ ਨਰੈਣੇ ਦੇ ਸਾਕੇਦਾਰੀ ਵਿਧਾਨ ਦੀ ਸਕੀ-ਸਹੋਦਰੀ ਹੈ। ਉਹ ਆਪਣੇ 'ਆਵਦੇ ਵਿਆਹ' ਦੇ ਅਰਮਾਨ ਵੀ ਕਰਤਾਰੀ ਦੀ ਕੁੜੀ ਦੇ ਵਿਆਹ ਵਿਚ ਪੂਰਿਆਂ ਕਰਦੀ ਹੈ। ਪਰ ਇਤਨੀ ਕਠਿਨ ਮਿਹਨਤ ਅਤੇ ਪੂਰਣ ਪ੍ਰਤੀਬੱਧਤਾਂ ਦੇ ਬਾਵਜੂਦ ਉਸਨੂੰ ਸਮਾਜਿਕ-ਸਭਿਆਚਾਰਕ ਮਰਯਾਦਾ ਪ੍ਰਾਪਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਹੁੰਦੀ। ਕਰਤਾਰੀ ਦੀਆਂ ਨਜ਼ਰਾਂ ਵਿਚ ਵੀ ਉਹ ਇਕ ਗ਼ੈਰ ਅਤੇ ਅਜਨਬੀ ਬਣੀ ਰਹਿੰਦੀ ਹੈ।

ਭਾਨੋ ਨੂੰ ਸਮਾਜਕ-ਸਭਿਆਚਾਰਕ ਮਾਨ-ਸਨਮਾਨ ਨਾ ਮਿਲ ਸਕਣ ਦਾ ਇਕ ਕਾਰਣ ਉਸਦਾ ਬਾਂਝ ਹੋਣਾ ਵੀ ਹੈ। ਉਸਨੂੰ ਆਪ, ਨਰੈਣੇ ਨੂੰ ਅਤੇ ਉਸਦੇ ਸ਼ੁਭ ਚਿੰਤਕਾਂ ਨੂੰ ਬਾਰ-ਬਾਰ ਇਹ ਇਹਸਾਸ ਤੰਗ ਕਰਦਾ ਹੈ। ਜੇ ਸਰਵਣ ਨਾਲ ਉਸਦੇ ਕਥਿਤ-ਵੈਵਾਹਿਕ-ਸੰਬੰਧਾਂ ਤੋਂ ਉਸਦੇ ਕੋਈ ਔਲਾਦ ਹੋ ਜਾਂਦੀ ਤਾਂ ਸ਼ਾਇਦ ਭਾਨੋ ਨੂੰ ਇਸ ਤਰ੍ਹਾਂ ਭਟਕਣਾ ਨਾ ਪੈਂਦਾ। ਇਸ ਤੋਂ ਬਾਅਦ ਨਰੈਣੇ ਦੇ ਘਰ ਆ ਜਾਣ ਉਪਰੰਤ ਵੀ ਉਸਦੀ ਇਹ ਬਾਂਝ-ਸਥਿਤੀ ਹਰ ਸਮੇਂ ਆੜੇ ਆਉਂਦੀ ਹੈ। ਨਰੈਣਾ ਉਸ ਨਾਲ ਮੇਲ ਦੇ ਮੁਢਲੇ ਦਿਨਾਂ ਵਿਚ ਆਪਣੀ ਚਿੱਟੀ ਦਾੜ੍ਹੀ ਉਤੇ ਹੱਥ ਫੇਰਕੇ ਕਹਿੰਦਾ ਹੈ ਕਿ ਇਹ ਧੌਲੇ ਤਾਂ ਐਵੇਂ ਅਮਲਾਂ ਕਾਰਣ ਆ ਗਏ ਹਨ, ਉਂਜ ਉਸਦੀ ਉਮਰ ਕੋਈ ਬਹੁਤੀ ਜ਼ਿਆਦਾ ਨਹੀਂ ਹੈ। ਅਸਲ ਵਿਚ ਉਹ ਆਪਣੇ ਪੁਰਸ਼ਤਵ ਦੀ ਗਵਾਹੀ ਦੇਣੀ ਚਾਹੁੰਦਾ ਹੈ। ਇਸੇ ਸਥਲ ਤੇ ਉਹ ਔਲਾਦ ਪ੍ਰਤੀ ਆਪਣੀ ਲਾਲਸਾ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ :

> "ਆਥਣੇ ਇਕ ਬਾਜੀਗਰਨੀ ਬਾਜੀਆਂ ਜਿਹੀਆਂ ਵੇਚਦੀ ਫਿਰਦੀ ਸੀ ਮਿੱਟੀ ਦੀਆਂ।"
>
> ',ਆਹੋ।"
>
> "ਤੂੰ ਲੈ ਲੈਣੀਆਂ ਸੀ।"
>
> "ਆਪਣੇ ਕੌਣ ਐ ਬਾਜੀਆਂ ਨਾਲ ਖੇਡਣ ਵਾਲਾ ?"
>
> "ਨਹੀਂ ਤਾਂ ਹੋ ਜੂ।"
>
> "ਭਾਨੋ...ਤੇਰਾ ਦਿਲ ਨਹੀਂ ਕਰਦਾ ਬਈ ਤੇਰਾ ਵੀ ਕੋਈ ਜੁਆਕ ਹੋਵੇ ?...ਰੱਬ ਸਭ ਲੋਟ ਕਰਦੂ, ਬਸ ਤੂੰ ਦਗਾ ਨਾ ਦੇਈਂ।"

(ਪੰਨਾ 22)

ਭਾਨੋ ਦੀ ਗੁਆਂਢਣ ਸੰਤੀ ਨੂੰ ਵੀ ਇਹ ਇਹਸਾਸ ਹੈ ਕਿ ਜਿਤਨੀ ਦੇਰ ਉਸਦੇ ਔਲਾਦ ਨਹੀਂ ਹੁੰਦੀ, ਉਤਨੀ ਦੇਰ ਤਕ ਨਰੈਣ ਦੇ ਘਰ ਉਸਦੀ ਜੜ੍ਹ ਨਹੀਂ ਲੱਗ ਸਕਦੀ। ਇਸੇ ਲਈ ਉਹ ਸਦਾ ਭਾਨੋ ਨੂੰ ਅਸੀਸਾਂ ਦਿੰਦੀ ਰਹਿੰਦੀ ਏ—"ਜੀਉਂਦੀ ਵਸਦੀ ਰਹੁ। ਰੱਬ ਤੈਨੂੰ ਇਕ ਜੀਅ ਦੇ ਦੇਵੇ। ਏਸ ਘਰ ਤੇਰੀ ਜੜ ਮੁਨਿਆਦ ਲੱਗ ਜਾਵੇ। ਫੇਰ ਇਹ ਜਿੱਧਰ ਮਰਜ਼ੀ ਧਕੇ ਖਾਂਦਾ ਫਿਰੇ। ਪੰਨਾ (25) ਖਰਬੂਜੇ ਵੇਚਣ ਵਾਲੀ ਸੈਰਾਂ-ਅਰੈਣ ਆਉਂਦੀ ਹੈ ਤਾਂ ਉਹ ਭਾਨੋ ਨੂੰ ਦਾਣਿਆਂ ਬਰਾਬਰ ਖਰਬੂਜੇ ਤੋਲ ਕੇ ਇਕ ਚਿਬੜੀ ਹੋਰ ਉਸਦੇ ਪੱਲੇ ਵਿਚ ਪਾ ਦਿੰਦੀ ਹੈ। ਜਾਗਰ ਉਸ ਨੂੰ ਇਕੱਲੀ-ਨੂੰ ਖੂਹ ਤੇ ਘੇਰ ਲੈਂਦਾ ਹੈ ਤਾਂ ਉਸਦਾ ਮਨੋਬਲ ਤੋੜਨ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸਨੂੰ ਧੀਆਂ-ਪੁੱਤਾਂ ਦੀ ਮਾਂ ਬਣਨ ਲਈ ਪ੍ਰੇਰਦਾ ਹੈ। ਹੋਰ ਤਾਂ ਹੋਰ ਗੁਰਦੁਆਰੇ ਦਾ ਅਧਖੜ ਗ੍ਰੰਥੀ ਵੀ ਇਹ ਕਹਿਕੇ ਉਸਦੀ ਬਾਂਹ ਫੜ ਲੈਂਦਾ ਹੈ ਕਿ ਕੋਤਰ ਸੌ ਵਾਰੀ ਬਾਣੀ ਦਾ ਪਾਠ ਕੀਤਿਆਂ ਉਸਦੇ ਔਲਾਦ ਹੋ ਜਾਵੇਗੀ।

ਨਰੈਣ ਦੁਆਰਾ ਔਲਾਦ ਹੋਣ ਦੇ ਮਾਮਲੇ ਵਿਚ ਜਾਂ ਨਰੈਣ ਲਈ ਔਲਾਦ ਪੈਦਾ ਕਰਨ ਦੇ ਮਾਮਲੇ ਵਿਚ ਭਾਨੋ ਪੂਰੀ ਤਰ੍ਹਾਂ ਤਟਸਥ ਹੈ। ਜਦ ਨਰੈਣ ਉਸਨੂੰ ਪੁਛਦਾ ਹੈ ਕਿ ਕੀ ਉਸਨੂੰ ਔਲਾਦ ਨਹੀਂ ਚਾਹੀਦੀ ਤਾਂ ਉਹ ਜਵਾਬ ਦਿੰਦੀ ਹੈ, "ਤੇਰਾ ਜੀ ਕਰਦੈ ਤਾਂ ਰੱਬ ਕਰੇ ਜ਼ਰੂਰ ਹੋ ਜੇ।" (ਪੰਨਾ 22) ਸੰਤੀ ਦੀਆਂ ਅਸੀਸਾਂ ਦੇ ਉੱਤਰ ਵਿਚ ਵੀ ਉਲਾਦ ਪ੍ਰਤੀ ਬਹੁਤੀ ਖਿੱਚ ਦਾ ਪ੍ਰਦਰਸ਼ਨ ਨਹੀਂ ਕਰਦੀ। ਉਸਨੂੰ ਨਰੈਣ ਦੇ ਪੁੰਸਕਤਵ ਉਪਰ ਰਤਾ ਵੀ ਵਿਸ਼ਵਾਸ ਨਹੀਂ। ਸੰਤੀ ਨੂੰ ਕਹਿੰਦੀ ਹੈ। "ਕਿਥੇ ਬੇਬੇ ਬੈਠ ਕੇ ਉੱਠ ਨਹੀਂ ਹੁੰਦਾ ਤੇਰੇ ਅਮਲੀ ਤੋਂ ?" (ਪੰਨਾ 48) ਜਾਗਰ ਅਤੇ ਗੁਰਦੁਆਰੇ ਦਾ ਅਧਖੜ ਗ੍ਰੰਥੀ ਵੀ ਜਦ ਔਲਾਦ ਦਾ ਲਾਲਚ ਦੇ ਕੇ ਉਸਨੂੰ ਯੋਨ-ਸੰਬੰਧਾਂ ਲਈ ਪ੍ਰੇਰਦੇ ਹਨ ਤਾਂ ਉਹ ਤਤਸਥ ਬਣੀ ਰਹਿੰਦੀ ਹੈ। ਸਰਵਣ ਨਾਲ ਵੈਵਾਹਿਕ ਦਿਨਾਂ ਸਮੇਂ ਉਸਦੇ ਮਨ ਵਿਚ ਕਾਮਨਾ ਸੀ ਕਿ ਉਸਦੇ ਔਲਾਦ ਹੋਵੇ। ਉਸਦੇ ਮਰਨ ਉਪਰੰਤ ਇਹ ਕਾਮਨਾ ਹਸਰਤ ਵਿਚ ਬਦਲ ਗਈ। ਉਹ ਸੋਚਦੀ ਸੀ ਕਿ ਜੇ ਕਰ ਸਰਵਣ ਤੋਂ ਉਸਦੇ ਕੋਈ ਔਲਾਦ ਹੁੰਦੀ ਤਾਂ ਉਸ ਔਲਾਦ ਨੂੰ ਹੀ ਸਰਵਣ ਦੀ ਨਿਸ਼ਾਨੀ ਸਮਝ ਕੇ ਉਹ ਜ਼ਿੰਦਗੀ ਦੇ ਬਾਕੀ ਦਿਨ ਪੂਰੇ ਕਰ ਲੈਂਦੀ। ਪਰ ਸਰਵਣ ਦੀ ਮੌਤ ਉਪਰੰਤ ਉਸਨੂੰ ਔਲਾਦ ਦਾ ਕਦੀ ਖ਼ਿਆਲ ਨਹੀਂ ਆਇਆ। ਉਹ ਆਪਣੇ ਸਰੀਰ ਨੂੰ ਕਿਸੇ 'ਦੂਜੇ' ਦੀਆਂ ਇੱਛਾਵਾਂ ਦੀ ਪੂਰਤੀ ਦੇ ਮਾਧਿਅਮ ਵਜੋਂ ਨਹੀਂ ਸੀ ਵਰਤਣਾ ਚਾਹੁੰਦੀ। ਨਰੈਣ, ਜਾਗਰ ਆਦਿ ਆਦਮੀ 'ਦੂਜਰੇ' ਹੀ ਸਨ, ਜਿਨ੍ਹਾਂ ਲਈ ਔਲਾਦ ਪੈਦਾ ਕਰਨੋਂ ਭਾਨੋ ਇਕ ਤਰ੍ਹਾਂ ਨਾਲ ਮੁਨਕਿਰ ਹੀ ਬਣੀ ਰਹੀ।

ਪਰ ਨਰੈਣ ਦੀ ਭੈਣ ਕਰਤਾਰੀ ਆਪਣੇ ਭਰਾ ਦੇ ਨਾਮ ਨੂੰ ਗਤੀਸ਼ੀਲ ਵੇਖਣਾ ਚਾਹੁੰਦੀ ਹੈ। ਉਹ ਨਹੀਂ ਚਾਹੁੰਦੀ ਕਿ ਉਸਦੇ ਭਰਾ ਦਾ ਭਰਿਆ-ਭਕੁੰਨਿਆ ਘਰ, ਜੋ ਭਾਵੇਂ ਭਾਨੋ ਦੀ ਸਖ਼ਤ ਮਿਹਨਤ ਦਾ ਹੀ ਪਰਿਣਾਮ ਹੈ, ਔਲਾਦ ਖੁਣੋਂ ਕਿਸੇ ਗ਼ੈਰ ਦੇ ਹੱਥਾਂ ਵਿਚ ਚਲਿਆ ਜਾਵੇ। ਉਸ ਲਈ ਭਾਨੋ ਉਤਨੀ ਦੇਰ ਤਕ ਅਰਥਹੀਣ ਹੈ, ਜਿਤਨੀ ਦੇਰ ਤਕ ਉਹ ਪੁਨਰ ਸਿਰਜਣਾ ਦੇ ਅਮਲ ਵਿਚੋਂ ਗੁਜ਼ਰ ਕੇ ਨਰੈਣੇ ਦੇ ਘਰ ਲਈ ਔਲਾਦ ਨਹੀਂ ਜੰਮ ਕੇ ਦਿੰਦੀ। ਭਾਨੋ ਲੱਖ ਉਸਦੇ ਵਿਆਹ ਦਾ ਚਾਅ ਕਰਦੀ ਹੈ, ਵਿਆਹ ਸਮੇਂ ਅਣਥੱਕ ਮਿਹਨਤ ਕਰਕੇ ਇਸ ਵਿਚ ਕਿਸੇ ਤਰ੍ਹਾਂ ਦੀ ਕੋਈ ਘਾਟ ਨਹੀਂ ਰਹਿਣ ਦਿੰਦੀ ਪਰ ਕਰਤਾਰੀ ਉਸਨੂੰ 'ਆਪਣਾ' ਨਹੀਂ ਸਮਝਦੀ। ਵਿਆਹ ਦੇ ਦਿਨਾਂ ਵਿਚ ਹੀ, ਜਦ ਕਿ ਸਾਧਾਰਣ ਤੌਰ ਤੇ ਉਸਨੂੰ ਭਾਨੋ ਦਾ ਕ੍ਰਿਤੱਗ ਹੋਣਾ ਚਾਹੀਦਾ ਸੀ ਉਹ ਨਰੈਣੇ ਲਈ ਇਕ ਹੋਰ ਔਰਤ ਦਾ ਪ੍ਰਬੰਧ ਕਰ ਦਿੰਦੀ ਹੈ। ਇਹ ਕਰਤਾਰੀ ਦੇ ਜੇਠ ਦੀ ਸਾਲੀ ਹੈ ਜਿਸਨੂੰ ਉਸਦੇ ਪਤੀ ਨੇ ਵਿਆਹ ਦੇ ਸੱਤਵੇਂ ਮਹੀਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਹੀ ਇਕ ਸਾਬਤ-ਸਬੂਤ ਪਰ ਹਰਾਮੀ ਮੁੰਡਾ ਜੰਮਣ ਕਾਰਣ ਛੱਡਿਆ ਹੋਇਆ ਹੈ। ਸਾਧਾਰਣ ਸਥਿਤੀ ਵਿਚ ਭਾਵੇਂ ਅਜਿਹੀ ਔਰਤ ਨੂੰ ਬਦਕਾਰ ਗਿਣਿਆ ਜਾਂਦਾ ਪਰ ਨਰੈਣ ਦੀ ਸਥਿਤੀ ਵਿਚ ਇਹ ਔਰਤ ਮੁੱਲਵਾਨ ਹੈ ਕਿਉਂਕਿ ਉਸਦੀ ਉਤਪਾਦਕ ਸ਼ਕਤੀ ਸਿੱਧ ਹੋ ਚੁਕੀ ਹੈ। ਇਸ ਤਰ੍ਹਾਂ ਧੀ ਦਾ ਵਿਆਹ ਕਰਨ ਆਈ ਕਰਤਾਰੋ ਨਰੈਣੇ ਨੂੰ ਇਸ ਔਰਤ ਨੂੰ ਘਰ ਪਾਉਣ ਲਈ ਮਨਾ ਲੈਂਦੀ ਹੈ।

ਨਰੈਣਾ ਇਸ ਦੂਜੀ ਔਰਤ ਨੂੰ ਘਰੇ ਲੈ ਆਉਣ ਲਈ ਰਜ਼ਾਮੰਦ ਤਾਂ ਹੈ ਪਰ ਉਹ ਭਾਨੋ ਸਾਹਮਣੇ ਸ਼ਰਮਿੰਦਾ ਹੈ। ਉਹ ਉਸਨੂੰ ਬਹੁਤ ਦਿਨਾਂ ਤਕ ਕਰਤਾਰੀ ਨਾਲ ਪੱਕੇ ਹੋ ਚੁਕੇ ਇਸ 'ਸੌਦੇ' ਬਾਰੇ ਕੁਝ ਨਹੀਂ ਦੱਸਦਾ। ਭਾਨੋ ਨੂੰ ਇਸ ਸੰਬੰਧੀ ਪ੍ਰਥਮ-ਸੂਚਨਾ ਉਸਦੀ ਹਮਦਰਦ ਗੁਆਂਢਣ ਸੰਤੀ ਤੋਂ ਹੀ ਮਿਲਦੀ ਹੈ। ਇਹ ਖ਼ਬਰ ਸੁਣਦੇ ਸਾਰ ਭਾਨੋ 'ਡੌਰ ਭੌਰ' ਹੋ ਜਾਂਦੀ ਹੈ, ਉਹ ਆਪਣੀ ਉਸ ਹੋਂਦ ਪ੍ਰਤੀ ਵਿਰਕਤ ਹੋ ਜਾਂਦੀ ਹੈ, ਜੋ ਉਸਨੇ ਦੂਜਿਆਂ ਲਈ ਸਮਰਪਿਤ ਕਰ ਰੱਖੀ ਸੀ। ਉਸਨੇ ਆਪਣੀ ਹੋਂਦ ਦੀ ਸਾਰਥਿਕਤਾ ਹੀ ਇਹ ਮੰਨੀ ਹੋਈ ਸੀ ਕਿ ਇਹ ਦੂਜਿਆਂ ਦੇ ਕੰਮ ਆਉਂਦੀ ਹੈ। ਉਹ ਨਾ ਕੇਵਲ ਨਰੈਣੇ ਤੇ ਬਲਕਿ ਉਸਦੇ ਸਾਰੇ ਆਂਢੀਆਂ-ਗੁਆਂਢੀਆਂ ਅਤੇ ਪਿੰਡ ਵਾਸੀਆਂ ਦੇ ਕੰਮ ਆਉਂਦੀ ਰਹੀ। ਪਰ ਇਸ ਨਵੀਂ ਸਥਿਤੀ ਦੇ ਦਰਪੇਸ਼ ਆਉਣ ਨਾਲ, ਉਸਨੂੰ ਇਹਸਾਸ ਹੋਇਆ ਹੈ ਕਿ ਦੂਜਿਆਂ ਦੇ ਕੰਮ ਆਕੇ ਖ਼ੁਸ਼ੀ ਪ੍ਰਾਪਤ ਕਰਨ ਦੀ ਤਮੰਨਾ/ਵਿਸ਼ਵਾਸ, ਥੋਥਾ ਅਤੇ ਬਣਾਉਟੀ ਹੈ। ਸਿੱਟੇ ਵਜੋਂ ਦੈਨਿਕ ਕਾਰ ਵਿਹਾਰ ਵਿਚ ਉਸਦੀ ਕੋਈ ਰੁਚੀ ਨਹੀਂ ਰਹਿੰਦੀ। ਸਵੇਰੇ ਉੱਠਕੇ ਦੁੱਧ ਰਿੜਕਣਾ, ਚਾਹ ਧਰਨੀ, ਧਾਰ ਕੱਢਣੀ, ਮੱਝ ਲਈ ਪੱਠੇ ਦੱਥੇ ਦਾ ਪ੍ਰਬੰਧ ਕਰਨਾ ਇਹ ਸਭ ਕੰਮ ਉਸਨੂੰ ਫਜ਼ੂਲ ਲੱਗਣ ਲੱਗਦੇ ਹਨ। ਉਹ ਹੁਣ ਹਰ ਕੰਮ ਸਥਗਿਤ (Postpon) ਕਰ ਦੇਣਾ ਚਾਹੁੰਦੀ ਹੈ। ਪਿੰਡ ਵਿਚ ਗੱਡੀਆਂ ਵਾਲੀ ਤੱਕਲੇ, ਸੂਈਆਂ, ਖੁਰਚਣੇ ਵੇਚਣ ਆਉਂਦੀ ਹੈ ਤਾਂ ਉਹ ਕਹਿੰਦੀ ਹੈ ਕਿ ਅਗਲੀ ਵਾਰ ਜਦੋਂ ਉਹ ਆਏਗੀ, ਫਿਰ ਲਵਾਂਗੀ। ਮਨਿਆਰ ਚੂੜੀਆਂ ਵੇਚਣ ਆਉਂਦਾ ਹੈ ਤਾਂ ਇਹ ਕਹਿਕੇ ਸੌਦਾ ਲੈਣੋਂ ਇਨਕਾਰ ਕਰ ਦੇਂਦੀ ਹੈ, "ਚਲ ਰਹਿਣ ਦੇ ਵੇ ਭਾਈ ਜੀਉਂਦੇ ਰਹੇ ਤਾਂ ਕਦੇ ਫੇਰ ਦੇਖੀ ਜਾਊ।" (ਪੰਨਾ 78)

ਜਦੋਂ ਭਾਨੋ ਇਹੋ ਜਹੀ ਦੁਬਿਧਾ ਮੂਲਕ ਸਥਿਤੀ ਵਿਚੋਂ ਗੁਜ਼ਰ ਰਹੀ ਹੁੰਦੀ ਹੈ ਤਾਂ ਇਕ ਦਿਨ ਹੌਂਸਲਾ ਕਰਕੇ ਨਰੈਣਾ ਉਸਨੂੰ ਹਰੀਏ ਨਾਲ ਹੋਏ ਸੌਦੇ ਬਾਰੇ ਦੱਸ ਦਿੰਦਾ ਹੈ :

> "ਭਾਨੋ ?...ਆਪਣੀ ਬੀਬੋ ਦੇ ਵਿਆਹ 'ਚ ਹਰੀਆ ਆਇਆ ਸੀ ਨਾ ।...ਉਸ ਦੀ ਇਕ ਸਾਲੀ ਐ। ਦੇਖੋ ਨਾ ਭਾਨੋ ਰੱਬ ਨੂੰ ਜਾਨ ਦੇਣੀ ਐ, ਭਾਮੇ ਤੂੰ ਮੇਰੇ ਕੋਲੋਂ ਗੰਗਾਜਲੀ ਚਕਾ ਲੈ ਮੈਂ ਤੈਨੂੰ ਨੀ ਸਾਰੀ ਉਮਰ ਪਿੱਠ ਦੇਣੀ। ਦੇਖੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ, ਘਰ ਦੀ ਮੁਖਤਿਆਰਨ ਤੂੰ ਹੀ ਰਹੇਂਗੀ ਭਾਮੇਂ ਗੂਠਾ ਲਵਾ ਲੈ। ਦੇਖੇਂ ਨਾ ਭਾਨੋ ਆਪਾਂ ਨੂੰ ਬੁੜ੍ਹੇ ਹੋਇਆਂ ਨੂੰ ਕੋਈ ਪਾਣੀ ਦੇਣ ਵਾਲਾ ਵੀ ਤਾਂ ਚਾਹੀਦੈ ਬੱਸ ਇਕ ਜੁਆਕ ਦੀ ਖ਼ਾਤਰ ਐ ਸਭ ਕੁਸ਼। ਮੈਂ ਉਸ ਨੂੰ ਸਾਫ਼ ਆਖ 'ਤਾ ਸੀ ਬਈ ਜੇ ਭਾਨੋ ਮੰਨੂਗੀ ਤਾਂ ਐਂ।...ਭਾਨੋ ਮੈਂ ਤਾਂ ਉਮਰ ਜੀ ਲੰਘਾ ਲੀ ਸੀ। ਤੈਂ ਆਪ ਈ ਆ ਕੇ ਏਹ ਸਹੁਰੇ ਮੋਹ ਜੇ ਜਗਾ 'ਤੇ।...ਦੇਖ ਨਾ ਭਾਨੋ ਜੇ ਇਕ ਜੁਆਕ ਹੋ ਜਾਂਦਾ ਬਸ ਨਉਂ ਰਹਿ ਜਾਂਦਾ ਆਪਣਾ ਫੇਰ ਨੀ ਸੀ ਕਦੇ ਮੈਂ ਇਹ ਗੱਲ ਸੋਚਣੀ।" (ਪੰਨੇ 84-85)

ਇਸ ਸਾਰੀ ਵਾਰਤਾਲਾਪ ਵਿਚ ਨਰੈਣਾ ਕਈ ਵਾਰ ਉਸ ਤੋਂ ਹੁੰਗਾਰੇ ਦੀ ਮੰਗ ਕਰਦਾ ਹੈ ਪਰ ਉਹ ਕੋਈ ਜਵਾਬ ਨਹੀਂ ਦਿੰਦੀ। ਉਸ ਤੋਂ ਕੋਈ ਜਵਾਬ ਦੇ ਨਹੀਂ ਹੁੰਦਾ। ਹੁਣ ਉਹ ਆਪਣਾ ਕੰਮ ਧੰਦਾ, ਆਪਣੀ ਜ਼ਿੰਦਗੀ ਸਬਂਧਿਤ ਵੀ ਨਹੀਂ ਕਰ ਸਕਦੀ। ਉਹ ਅਚਾਨਕ ਸੁਤੰਤਰ ਹੋ ਜਾਂਦੀ ਹੈ ਅਤੇ ਫਿਕਰਮੰਦ ਵੀ ਕਿਉਂਕਿ ਸੁਤੰਤਰਤਾ ਅਤੇ ਫਿਕਰ ਸਦਾ ਇਕੱਠੇ ਰਹਿੰਦੇ ਹਨ। ਉਸਨੂੰ ਇਸ ਤਰ੍ਹਾਂ ਭੁਲੇਖੇ ਪੈਂਦੇ ਹਨ ਜਿਵੇਂ ਉਸਦੀ ਮਾਂ ਉਸਨੂੰ ਆਵਾਜ਼ਾਂ ਦੇ ਰਹੀ ਹੋਵੇ। ਉਸਨੇ ਸੰਤੀ ਤੋਂ ਇਕ ਵਾਰ ਰੁਪਇਆ ਉਧਾਰ ਲਿਆ ਸੀ, ਉਹ ਉਸਦਾ ਉਧਾਰ ਵਾਪਸ ਕਰਕੇ ਨਰੈਣੇ ਤੋਂ ਇਕ ਤਰ੍ਹਾਂ ਨਾਲ ਸਾਰੇ ਸੰਬੰਧ ਤੋੜ ਲੈਂਦੀ ਹੈ। ਕਿਉਂਕਿ ਸੰਤੀ ਨਾਲ ਉਸਦੀ ਜਾਣ ਪਹਿਚਾਣ ਦਾ ਆਧਾਰ ਨਰੈਣਾ ਹੀ ਤਾਂ ਸੀ। ਇਸੇ ਸਮੇਂ ਇਕ ਭਿਆਨਕ ਹਨੇਰੀ ਆਉਂਦੀ ਹੈ ਅਤੇ ਭਾਨੋ ਕੋਠੇ ਤੋਂ ਹੇਠਾਂ ਡਿੱਗ ਪੈਂਦੀ ਹੈ। ਤਕੜੀ ਸੱਟ ਲੱਗ ਜਾਣ ਦੇ ਬਾਵਜੂਦ ਉਹ ਉਭਾਸਰਦੀ ਨਹੀਂ ਸਗੋਂ ਚੁਪ ਚਾਪ ਇਲਾਜ ਕਰ ਰਹੇ ਡਾਕਟਰ ਅਤੇ ਤੀਮਾਰਦਾਰੀ ਕਰ ਰਹੇ ਗੁਆਂਢੀਆਂ ਵਲ ਦੇਖਦੀ ਰਹਿੰਦੀ ਹੈ। ਉਸਨੇ ਦੂਜਿਆਂ ਲਈ ਜਿਉਣਾ ਬੰਦ ਕਰ ਦਿਤਾ ਹੈ; ਇਸੇ ਲਈ ਉਸ਼ਨੇ ਦੂਜਿਆਂ ਨਾਲ ਸੰਵਾਦ ਦੇ ਦੁਆਰ ਵੀ ਬੰਦ ਕਰ ਲਏ ਹਨ। ਇਸਤੋਂ ਉਪਰੰਤ ਉਸਦੀ ਗੱਲਬਾਤ ਕੇਵਲ ਉਸਦੇ ਆਪਣੇ ਆਪੇ ਨੂੰ ਹੀ ਸੰਬੋਧਿਤ ਹੈ। ਇਸ ਗੱਲਬਾਤ ਨੂੰ ਆਂਤਰਿਕ ਵਿਕਵਚਨੀ ਵੀ ਕਹਿ ਸਕਦੇ ਹਾਂ।

ਨਰੈਣਾ, ਜ਼ਖਮੀ ਭਾਨੋ ਨੂੰ ਹਸਪਤਾਲ ਵਿਚ ਦਾਖਲ ਕਰਵਾ ਦਿੰਦਾ ਹੈ। ਡੇਢ-ਮਹੀਨਾ ਭਾਨੋ ਸ਼ਹਿਰ ਦੇ ਹਸਪਤਾਲ ਵਿਚ ਦਾਖਲ ਰਹਿੰਦੀ ਹੈ। ਨਰੈਣਾ ਉਸ ਲਈ ਦੁਧ-ਚਾਹ ਲੈ ਕੇ ਹਸਪਤਾਲ ਪਹੁੰਚਦਾ ਰਹਿੰਦਾ ਹੈ। ਭਾਨੋ ਉਸਨੂੰ ਕਹਿੰਦੀ ਹੈ, "ਤੂੰ ਜੀ ਰੋਜ਼ ਨਾ ਖੇਚਲ ਕਰਿਆ ਕਰ। ਮੈਂ ਕਿਸੇ ਹੱਥ ਦੁਕਾਨ ਤੋਂ ਈ ਚਾਹ-ਚੂਹ ਮੰਗਾ ਲੂੰ।" ਭਾਨੋ ਉਸ ਨੂੰ ਇਹ ਵੀ ਪੁੱਛਦੀ ਹੈ ਕਿ ਉਹ ਰੋਟੀ ਪਕਾਉਂਦਾ ਔਖਾ ਹੁੰਦਾ ਹੋਵੇਗਾ ਪਰ ਉਹ 'ਮਲਵੀਂ ਜਹੀ' ਜੀਭ ਨਾਲ ਨਾਂਹ ਕਹਿ ਕੇ ਪਿੰਡ ਨੂੰ ਚਲਾ ਜਾਂਦਾ ਹੈ। ਅਸਲ ਵਿਚ ਭਾਨੋ ਦੇ ਹਸਪਤਾਲ ਵਿਚ ਰਹਿੰਦਿਆਂ ਹੀ ਨਰੈਣਾ, ਹਰੀਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਸਾਲੀ ਭਾਗਵੰਤੀ ਨੂੰ ਲੈ ਆਇਆ ਹੈ ਅਤੇ ਉਜੜਦਾ ਘਰ ਵੱਸਦਾ ਰੱਸਦਾ ਹੋ ਗਿਆ ਹੈ। ਇਕ ਦਿਨ ਸੰਤੀ ਵੀ ਭਾਨੋ ਦਾ ਪਤਾ ਲੈਣ ਹਸਪਤਾਲ ਵਿਚ ਆਉਂਦੀ ਹੈ। ਭਾਨੋ ਨੂੰ ਲੱਗਦਾ ਹੈ ਜਿਵੇਂ ਉਹ ਕੁਝ ਕਹਿੰਦੀ ਕਹਿੰਦੀ ਝਿਜਕ ਰਹੀ ਹੋਵੇ।

ਆਖਰ ਭਾਨੋ ਨੂੰ ਇਸ ਨਵੀਂ ਹੋਂਦਵਾਦੀ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਘਰ ਵਾਪਸ ਆ ਜਾਂਦੀ ਹੈ। ਉਹ ਇਸ ਨਵੀਂ ਸਥਿਤੀ ਨੂੰ ਸ੍ਵੈ-ਚੋਣ ਵਜੋਂ ਪ੍ਰਵਾਨ ਕਰ ਲੈਂਦੀ ਹੈ। ਉਹ ਦੇਖਦੀ ਹੈ ਕਿ ਭਾਗਵੰਤੀ ਪੂਰੇ ਅਧਿਕਾਰ ਨਾਲ ਸਾਰੇ ਘਰ ਦਾ ਕਾਰੋਬਾਰ ਚਲਾ ਰਹੀ ਹੈ। ਭਾਨੋ ਨੂੰ ਚਾਹ-ਪਾਣੀ ਪੁੱਛਦੀ ਹੈ। ਨਰੈਣੇ ਨੂੰ ਪਿੰਡੀ ਦੀ ਹੱਟੀਓਂ ਖੁਸ਼ਬੂਦਾਰ ਸਾਬਣ ਲੈਣ ਲਈ ਭੇਜ ਦਿੰਦੀ ਹੈ। ਭਾਨੋ ਨੂੰ ਕਪੜੇ ਧੋਣ ਦੀ ਤਾਕੀਦ ਕਰ ਦਿੰਦੀ ਹੈ। ਭਾਨੋ ਬੜੀ ਬੇਵੱਸੀ ਦੇ ਆਲਮ ਵਿਚ ਉਸਨੂੰ ਚਿੜੀ ਦੇ ਆਲ੍ਹਣੇ ਢਾਹੁੰਦਿਆਂ ਅਤੇ ਕੁੱਤੀ ਦੇ ਘੱਟਣਾ ਮਾਰਦਿਆਂ ਦੇਖਦੀ ਰਹਿੰਦੀ ਹੈ। ਨਰੈਣਾ ਸਾਬਣ ਲੈ ਕੇ ਆਉਂਦਾ ਹੈ ਤਾਂ ਇਕ ਟਿੱਕੀ ਭਾਨੋ ਨੂੰ ਵੀ ਦੇ ਦਿੰਦਾ ਹੈ। ਭਾਗਵੰਤੀ ਨਰੈਣੇ ਨੂੰ ਚਾਹ ਦਾ ਗਲਾਸ ਫੜਾ ਦਿੰਦੀ ਹੈ, ਭਾਨੋ ਨੂੰ ਦੂਜੀ ਵਾਰ ਪੁੱਛਦੀ ਤਕ ਨਹੀਂ। ਨਰੈਣਾ ਆਪਣੀ ਚਾਹ ਦਾ ਗਲਾਸ ਭਾਨੋ ਨੂੰ ਫੜਾ ਕੇ ਇਕ ਤਰ੍ਹਾਂ ਉਸਦਾ ਪੱਖ ਪੂਰਦਾ ਹੈ। ਇਸ ਤੋਂ ਬਾਅਦ ਭਾਗਵੰਤੀ, ਨਰੈਣੇ ਨੂੰ ਮੋਧੂ ਚਮਾਰ ਕੋਲੋਂ ਆਪਣੀ ਨਵੀਂ ਬਣਨ ਵਾਲੀ ਜੁੱਤੀ ਦਾ ਪਤਾ ਲੈਣ ਲਈ ਭੇਜ ਦਿੰਦੀ ਹੈ। ਨਰੈਣਾ, ਭਾਨੋ ਨੂੰ ਵੀ ਮੇਚ ਦੇਣ ਲਈ ਕਹਿੰਦਾ ਹੈ ਪਰ ਉਹ ਇਨਕਾਰ ਕਰ ਦੇਂਦੀ ਹੈ। ਰਾਤੀਂ ਸੌਣ ਸਮੇਂ ਭਾਗਵੰਤੀ, ਭਾਨੋ ਨੂੰ ਉਪਰ ਚੁਬਾਰੇ ਵਿਚ ਜਾ ਸੌਣ ਲਈ ਕਹਿੰਦੀ ਹੈ। ਭਾਨੋ ਫਿਰ ਬੇਦਿਲੀ ਜਹੀ ਨਾਲ ਮੰਨ ਲੈਂਦੀ ਹੈ। ਚੁਬਾਰੇ ਵਿਚ ਪਈ ਭਾਨੋ ਰਾਤ ਨੂੰ ਬੜੀ ਦੇਰ ਤਕ ਭਾਗਵੰਤੀ ਅਤੇ ਨਰੈਣੇ ਦੇ ਹੱਸਣ ਦੀਆਂ ਆਵਾਜ਼ਾਂ ਸੁਣਦੀ ਰਹਿੰਦੀ ਹੈ। ਉਸਨੂੰ ਪਤਾ ਚਲ ਜਾਂਦਾ ਹੈ ਕਿ ਹੁਣ ਉਹ ਘਰ ਦੀ ਮਾਲਕੇ ਨਹੀਂ ਰਹੀ ਸਗੋਂ ਮਹਿਮਾਨ ਬਣ ਗਈ ਹੈ।

ਇਸ ਨਵੀਂ ਸਥਿਤੀ ਨੂੰ ਪ੍ਰਵਾਨ ਕਰਕੇ ਭਾਨੋ ਨੇ ਪਤੀ ਨਰੈਣੇ ਦੇ ਘਰ ਪ੍ਰਤੀ ਆਪਣਾ ਰਵੱਈਆ ਬਦਲ ਲੈਂਦੀ ਹੈ। ਕਿਉਂਕਿ ਭਾਗਵੰਤੀ ਨਹੀਂ ਸੀ ਚਾਹੁੰਦੀ ਕਿ ਉਸ ਬਿਨਾਂ ਘਰ ਉਤੇ, ਘਰ ਵਾਲੇ ਉਤੇ ਕੋਈ ਹੋਰ ਆਪਣੀ ਮਲਕੀਅਤ ਜਤਾਵੇ; ਇਸ ਲਈ ਵੱਸ-ਲਗਦਿਆਂ ਉਸਨੇ ਨਰੈਣੇ ਦੇ ਘਰ ਹੁੰਦਿਆਂ, ਘਰ ਰਹਿਣਾ ਹੀ ਛੱਡ ਦਿਤਾ। ਉਹ ਲੋਕਾਂ ਦੇ ਮਰਨਿਆਂ-ਪਰਨਿਆਂ ਤੇ ਤੁਰੀ ਰਹਿਣ ਲੱਗ ਪਈ। ਕਬੀਲਦਾਰੀ ਦੇ ਕੰਮਾਂ ਤੋਂ ਉਸਨੇ ਬੇਰੁਖੀ ਅਖਤਿਆਰ ਕਰ ਲਈ। ਸੰਤੀ, ਉਸਨੂੰ ਅਧਿਕਾਰ ਦੀ ਪ੍ਰਾਪਤੀ ਲਈ ਵਿਦ੍ਰੋਹ ਕਰਨ ਦੀ ਸਲਾਹ ਦਿੰਦੀ ਹੈ ਪਰ ਭਾਨੋਂ ਭਾਗਵੰਤੀ ਦੇ ਵਿਰੁੱਧ ਇਕ ਸ਼ਬਦ ਵੀ ਨਹੀਂ ਬੋਲਦੀ। ਸਗੋਂ ਕਹਿੰਦੀ ਏ, "ਊਂ ਬੇਬੇ, ਭਾਗਵੰਤੀ ਦਿਲ ਦੀ ਨੀ ਮਾੜੀ, ਬੱਸ ਬੋਲਣ ਦਾ ਈ ਬਹੁਤਾ ਥਹੁ ਨਹੀਂ।" (ਪੰਨਾ 95)

ਭਾਗਵੰਤੀ, ਭਾਨੋ ਦੇ ਇਸ ਰਵੱਈਏ ਤੇ ਬਹੁਤ ਪਰੇਸ਼ਾਨ ਹੈ। ਉਹ ਸਚੇ ਅਰਥਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਸੌਂਕਣ ਬਣ ਕੇ ਵਿਖਾਉਣਾ ਚਾਹੁੰਦੀ ਹੈ। ਉਸਦੀ ਇੱਛਾ ਹੈ ਕਿ ਜਦੋਂ ਉਹ ਭਾਨੋ ਤੋਂ ਉਸਦੇ ਹੱਕ ਅਤੇ ਸ਼ਨਾਖਤ ਖੋਹ ਰਹੀ ਹੋਵੇ ਤਾਂ ਭਾਨੋ ਦੁਖੀ ਹੋ ਕੇ ਰੋਵੇ-ਕੁਰਲਾਵੇ। ਕਿਉਂਕਿ ਉਸੇ ਸੂਰਤ ਵਿਚ ਭਾਗਵੰਤੀ ਦੀ ਹਉਮੈ ਦੀ ਤ੍ਰਿਪਤੀ ਹੋਵੇਗੀ। ਪਰ ਜਦ ਭਾਨੋ ਇਹੋ ਜਿਹਾ ਕੁਝ ਨਹੀਂ ਕਰਦੀ ਅਤੇ ਇਸ ਤਰ੍ਹਾਂ ਦਾ ਵਿਵਹਾਰ ਕਰਦੀ ਹੈ ਜਿਵੇਂ ਉਹ ਆਪ ਆਪਣੀ ਮਰਜ਼ੀ ਨਾਲ ਸਾਰੇ ਅਧਿਕਾਰ ਭਾਗਵੰਤੀ ਨੂੰ ਸੌਂਪ ਰਹੀ ਹੈ ਤਾਂ ਇਹ ਸਥਿਤੀ ਭਾਗਵੰਤੀ ਨੂੰ ਦਾਨ ਸਵੀਕਾਰ ਕਰਨ ਵਾਲੀ ਲੱਗਦੀ ਹੈ। ਉਹ ਬਾਰ-ਬਾਰ ਭਾਨੋ ਦੇ ਅਹੰ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕਰਦੀ ਹੈ ਪਰ ਭਾਨੋ ਕਦੇ ਵੀ ਉਸਦੇ ਚੈਲੰਜ ਨੂੰ ਪ੍ਰਵਾਨ ਨਹੀਂ ਕਰਦੀ। ਜਿਸ ਦੇ ਸਿੱਟੇ ਵਜੋਂ ਭਾਗਵੰਤੀ ਖਿੱਝਦੀ-ਕ੍ਰਿਝਦੀ ਰਹਿੰਦੀ ਹੈ।

ਇਨ੍ਹਾਂ ਹੀ ਦਿਨਾਂ ਵਿਚ ਭਾਗਵੰਤੀ ਇਕ ਮੁੰਡੇ ਦੀ ਮਾਂ ਬਣ ਜਾਂਦੀ ਹੈ। ਹੁਣ ਤੇ ਭਾਗਵੰਤੀ ਦੀ ਹਉਮੈ ਹੋਰ ਵੀ ਫੁੱਲ ਜਾਂਦੀ ਹੈ। ਉਹ ਸਮਾਜਕ-ਸਭਿਆਚਾਰਕ ਤੌਰ ਤੇ ਭਾਨੋ ਨੂੰ ਚੰਗੇਰੀ ਸਥਿਤੀ ਵਿਚ ਹੋ ਜਾਂਦੀ ਹੈ। ਇਸ ਸਥਿਤੀ ਵਿਚ ਨਰੈਣਾ ਵੀ ਭਾਨੋ ਨਾਲੋਂ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ ਪਰ ਭਾਨੋ ਅਜੇ ਵੀ ਆਪਣੀ ਕਥਿਤ ਮਾੜੀ ਕਿਸਮਤ ਉੱਪਰ ਰੋਂਦੀ-ਕਲਪਦੀ ਨਹੀਂ। ਉਹ ਭਾਗਵੰਤੀ ਦੇ ਮੁੰਡੇ 'ਕਾਲੇ' ਨੂੰ ਆਪਣਾ ਮੁੰਡਾ ਕਹਿ ਕੇ ਪਿਆਰ ਕਰਦੀ ਹੋਈ ਸੰਤੀ ਨੂੰ ਕਹਿੰਦੀ ਹੈ," ਹੈ ਅਜੇ ਚੰਦਰਾ ਭੋਰਾਕੁ, ਪਰ ਜਦੋਂ ਗੋਦੀ 'ਚ ਲੈ ਲੈਨੀ ਆਂ ਜਾਣੀ ਅੰਦਰ ਜਾ ਠਰ ਜਾਂਦੈ।" (ਪੰਨਾ 96) ਭਾਗਵੰਤੀ ਹੁਣ ਉਸਦੇ ਇਸ ਅਜੀਬ ਅਤੇ ਜੱਗੋਂ ਬਾਹਰੇ ਵਤੀਰੇ ਤੋਂ ਤੰਗ ਆ ਜਾਂਦੀ ਹੈ। ਭਾਨੋ ਨੂੰ ਉਤੇਜਿਤ ਕਰਨ ਲਈ ਉਹ ਇਕ-ਦੋ ਵਾਰ ਉਸਨੂੰ ਕੁੱਟ ਵੀ ਦਿੰਦੀ ਹੈ ਪਰ ਭਾਨੋ ਸਥਿਤੀ ਨੂੰ ਆਪਣੇ ਹੱਥਾਂ ਵਿਚੋਂ ਨਹੀਂ ਨਿਕਲਣ ਦਿੰਦੀ ਅਤੇ ਭਾਗਵੰਤੀ ਦੇ ਵਤੀਰੇ ਵਿਰੁੱਧ ਕਦੇ ਵੀ ਪ੍ਰੋਟੈਸਟ ਨਹੀਂ ਕਰਦੀ। ਤੰਗ ਆ ਕੇ ਭਾਗਵੰਤੀ ਉਸਨੂੰ ਘਰ ਵਿਚੋਂ ਕੱਢਣ ਦਾ ਫੈਸਲਾ ਕਰ ਲੈਂਦੀ ਹੈ। ਜੇ ਕਦੇ ਉਸਦਾ ਮੁੰਡਾ ਕਾਲਾ 'ਰੋਂਦਾ' ਹੈ ਤਾਂ ਉਹ ਭਾਨੋ ਦੀ ਨਜ਼ਰ ਲੱਗਣ ਦਾ ਇਲਜ਼ਾਮ ਆਇਦ ਕਰ ਦਿੰਦੀ ਹੈ। ਨਿੱਤ ਦੇ ਕਲੇਸ਼ ਨਾਲ ਨਰੈਣਾ ਭਾਨੋ ਨਾਲੋਂ ਅਤੇ ਆਪਣੇ ਆਪ ਵਿਚ ਵੀ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ। ਉਹ ਭਾਨੋ ਨੂੰ ਅਗੇ ਕਿਸੇ ਹੋਰ ਪਾਸ ਵੇਚਣ ਦਾ ਸੌਦਾ ਕਰ ਲੈਂਦਾ ਹੈ। ਉਹ ਭਾਨੋ ਨੂੰ ਕਹਿੰਦਾ ਹੈ ਕਿ ਜੇ ਭਾਨੋ ਹੋਰ ਹੁਣ ਉਸਦੇ ਘਰ ਵਿਚ ਰਹੀ ਤਾਂ ਭਾਗਵੰਤੀ ਮੁੰਡੇ ਨੂੰ ਲੈ ਕੇ ਆਪਣੇ ਮਾਪਿਆਂ ਪਾਸ ਚਲੀ ਜਾਵੇਗੀ ਅਤੇ ਉਨ੍ਹਾਂ "ਕੰਜਰਾਂ ਨੇ ਪੈਸੇ ਲੈ ਕੇ ਉਸਨੂੰ ਕਿਸੇ ਹੋਰ ਥਾਂ ਤੋਰ ਦੇਣਾ ਐ।"

ਭਾਨੋ ਕੋਸ਼ਿਸ਼ ਕਰਦੀ ਹੈ ਕਿ ਉਹ ਭਾਗਵੰਤੀ ਨਾਲ ਪਹਿਲਾਂ ਵਾਲੀ ਨਿਰਲਪਤ ਸਥਿਤੀ ਵਿਚ ਹੀ ਜ਼ਿੰਦਗੀ ਗੁਜ਼ਾਰਦੀ ਰਹੇ। ਪਰ ਨਰੈਣਾ ਆਪਣੀ ਲਾਚਾਰੀ ਦਾ ਵਾਸਤਾ ਪਾ ਕੇ ਉਸਨੂੰ ਘਰ ਛੱਡਣ ਲਈ ਮਨਾ ਲੈਂਦਾ ਹੈ। ਉਹ ਕਹਿੰਦਾ ਹੈ, "ਭਾਨੋ ਜੀ ਬੁਰਾ ਨਾ ਕਰੀਂ। ਜੇ ਮੁੰਡਾ ਨਾ ਹੁੰਦਾ ਫੇਰ ਨੀ ਸੀ ਮੈਂ ਕਦੇ ਉਹਦੀ ਪਰਵਾਹ ਕਰਦਾ।...

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਕੀ ਭਾਨੋ ਬੰਦੇ ਦੇ ਕੁਸ਼ ਅਖਤਿਆਰ ਨੀ ਹੁੰਦਾ, ਜਿਥੋਂ ਦਾ ਅੰਨ-ਜਲ ਚੁਗਣੈ ਹਰ ਹੀਲੇ ਚੁਗਣੈ।" (ਪੰਨਾ 100) ਇਹ ਸੁਣ ਕੇ ਭਾਨੋ ਨੂੰ ਇਸ ਤਰ੍ਹਾਂ ਲਗਦਾ ਹੈ ਜਿਵੇਂ ਘਰ ਵਿਚ ਭੁਚਾਲ ਆ ਗਿਆ ਹੋਵੇ ਜਾਂ ਉਸਨੂੰ ਆਪ ਅੰਧਾਲੀ ਜਿਹੀ ਆ ਗਈ ਹੋਵੇ। "ਉਸ ਦੇ ਵੇਖਦਿਆਂ ਵੇਖਦਿਆਂ ਬਿੱਲੀ ਨੇ ਅਲਮਾਰੀ ਉਤੇ ਛਾਲ ਮਾਰੀ ਅਤੇ ਚਿੜੀ ਨੂੰ ਮਰੋੜ ਕੇ ਮੂੰਹ ਵਿਚ ਲੈ ਕੇ ਬਾਹਰ ਨੂੰ ਨੱਸ ਗਈ।"

ਭਾਨੋ ਨਰੈਣੇ ਦਾ ਘਰ ਛੱਡ ਕੇ ਜਾਣ ਦਾ ਫ਼ੈਸਲਾ ਕਰ ਲੈਂਦੀ ਹੈ। ਉਹ ਆਪਣੀ ਉਂਗਲ ਵਿਚ ਪਾਈ ਛਾਪ, ਜੋ ਨਰੈਣੇ ਨੇ ਉਸਨੂੰ ਕਰਾ ਕੇ ਦਿੱਤੀ ਸੀ, ਲਾਹ ਕੇ ਭਾਗਵੰਤੀ ਨੂੰ ਦੇ ਦਿੰਦੀ ਹੈ ਅਤੇ ਇਕ ਤਰ੍ਹਾਂ ਆਪਣੇ ਘਰ ਦੀ ਸਾਰੀ ਮਲਕੀਅਤ ਸ੍ਵੈਇਛਾ ਨਾਲ ਭਾਗਵੰਤੀ ਦੇ ਹਵਾਲੇ ਕਰ ਦਿੰਦੀ ਹੈ। ਘਰ ਛੱਡਣ ਤੋਂ ਪਹਿਲਾਂ ਇਕ ਵਾਰ ਉਹ ਘੱਗਰੇ ਨੂੰ ਕਿੱਲੇ ਨਾਲੋਂ ਲਾਹ ਕੇ ਪਾਉਣ ਬਾਰੇ ਸੋਚਦੀ ਹੈ ਪਰ ਅਗਲੇ ਛਿਣ ਘੱਗਰੇ ਨੂੰ ਉਥੇ ਹੀ ਸੁੱਟ ਕੇ ਉਨ੍ਹਾਂ ਸਾਰੇ ਸਮਾਜਕ-ਸਭਿਆਚਾਰਕ ਤਕਾਜ਼ਿਆਂ ਨੂੰ ਨਕਾਰ ਦਿੰਦੀ ਹੈ, ਜਿਨ੍ਹਾਂ ਦੀ ਪ੍ਰਵਾਨਗੀ ਲਈ ਉਪਰ ਸੰਘਰਸ਼ ਕਰਦੀ ਰਹੀ ਸੀ:

> ਬਿਨਾਂ ਘੱਗਰੇ ਤੋਂ ਬਿਨਾਂ ਘੁੰਡ ਕੱਢਿਆਂ ਅੱਜ ਭਾਨੋ ਸੱਥ ਵਿਚੋਂ ਦੀ ਪਰਦੇਸਣਾਂ ਵਾਂਗ ਲੰਘੀ ਜਾ ਰਹੀ ਸੀ।
>
> (ਪੰਨਾ 102)

ਕੁਝ ਪ੍ਰਤੀਨਿਧ ਜੁੱਟ-ਵਿਰੋਧ (binary-oppositions)

(ੳ) ਭੱਜੜੇ ਪਿੱਟੇ ਦੀ : ਪਿਉ ਦੀ ਸਹੇੜ :: ਮੁੱਲ ਦਾ ਸਾਕ : ਪੁੰਨ ਦਾ ਸਾਕ

'ਇਹੁ ਹਮਾਰਾ ਜੀਵਣਾ' ਵਿਚ ਦ੍ਰਿਸ਼ਟੀਗੋਚਰ ਹੁੰਦੀਆਂ ਸੰਕਲਪਗਤ ਕੈਟੇਗਰੀਜ਼ ਵਿਚੋਂ ਸਭ ਤੋਂ ਪ੍ਰਮੁੱਖ ਅਤੇ ਪ੍ਰਤੀਨਿਧ ਕੈਟੇਗਰੀ 'ਭੱਜੜੇ ਪਿੱਟੇ ਦੀ' (ਮੁੱਲ ਦਾ ਸਾਕ) ਬਨਾਮ 'ਪਿਉ ਦੀ ਸਹੇੜ' (ਪੁੰਨ ਦਾ ਸਾਕ) ਹੈ। ਭਾਨੋ ਦੇ ਜੀਵਨ ਦੀ ਯਾਤਨਾ ਦੇ ਕੁਝ ਹੋਰ ਕਾਰਣ ਵੀ ਹੈਨ, ਪਰ ਸਭ ਤੋਂ ਉੱਘੜਵਾਂ ਅਤੇ ਸਪੱਸ਼ਟ ਤੌਰ ਤੇ ਨਜ਼ਰ ਆ ਜਾਣ ਵਾਲਾ ਯਾਤਨਾਮਈ ਕਾਰਣ ਇਹ ਹੈ ਕਿ ਭਾਨੋ ਦਾ ਵਿਆਹ ਘਰਾਣੇ ਘਰ ਦੀਆਂ ਕੁੜੀਆਂ ਵਾਂਗ 'ਪੁੰਨ ਦੇ ਸਾਕ' ਰੂਪ ਵਿਚ ਨਹੀਂ ਹੋਇਆ। ਆਪਣੀ ਆਰਥਿਕ ਗਰਜ਼ ਪੂਰੀ ਕਰਨ ਲਈ ਭਾਨੋ ਦਾ ਬਾਪ, ਮੋਰਾਂਆਲੀ ਪਿੰਡ ਦੇ ਸਰਵਣ ਤੋਂ ਪੈਸੇ ਲੈਕੇ ਭਾਨੋ ਨੂੰ ਉਸ ਨਾਲ ਤੋਰ ਦਿੰਦਾ ਹੈ। ਇਹੀ ਸਮਾਜਿਕ-ਸਭਿਆਚਾਰਕ ਸਥਿਤੀ ਭਾਨੋ ਨੂੰ ਸਾਰੀ ਉਮਰ ਆਪਣੇ ਨਾਲ ਦੀਆਂ ਅਤੇ ਬਰਾਬਰ ਦੀਆਂ ਇਸਤ੍ਰੀਆਂ ਦੇ ਮੇਚ ਨਹੀਂ ਆਉਣ ਦਿੰਦੀ। ਉਸ ਨੂੰ ਸਾਰੀ ਉਮਰ ਕੇਵਲ ਇਸੇ ਲਈ ਸਮਾਜਿਕ-ਸਭਿਆਚਾਰਕ ਮਰਯਾਦਾ ਪ੍ਰਾਪਤ ਨਹੀਂ ਹੁੰਦੀ ਕਿਉਂਕਿ ਉਹ ਇਕ 'ਵਿਕੀ ਹੋਈ' ਇਸਤ੍ਰੀ ਹੈ।

ਆਪਣੀ ਇਸ ਤ੍ਰਾਸਦਕ ਸਥਿਤੀ ਦਾ ਸਭ ਤੋਂ ਮੁੱਢਲਾ ਬੋਧ ਭਾਨੋ ਨੂੰ ਉਸ ਸਮੇਂ ਪ੍ਰਾਪਤ ਹੁੰਦਾ ਹੈ ਜਦੋਂ ਸਰਵਣ ਦੇ ਬਾਕੀ ਚਾਰ ਭਾਈ ਵੀ ਭਾਨੋ ਉੱਪਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਰਾਬਰ ਦਾ ਅਧਿਕਾਰ ਰੱਖਣਾ ਲੋਚਦੇ ਹਨ। ਜੇ ਸਰਵਣ ਨੇ ਭਾਨੋ ਨੂੰ ਪੈਸੇ ਦੇ ਕੇ ਖਰੀਦਿਆ ਹੈ ਤਾਂ ਪੈਸੇ ਦੇ ਕੇ ਖ਼ਰੀਦੀਆਂ ਹੋਰ ਵਸਤਾਂ ਵਾਂਗ ਬਾਕੀ ਭਰਾਵਾਂ ਦਾ ਵੀ ਉਸ ਉਤੇ ਓਨਾ ਹੀ ਅਧਿਕਾਰ ਹੈ। ਜਿਵੇਂ ਇਕ ਜੱਟ ਦੇ ਪੁੱਤਾਂ ਦਾ ਆਪਣੀ ਜ਼ਮੀਨ ਉਤੇ ਬਰਾਬਰ ਦਾ ਅਧਿਕਾਰ ਹੁੰਦਾ ਹੈ, ਉਸੇ ਤਰ੍ਹਾਂ ਸਰਵਣ ਦੇ ਭਾਈ, ਭਾਨੋ ਉਪਰ ਵੀ ਬਰਾਬਰ ਦਾ ਅਧਿਕਾਰ ਰੱਖਣਾ ਚਾਹੁੰਦੇ ਹਨ। ਅਤੇ, ਬਿਲਕੁਲ ਜਿਵੇਂ ਹਰ ਜੱਟ ਦਾ ਪੁੱਤ, ਜੋ ਸ਼ਰੀਕ ਹੁੰਦਾ ਹੈ, ਚਾਹੁੰਦਾ ਹੈ ਕਿ ਕਿਵੇਂ-ਨਾ ਕਿਵੇਂ ਜ਼ਮੀਨ ਉਸ ਦੇ ਅਤੇ ਕੇਵਲ ਉਸੇ ਦੇ ਅਧਿਕਾਰ ਵਿਚ ਰਹੇ, ਸਰਵਣ ਵੀ ਚਾਹੁੰਦਾ ਹੈ ਕਿ ਭਾਨ ਕੇਵਲ ਉਸੇ ਦੇ ਅਖ਼ਤਿਆਰ-ਅਧਿਕਾਰ ਵਿਚ ਰਹੇ। ਇਹੀ ਗੱਲ ਸਰਵਣ ਅਤੇ ਉਸਦੇ ਬਾਕੀ ਭਰਾਵਾਂ ਦਰਮਿਆਨ ਸੰਘਰਸ਼ ਦਾ ਕਾਰਣ ਬਣਦੀ ਹੈ ਅਤੇ ਬਾਕੀ ਭਰਾ ਉਸ ਨੂੰ ਅਧਿਕਾਰ ਤੋਂ ਜਾਣੂ ਕਰਵਾਉਣ ਲਈ ਉਸ ਦੇ ਸੱਟਾਂ ਮਾਰ ਦਿੰਦੇ ਹਨ। ਉਹ ਉਸਨੂੰ ਮਾਰਨਾ ਬਿਲਕੁੱਲ ਨਹੀਂ ਸਨ ਚਾਹੁੰਦੇ। ਕੇਵਲ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰਕੇ ਉਸਨੂੰ-ਮਜ਼ਬੂਰ (ਨਪੁੰਸਕ) ਕਰਨਾ ਚਾਹੁੰਦੇ ਸਨ। ਜਿਵੇਂ ਕਿ ਭਾਨੋ ਦੱਸਦੀ ਹੈ, "ਇਕ ਦਿਨ ਪਾਣੀ ਦੀ ਵਾਰੀ ਪਿਛੇ ਬਾਹਰ ਖਹਿਬੜ ਪਏ। ਨਰਕੀਂ ਜਾਣਿਆਂ ਦੇ ਖ਼ਬਰ ਨੀ ਕੀ ਚਿੱਤ ਵਿਚ ਬੁਰਿਆਈ ਸੀ। ਕਿਤੇ ਕਸੂਤੇ ਥਾਉਂ ਸੱਟ ਮਾਰਤੀ। ਰੱਬ ਜਾਣੇ ਖ਼ਬਰਨੀ ਉਈਂ ਲੱਗ ਗੀ। ਫੇਰ ਤਾਂ ਵਾਹ ਜਹਾਨ ਦੀ ਲਾ ਹਟੇ, ਉਹ ਆਪ ਵੀ ਬਥੇਰੇ ਹਕੀਮਾਂ ਸਿਆਣਿਆਂ ਦੇ ਭੱਜੇ ਫਿਰੇ, ਕਿਤੇ ਹੱਥ ਨਾ ਪਿਆ। ਅਖੀਰ ਨੂੰ ਦਸਮੇਂ ਦਿਨ ਆਥਣੇ ਜੇ ਗੋਤਾ ਪੈ ਗਿਆ। ਬਸ ਓਸੇ ਰਾਤ ਤੁਰਦਾ ਬਣਿਆ।" (ਪੰਨੇ 14–15)

ਸਰਵਣ ਦੇ ਮਰਨ ਉਪਰੰਤ ਵੀ ਉਸ ਦੇ ਭਰਾ ਖ਼ਰੀਦੀ ਹੋਈ ਜਾਇਦਾਦ, ਭਾਨੋ ਨੂੰ ਆਜ਼ਾਦ ਕਰਨ ਲਈ ਤਿਆਰ ਨਹੀਂ। ਭਾਨੋ ਆਪ ਵੀ ਸ਼ਾਇਦ ਆਜ਼ਾਦ ਹੋਣਾ ਨਾ ਚਾਹੁੰਦੀ ਪਰ ਜਿਤਨਾ ਥੋੜਾ ਜਿਹਾ ਸਮਾਂ ਉਹ ਸਰਵਣ ਨਾਲ ਰਹੀ ਸੀ, ਇਹ ਉਸਦੇ ਜੀਵਨ ਦਾ ਇਕ ਨਿਹਾਇਤ ਖ਼ੂਬਸੂਰਤ ਸਰਮਾਇਆ ਬਣ ਗਿਆ ਸੀ। ਖ਼ੂਬਸੂਰਤ ਸਰਮਾਇਆ ਇਸ ਲਈ ਨਹੀਂ ਕਿ ਉਹ ਸਰਵਣ ਵਰਗੇ ਗੱਭਰੂ ਨੌਜਵਾਨ ਦੀ ਬੀਵੀ ਬਣੀ ਰਹੀ ਸੀ, ਸਗੋਂ ਇਸ ਲਈ ਕਿਉਂਕਿ ਇਸ ਕਾਲ ਵਿਚ ਉਸਨੇ ਸਖਸੀ ਸੁਤੰਤਰਤਾ ਦਾ ਪਹਿਲਾ ਘੁੱਟ ਭਰਿਆ ਸੀ। ਇਸ ਕਾਲ ਵਿਚ ਉਸਦੀਆਂ ਉਮੰਗਾਂ ਅਤੇ ਅਰਮਾਨ ਨਿਝੱਕ ਹੋਕੇ ਨੱਚੇ ਸਨ। ਸਰਵਣ ਦੇ ਘਰ ਵਿਚ ਹਰ ਕੰਮ ਕਰਦੀ ਹੋਈ ਉਹ ਆਜ਼ਾਦ ਸੀ। ਉਸਦਾ ਹਰ ਕਰਮ ਆਜ਼ਾਦੀ ਦੀ ਦਿਸ਼ਾ ਵਿਚ ਮਾਰਿਆ ਗਿਆ ਇਕ ਹੰਭਲਾ ਸੀ। ਸਰਵਣ ਦੀ ਮੌਤ ਉਪਰੰਤ ਉਸ ਪਾਸੋਂ ਉਸਦੀ ਆਜ਼ਾਦੀ ਖੁੱਸ ਗਈ ਸੀ। ਬਹੁਤ ਦੇਰ ਬਾਅਦ ਆਪਣੇ ਆਜ਼ਾਦ ਦਿਨਾਂ ਦੀਆਂ ਗੱਲਾਂ ਨਰੈਣੇ ਨੂੰ ਦੱਸਦੀ ਹੋਈ ਉਹ ਕਹਿੰਦੀ ਹੈ।"

"ਮਖਾਂ ਜੀ ਰਲੀ ਚਮਿਆਰੀ ਪਾਈਆ ਕੁ ਥੰਧਾ ਮੰਗਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ। ਆਖਦੀ ਸੀ ਮੁੰਡਾ ਬਮਾਰ ਐ ਦਵਾਈ ਵਿਚ ਪੋਣੈਂ।"

"ਤੂੰ ਦੇ ਦਿੰਦੀ ਫੇਰ।"

"ਮੈਂ ਕਿਹਾ ਪੁੱਛ ਕੇ ਦੇਊਂਗੀ।"

"ਭਾਨੋ ਇਹ ਘਰ ਹੁਣ ਤੇਰਾ ਈ ਐ, ਜਿਮੇਂ ਮਰਜੀ ਕਰ ਲਿਆ ਕਰ।"

"ਸਰਵਣ ਨੇ ਤਾਂ ਆਪ ਮੈਨੂੰ ਕਦੇ ਕਿਸੇ ਗੱਲੋਂ ਨੀ ਸੀ ਰੋਕਿਆ। ਪਰ ਤੇਰਾ ਜੀ ਮੈਨੂੰ ਕੁਸ਼ ਪਤਾ ਜਾਂ ਨੀ ਮੈਂ ਕਿਹਾ ਖ਼ਤਰੈ..."

"ਭਾਨੋ ?" ਨਰੈਣ ਨੇ ਆਕੜ ਕੇ ਕਿਹਾ। ਤੂੰ ਸਰਵਣ ਦਾ ਨਾਉਂ ਨਾ ਲਿਆ ਕਰ ਮੇਰੇ ਸਾਮ੍ਹਣੇ।" (ਪੰਨਾ 23)

ਆਜ਼ਾਦੀ ਦੇ ਇਸ ਖ਼ੂਬਸੂਰਤ ਅੰਤਰਾਲ ਦੀ ਮਧੁਰ-ਸਿਮ੍ਰਤੀ ਨੂੰ ਬਰਕਰਾਰ ਰੱਖਣ ਲਈ ਹੀ ਭਾਨੋ ਨੇ ਸਰਵਣ ਦੀ ਮੌਤ ਉਪਰੰਤ ਆਪਣਾ ਸਹੁਰਾ ਪਿੰਡ ਛੱਡਣ ਦਾ ਤਲਖ਼ ਫੈਸਲਾ ਕਰ ਲਿਆ। ਭਾਨੋ ਦੇ ਸ਼ਬਦਾਂ ਵਿਚ, "ਹਮ੍ਹਾਂ ਤਮ੍ਹਾਂ ਨੇ ਬਥੇਰਾ ਕਿਹਾ, ਬਈ ਓਸੇ ਦੇ ਭਰਾ ਨੇ, ਕਿਸ ਇਕ ਨੂੰ ਸਿਰ ਧਰ ਲੈ। ਮੈਂ ਸੋਚਿਆ, ਮਨਾ ਏਥੇ ਰਹਿ ਕੇ ਤਾਂ ਅਖਾਂ ਮੂਹਰੇ ਨਿਤ ਸਿਵਾ ਮਚਿਆ ਕਰੂ।" ਪਰ ਸਰਵਣ ਦੇ ਭਰਾ ਉਸ ਉਪਰ ਆਪਣਾ ਅਧਿਕਾਰ ਅਤੇ ਅਖ਼ਤਿਆਰ ਛੱਡਣ ਲਈ ਤਿਆਰ ਨਹੀਂ ਸਨ। ਭਾਨੋ ਦੇ ਪੇਕੇ ਮੁੜ ਜਾਣ ਉਪਰੰਤ ਵੀ ਉਹ ਭਾਨੋ ਦੇ ਪਿਓ ਨੂੰ ਧਮਕੀਆਂ ਭੇਜਦੇ ਰਹੇ। ਹੁਣ ਇਕ ਵਾਰ ਵਿਕ ਚੁਕੀ ਭਾਨੋ ਲਈ ਆਪਣੇ ਪਿੰਡ 'ਝੜੀ ਕੇ ਕੋਟਲੇ' ਵਿਚ ਵੀ ਕੋਈ ਥਾਂ ਨਹੀਂ ਸੀ। ਵਿਆਹ ਸਮੇਂ ਉਸਨੂੰ ਸੱਧਰਾਂ ਅਤੇ ਸ਼ਗਨਾਂ ਨਾਲ ਨਹੀਂ ਸੀ ਰਿਆ ਤੋਰਿਆ। ਨਾ ਉਸਨੂੰ ਮਾਈਏਂ ਪਾਇਆ ਗਿਆ ਸੀ, ਨਾ ਕਿਸੇ ਨੇ ਉਸਦੇ ਸੁਹਾਗ ਗਾਏ ਸਨ। ਸਖੀਆਂ-ਸਹੇਲੀਆਂ ਨੇ ਵਿਆਹ ਦੇ ਗੀਤ ਗਾ-ਗਾ ਕੇ ਆਪਣੇ ਚਾਅ ਵੀ ਪੂਰੇ ਨਹੀਂ ਸਨ ਕੀਤੇ। ਸਗੋਂ ਭਾਨੋ ਦੇ ਪਿਤਾ ਨੇ ਚੋਰੀ ਚੋਰੀ ਸਰਵਣ ਤੋਂ ਭਾਨੋ ਦੇ ਪੈਸੇ ਲੈਕੇ ਉਸਨੂੰ ਚਾਰ ਭੁਆਟਣੀਆਂ ਦੇ ਦਿਤੀਆਂ ਸਨ। ਧਰਮ ਦੀ ਦ੍ਰਿਸ਼ਟੀ ਤੋਂ ਤਾਂ ਭਾਨੋ ਦਾ ਵਿਆਹ ਹੋ ਗਿਆ ਸੀ ਪਰ ਸਮਾਜ ਅਤੇ ਸਭਿਆਚਾਰ ਦੀ ਦ੍ਰਿਸ਼ਟੀ ਤੋਂ ਉਸਦਾ ਵਿਆਹ, ਵਿਆਹ ਨਹੀਂ ਸੀ ਸਗੋਂ ਇਕ ਅਪਰਾਧ ਸੀ। ਭਾਨੋ ਅਤੇ ਉਸਦਾ ਪਿਤਾ ਇਸ ਅਪਰਾਧ ਵਿਚ ਬਰਾਬਰ ਦੇ ਸ਼ਰੀਕ ਸਨ ਅਤੇ ਅਜਿਹੇ ਅਪਰਾਧੀਆਂ ਨੂੰ ਪਿੰਡ ਵਾਸੀਆਂ ਵਲੋਂ ਕਿਸੇ ਤਰ੍ਹਾਂ ਦੇ ਕੋਈ ਸਰੀਰਕ ਅਥਵਾ ਨੈਤਿਕ ਸਹਿਯੋਗ ਦੀ ਆਸ ਨਹੀਂ ਸੀ। ਇਹੀ ਕਾਰਣ ਹੈ ਕਿ ਪੇਕੇ ਪਿੰਡ ਵਾਪਸ ਆ ਕੇ ਵੀ ਭਾਨੋ ਅਜਨਬੀ ਅਤੇ ਓਪਰੀ ਬਣੀ ਰਹਿੰਦੀ ਹੈ।

ਭਾਨੋ ਦਾ ਪਿਤਾ ਵੀ ਸਮਾਜਿਕ ਅਤੇ ਪਰਿਵਾਰਕ ਤੌਰ ਤੇ ਅਪੰਗ ਬਣ ਕੇ ਰਹਿ ਗਿਆ ਸੀ। ਆਪਣੇ ਪੁਤ ਡੋਗਰ ਦੀ ਜ਼ਿੰਦਗੀ ਲਈ ਉਸਨੇ ਭਾਨੋ ਦੇ ਪੈਸੇ ਵੱਟੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨ ਪਰ ਜਦ ਡੋਗਰ ਵੀ ਨਾ ਰਿਹਾ ਤਾਂ ਉਹ ਪੂਰੀ ਤਰ੍ਹਾਂ ਟੁੱਟ ਗਿਆ। ਸਮਾਜ ਵਿਚ ਉਸਦੀ ਇਜ਼ਤ ਨਾ ਰਹੀ ਅਤੇ ਪੁੱਤ ਦੀ ਮੌਤ ਕਾਰਣ ਉਸਦਾ ਪਰਿਵਾਰਕ ਸੰਗਠਨ ਵੀ ਖੇਰੂੰ-ਖੇਰੂੰ ਹੋ ਗਿਆ। ਭਾਨੋ ਨੂੰ ਸਹਾਰਾ ਦੇਣਾ ਵੀ ਉਸਦੇ ਵੱਸ ਦੀ ਗੱਲ ਨਾ ਰਹੀ। ਉਹ ਇਤਨਾ ਭਿੜਕ ਚੁਕਾ ਸੀ ਕਿ ਹੁਣ ਸੰਭਲਣਾ ਉਸਦੇ ਵੱਸ ਤੋਂ ਬਾਹਰ ਸੀ। ਇਸੇ ਤਿੜਕੀ-ਬਿਖਰੀ ਸਥਿਤੀ ਵਿਚ ਉਹ ਭਾਨੋ ਨੂੰ ਕਿਸੇ ਹੋਰ ਪਾਸ ਤੋਰਨ ਦਾ ਆਹਰ ਕਰਨ ਲੱਗਾ। ਆਰਥਿਕ ਅਤੇ ਸਭਿਆਚਾਰਕ ਪੱਖੋਂ ਟੁੱਟ ਚੁਕੇ ਹੋਣ ਕਾਰਣ ਉਸਦੀ ਸੋਚ ਵੀ ਇਸ ਕਦਰ ਵਿਕ੍ਰਿਤ ਹੋ ਰਹੀ ਸੀ ਕਿ ਉਹ ਉਸਨੂੰ ਦੂਜੀ ਵਾਰ ਵੇਚਣਾ ਚਾਹੁੰਦਾ ਸੀ।

ਪਰ ਭਾਨੋ ਲਈ ਇਹ ਸਥਿਤੀ ਅਪ੍ਰਵਾਨ ਸੀ। ਪਹਿਲੀ ਵਾਰ ਤਾਂ ਉਹ ਆਪਣੇ ਭਰਾ 'ਡੋਗਰ' ਦੇ ਇਲਾਜ ਲਈ ਪੈਸੇ ਕਮਾਉਣ ਕਾਰਣ ਵਿਕਣ ਵਾਸਤੇ ਮੰਨੀ ਸੀ। ਇਹ ਇਕ ਤਰ੍ਹਾਂ ਦਾ ਬਲੀਦਾਨ ਸੀ ਜੋ ਇਕ ਭੈਣ ਨੇ ਆਪਣੇ ਭਰਾ ਵਾਸਤੇ ਦਿੱਤਾ। ਪਰ ਹੁਣ ਜਦ ਡੋਗਰ ਹੀ ਨਹੀਂ ਸੀ ਰਿਹਾ ਅਤੇ ਉਸਦਾ ਬਲੀਦਾਨ ਇਕ ਤਰ੍ਹਾਂ ਨਾਲ ਵਿਅਰਥ ਸਿੱਧ ਹੋਇਆ ਸੀ ਤਾਂ ਦੋਬਾਰਾ ਉਹ ਕਿਸ ਸੱਚੇ-ਝੂਠੇ ਆਦਰਸ਼ ਲਈ ਵਿਕੇ? ਦੋਬਾਰਾ ਵਿਕਣ ਵਾਲੀ ਸਥਿਤੀ ਨੂੰ ਅਸ੍ਵੀਕਾਰ ਕਰਦੀ ਹੋਈ ਉਹ ਗੰਗਾਮਈ ਦੇ ਦਰਸ਼ਨਾਂ ਲਈ ਜਾਂਦੇ ਸੰਗ ਨਾਲ ਤੀਰਥ ਯਾਤਰਾ ਤੇ ਚਲੀ ਜਾਂਦੀ ਹੈ ਅਤੇ ਉਥੇ ਪਹੁੰਚ ਕੇ ਗੰਗਾ ਵਿਚ ਛਾਲ ਮਾਰ ਦਿੰਦੀ ਹੈ ਤਾਂ ਜੁ ਉਸਦੇ ਅਰਥਹੀਣ ਅਤੇ ਅਪ੍ਰਮਾਣਿਕ ਜੀਵਨ ਦਾ ਅੰਤ ਹੋ ਜਾਵੇ। ਪਰ ਇਥੇ ਵੀ ਉਸਨੂੰ ਨਰੈਣਾ ਅਮਲੀ ਬਚਾ ਲੈਂਦਾ ਹੈ ਅਤੇ ਜਦ ਉਸਨੂੰ ਪਤਾ ਚਲਦਾ ਹੈ ਕਿ ਭਾਨੋ ਦਾ ਕਿਸੇ ਪਾਸੇ ਕੋਈ ਆਸਰਾ ਨਹੀਂ ਤਾਂ ਉਹ ਕਹਿੰਦਾ ਹੈ, "ਓਹ! ਸਹੁਰੀਏ ਤੂੰ ਵੀ ਮੇਰੇ ਵਰਗੀਓਂ ਈ ਐਂ। ਚੰਗਾ ਮੇਰੇ ਨਾਲ ਚੱਲ। ਜਿਥੇ ਮੈਂ ਦੋ ਰੋਟੀਆਂ ਖਾਊਂਗਾ ਤੂੰ ਖਾ ਛਡੀਂ।" ਭਾਨੋ ਨਰੈਣੇ ਨੂੰ ਕੇਵਲ ਇਤਨਾ ਪੁੱਛਦੀ ਹੈ ਕਿ ਕੀ ਉਹ ਜੱਟ ਹੈ? ਜਦ ਨਰੈਣਾ 'ਹਾਂ' ਕਹਿੰਦਾ ਹੈ ਤਾਂ ਉਹ ਨਰੈਣੇ ਨਾਲ ਰਹਿਣ ਲਈ ਤਿਆਰ ਹੋ ਜਾਂਦੀ ਹੈ। ਸਮਾਜ ਅਤੇ ਪਰਿਵਾਰ ਨਾਲੋਂ ਪੂਰੀ ਤਰ੍ਹਾਂ ਟੁੱਟ ਕੇ ਵੀ ਭਾਨੋ ਇਸ ਦੀਆਂ ਮਰਯਾਦਾਵਾਂ ਅਤੇ ਪਰੰਪਰਾਵਾਂ ਨਾਲ ਜੁੜਨ ਲਈ ਨਵੇਂ ਸਿਰਿਉਂ ਕੋਸ਼ਿਸ਼ ਕਰਦੀ ਹੈ।

ਨਰੈਣਾ ਵੀ ਭਾਨੋ ਵਾਂਗ ਸਮਾਜਕ ਪਰੰਪਰਾਵਾਂ ਨਾਲੋਂ ਛੇਕਿਆ ਹੋਇਆ ਹੈ। ਪਰਿਵਾਰ ਵਿਚ ਉਸਦਾ ਕੋਈ ਨਹੀਂ। ਇਕ ਭੈਣ ਸੀ ਜੋ ਉਸ ਤੋਂ ਬਹੁਤ ਦੂਰ ਯੂ. ਪੀ. ਵਿਚ ਵਿਆਹੀ ਹੋਈ ਹੈ। ਨਰੈਣਾ ਕਦੇ 'ਸੰਧਾਰਾ' ਲੈ ਕੇ ਉਸ ਪਾਸ ਨਹੀਂ ਗਿਆ। ਇਕ ਤਰ੍ਹਾਂ ਨਾਲ ਭੈਣ-ਭਰਾ ਦੇ ਸਾਕਾਦਾਰੀ ਸੰਬੰਧ ਟੁੱਟੇ ਹੋਏ ਹਨ। ਸਮਾਜ ਵਿਚ ਵੀ ਨਰੈਣੇ ਦੀ ਕੋਈ ਥਾਂ ਨਹੀਂ ਕਿਉਂਕਿ ਇਕ ਤਾਂ ਉਹ ਛੜਾ ਹੈ ਤੇ ਛੜੇ ਹੋਣ ਦੀ ਸੂਰਤ ਵਿਚ ਸਮਾਜਿਕ-ਸਭਿਆਚਾਰਕ ਰੀਤੀ ਰਿਵਾਜਾਂ ਵਿਚ ਉਸਦੀ ਕੋਈ ਥਾਂ ਨਹੀਂ। ਉਹ ਇਕ ਤਰ੍ਹਾਂ ਦਾ ਕਲੰਕ ਹੈ ਜੋ ਕਦੇ ਵੀ ਕਿਸੇ ਦੇ ਮੱਥੇ ਉਤੇ ਲੱਗ ਸਕਦਾ ਹੈ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਸਰੇ ਉਹ ਅਮਲੀ ਹੈ। ਛੜਾ ਰਹਿਣ ਦੀ ਸੂਰਤ ਵਿਚ ਹੀ ਉਹ ਅਮਲੀ ਹੋ ਗਿਆ ਹੈ। ਉਹ ਮਿਹਨਤ-ਮੁਸ਼ੱਕਤ ਦੀ ਕੋਈ ਜ਼ਰੂਰਤ ਨਹੀਂ ਸਮਝਦਾ ਕਿਉਂਕਿ ਉਸਦੇ ਇਕ ਹੋਰ ਅਮਲੀ ਦੋਸਤ ਦੇ ਕਥਨ ਅਨੁਸਾਰ", ਆਪਣੇ ਕੀ ਮਗਰ ਜੁਆਕ ਰੋਂਦੇ ਐ, ਜਿਨ੍ਹਾਂ ਖ਼ਾਤਰ ਜੋੜਨੇ ਐ ਪੈਸੇ। ਬਾਕੀ ਦੇਹ ਦਾ ਹੁਣ ਕੀ ਗਲਨੈ, ਗਲਲੀ ਜਿਹੜੀ ਗਲਣੀ ਸੀ। ਹੁਣ ਤਾਂ ਕੋਈ ਦਿਨ ਦਾ ਈ ਮੌਜ ਮੇਲਾ ਐ।" (ਪੰਨਾ 34)

ਇਸ ਨਰੈਣੇ ਨਾਲ ਸਮਾਜਕ-ਸੰਵਾਦ ਰਚਾਉਣ ਦੀ ਕਿਸੇ ਨੂੰ ਜ਼ਰੂਰਤ ਨਹੀਂ। ਬਚਨੀ, ਨਰੈਣੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੀ ਹੋਈ ਕਹਿੰਦੀ ਹੈ, "ਕੋਹੜੇ ਹੋਏ ਤੋਂ ਕੱਚਾ ਬੇਰ ਲੈ ਕੇ ਖਾਣ ਨੂੰ ਚਿੱਤ ਨੀਂ ਕਰਦਾ। ਨਿਰਾ ਘੋਰੀ ਐ।" ਇਸ ਨਰੈਣੇ ਨਾਲ ਤੁਰ ਆਈ ਭਾਨੋ ਨੂੰ ਵੀ ਕੋਈ ਅੰਪਣਾਉਣ ਲਈ ਤਿਆਰ ਨਹੀਂ। ਭਾਨੋ ਦੀਆਂ ਗੁਆਂਢਣਾਂ ਕੰਧ ਉਤੋਂ ਦੀ ਛਿਪ-ਛਿਪ ਕੇ ਦੇਖਦੀਆਂ ਹਨ ਜਿਵੇਂ ਉਹ ਕੋਈ ਅਜੂਬਾ ਹੋਵੇ, "ਨੀ ਜਾ ਵੱਢੇ ਦੀ ਚੰਗੀ ਭਲੀ ਸਾਬਤ ਤੀਮੀ ਐ, ਖ਼ਬਰਨੀ ਕੀਹਦਾ ਘਰ ਪੱਟ ਕੇ ਆਈ ਹੋਊ।...ਮੈਂ ਤਾਂ ਮਾੜੀ ਜੀ ਕੰਧ ਉਤੋਂ ਦੀ ਝਾਕੀ ਸੀ ਭੱਜੜੇ ਪਿੱਟੇ ਦੀ ਮਟਕ ਮਟਕ ਕੰਮ ਕਰਦੀ ਤੁਰੀ ਫਿਰਦੀ ਐ, ਜਿਮੇਂ ਪਿਉ ਦੀ ਸਹੇੜ ਦਾ ਘਰ ਹੋਵੇ।" (ਪੰਨਾ 1) ਪਰ ਭਾਨੋ ਨਰੈਣੇ ਨਾਲ ਨਾਲ ਰਹਿਣਾ ਆਪਣੀ ਹੋਣੀ ਮੰਨ ਕੇ ਸਥਿਤੀ ਨੂੰ ਪ੍ਰਵਾਨ ਕਰ ਲੈਂਦੀ ਹੈ ਅਤੇ ਇਕ ਨਿਸ਼ਚਿਤ ਪਰਵੇਸ਼ ਵਿਚ ਰਹਿ ਤੇ ਆਪਣੇ ਨੇੜੇ ਦੇ ਸਮਾਜ ਅਤੇ ਸਭਿਆਚਾਰ ਨਾਲ ਸਾਂਝ ਪਾਉਣ ਦੀ ਕੋਸ਼ਿਸ਼ ਕਰਦੀ ਹੈ।

ਭਾਨੋ ਆਪਣੀ ਗੁਆਂਢਣ ਸੰਤੀ ਨਾਲ ਹੀ ਸਾਂਝ ਸਥਾਪਿਤ ਕਰਨ ਵਿਚ ਸਫ਼ਲ ਹੁੰਦੀ ਹੈ ਕਿਉਂਕਿ ਸੰਤੀ ਵੀ ਇਕ ਨਿਸਫ਼ਲ ਔਰਤ ਹੈ। ਉਹ ਆਪਣਾ ਇਕੋ ਇਕ ਪੁਤ ਚੜ੍ਹਦੀ ਜਵਾਨੀ ਵਿਚ ਗੁਆ ਬੈਠੀ ਹੈ ਅਤੇ ਹੁਣ ਉਹ ਜ਼ਿੰਦਗੀ ਤੋਂ ਨਿਰਾਸ਼ ਹੈ। ਸੰਤੀ ਅਤੇ ਭਾਨੋ ਦੋਹਾਂ ਵਿਚਕਾਰ ਨਿਰਾਸ਼ਾ ਦੀ ਸਾਂਝ ਹੈ। ਸੰਤੀ ਇਸ ਲਈ ਵੀ ਭਾਨੋ ਨੂੰ ਬੁਰਾ ਨਹੀਂ ਗਿਣਦੀ ਕਿਉਂਕਿ ਉਸਨੂੰ ਪਤਾ ਹੈ ਕਿ ਨਰੈਣੇ ਨੇ ਭਾਨੋ ਦੇ ਪੈਸੇ ਨਹੀਂ ਦਿਤੇ। ਉਹ ਨਰੈਣੇ ਤੋਂ ਇਸ ਗੱਲ ਦਾ ਪੂਰਾ ਅਤੇ ਪੱਕਾ ਪਤਾ ਕਰ ਲੈਂਦੀ ਹੈ :

> "ਸਹੁੰ ਖਾ ਗਾਂ, ਕੋਈ ਪੈਸਾ ਨਹੀਂ ਦਿੱਤਾ ?"
> "ਗਊ ਦੀ ਸਹੁੰ ਸੰਤੀ ਸਚੀਓਂ ਗੰਗਾ ਮਾਈ ਨੇ ਦਿਤੀ ਐ।"
> "ਵੇ ਫੇਰ ਤਾਂ ਚੰਗਾ ਰਿਹਾ, ਪਰ ਹੁਣ ਖਿਆਲ ਰੱਖੀਂ।
> ਪਹਿਲੀ ਆਂਗੂ ਨਾ ਹੋਵੇ। ਮਸਾਂ ਕਿਤੇ ਘਰ ਵੱਸਦਾ ਹੋਇਐ।
> (ਪੰਨਾ 16)

ਭਾਨੋ, ਸੰਤੀ ਨਾਲ ਆਪਣੇ ਪਰਿਪੱਕ ਹੋ ਚੁਕੇ ਰਿਸ਼ਤੇ ਤੋਂ ਉਤਸਾਹਿਤ ਹੋ ਕੇ ਆਪਣੇ ਬਾਕੀ ਗੁਆਂਢੀਆਂ ਨਾਲ ਵੀ ਰਾਬਿਤਾ ਕਾਇਮ ਕਰਨਾ ਚਾਹੁੰਦੀ ਹੈ ਪਰ ਬਚਨੀ ਅਤੇ ਦਿਆਲੋ ਵਰਗੀਆਂ ਗੁਆਂਢਣਾਂ ਉਸਨੂੰ 'ਮਲੇਛ' ਅਤੇ 'ਉੱਧਲ ਕਿਸੇ ਥਾਂ ਦੀ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਝ ਕੇ ਉਸ ਨਾਲ ਕਿਸੇ ਤਰ੍ਹਾਂ ਦਾ ਵੀ ਕੋਈ ਸਰੋਕਾਰ ਨਹੀਂ ਰੱਖਣਾ ਚਾਹੁੰਦੀਆਂ। ਦਿਆਲੋ ਉਸਦੇ ਸਭਾ ਦਾ ਮਖੌਲ ਉਡਾਉਂਦੀ ਹੋਈ, ਸੰਤੀ ਨੂੰ ਕਹਿੰਦੀ ਹੈ, "ਲੈ ਬਚਾਰੀ ਬਚੂਰੀ ਕੋਈ ਨੀ ਬੇਬੇ। ਸਾਡੇ ਪਿੰਡ ਵੀ ਸੀਗੀ ਇਕ ਇਹੋ ਜੀ। ਅਖੇ ਰੋਜ ਗੁਰਦਵਾਰੇ ਪਾਠ ਸੁਣਨ ਜਾਂਦੀ ਐ। ਓਦਣ ਈ ਪਤਾ ਲੱਗਿਆ ਜਦੋਂ ਜਣਦਿਆਂ ਸਹੇੜਦਿਆਂ ਦੇ ਸਿਰ ਸੁਆਹ ਪਾ ਕੇ ਭਾਈ ਜੀ ਨਾਲ ਉੱਧਲ ਗਈ।" (ਪੰਨਾ 28) ਭਾਨੋ ਦੀ ਇਕ ਹੋਰ ਗੁਆਂਢਣ ਬਚਨੀ ਵੀ ਉਸ ਨਾਲ ਕਿਸੇ ਤਰ੍ਹਾਂ ਦਾ ਲੈਣ-ਦੇਣ ਨਹੀਂ ਰੱਖਦੀ।

ਹੋਰ ਤਾਂ ਹੋਰ ਨਰੈਣੇ ਦੇ ਜੋੜੀਦਾਰ ਵੀ ਭਾਨੋ ਉੱਪਰ ਆਪਣਾ ਅਧਿਕਾਰ ਸਮਝਦੇ ਹਨ। ਉਹ ਜਾਣਦੇ ਹਨ ਕਿ ਭਾਨੋ ਵਰਗੀਆਂ ਵਿਕੀਆਂ ਹੋਈਆਂ ਜਾਂ ਐਵੇਂ-ਥਿਆਈਆਂ ਤੀਵੀਆਂ ਇਨਕਾਰ ਕਰ ਸਕਣ ਦੀ ਸਥਿਤੀ ਵਿਚ ਨਹੀਂ ਹੁੰਦੀਆਂ। ਨਰੈਣੇ ਦਾ ਇਕ ਜਵਾਨ ਜਿਹਾ ਦੋਸਤ ਜਾਗਰ ਕਿਵੇਂ ਨਾ ਕਿਵੇਂ ਭਾਨੋ ਨਾਲ ਆਪਣੇ ਸੰਬੰਧ ਜੋੜਨ ਦੀ ਕੋਸ਼ਿਸ਼ ਵਿਚ ਰਹਿੰਦਾ ਹੈ। ਪਹਿਲਾਂ ਤਾਂ ਉਹ ਮਿੱਠਤ ਨਾਲ ਭਾਨੋ ਨੂੰ ਫੁਸਲਾਉਣ ਦਾ ਯਤਨ ਕਰਦਾ ਹੈ। ਫਿਰ ਸ਼ਰਾਬੀ ਹੋ ਕੇ ਉਸਨੂੰ ਆਪਣੀ ਗਲਵਕੜੀ ਵਿਚ ਘੁੱਟ ਲੈਂਦਾ ਹੈ ਪਰ ਆਪਣੀ ਸਮਾਜਿਕ ਸਥਿਤੀ ਤੋਂ ਅਣਭਿੱਜ ਭਾਨੋ ਜਦੋਂ ਕਿਵੇਂ ਵੀ ਉਸ ਦੇ ਕਾਬੂ ਵਿਚ ਨਹੀਂ ਆਉਂਦੀ ਤਾਂ ਉਹ ਨਰੈਣੇ ਨੂੰ ਉਸਦੇ ਵਿਰੁੱਧ ਉਕਸਾ ਦਿੰਦਾ ਹੈ। ਨਰੈਣਾ ਕੁਝ ਉਸਦੀਆਂ ਗੱਲਾਂ ਵਿਚ ਆ ਅਤੇ ਕੁਝ ਭਾਨੋ ਦੀ ਸਮਾਜਿਕ ਸਥਿਤੀ ਨੂੰ ਆਪਣੇ ਧਿਆਨ ਵਿਚ ਰੱਖ ਕੇ ਮੰਨ ਲੈਂਦਾ ਹੈ ਕਿ ਭਾਨੋ ਹੀ ਚਰਿਤਰਹੀਣ ਹੈ। ਅਤੇ ਜਿਵੇਂ ਕਿ ਹੁੰਦਾ ਹੈ, ਉਹ ਚਰਿਤਰੀਣ ਔਰਤ ਨੂੰ ਕੁੱਟਦਾ-ਮਾਰਦਾ ਹੈ। ਭਾਨੋ ਆਪਣੀ ਇਸ ਸਥਿਤੀ ਨਾਲ ਸਮਝੌਤਾ ਕਰਨ ਵਾਸਤੇ ਤਿਆਰ ਨਹੀਂ। ਉਹ ਨਰੈਣੇ ਦੀ ਕੁੱਟ ਮਾਰ ਤਾਂ ਬਰਦਾਸ਼ਤ ਕਰ ਸਕਦੀ ਹੈ ਪਰ ਆਪਣੇ ਲਈ 'ਚਰਿਤਰਹੀਣ' ਦਾ ਫ਼ਤਵਾ ਨਹੀਂ ਸਹਿ ਸਕਦੀ। ਉਹ ਨਰੈਣੇ ਪਾਸੋਂ ਸੋਟੀ ਖੋਹ ਲੈਂਦੀ ਹੈ। ਭਾਵੇਂ ਇਸ ਸਥਿਤੀ ਵਿਚ ਉਹ ਇਕ ਵਿਦ੍ਰੋਹੀ ਇਸਤ੍ਰੀ ਦੇ ਰੂਪ ਵਿਚ ਤਾਂ ਨਜ਼ਰ ਨਹੀਂ ਆਉਂਦੀ ਪਰ ਆਪਣੀ ਸਮਾਜਿਕ ਪ੍ਰਤਿਸ਼ਠਾ, ਜੋ ਉਸਨੂੰ ਕਦੇ ਵੀ ਨਹੀਂ ਮਿਲੀ, ਦੀ ਖ਼ਾਤਿਰ ਉਹ ਸਾਹਮਣੇ ਪੇਸ਼ ਸਥਿਤੀ ਨੂੰ ਨਕਾਰਣ ਦਾ ਹੌਸਲਾ ਜ਼ਰੂਰ ਰੱਖਦੀ ਹੈ।

ਜਾਗਰ ਅਜੇ ਵੀ ਭਾਨੋ ਦਾ ਖਹਿੜਾ ਨਹੀਂ ਛੱਡਦਾ। ਉਹ ਭਾਨੋ ਦੇ ਪਹਿਲੇ ਪਤੀ ਸਰਵਣ ਨਾਲ ਆਪਣੀ ਦੋਸਤੀ ਦਾ ਵਾਸਤਾ ਪਾ ਕੇ ਅਤੇ ਧੀਆਂ ਪੁੱਤਾਂ ਦੀ ਸੰਭਾਵਨਾ ਨਾਲ ਲਾਲਚ ਦੇ ਕੇ ਉਸਨੂੰ ਆਪਣੇ ਵਲ ਆਕ੍ਰਿਸ਼ਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਪਰ ਭਾਨੋ ਘਰਾਣੇ ਘਰ ਦੀਆਂ ਇਸਤ੍ਰੀਆਂ ਵਾਂਗ ਆਪਣੇ ਵਿਵਹਾਰ ਨੂੰ ਸ਼ੁੱਧ ਅਤੇ ਪਵਿੱਤਰ ਬਣਾਈ ਰੱਖਣ ਦੇ ਆਹਰ ਵਿਚ ਰਹਿੰਦੀ ਹੈ। ਉਹ ਨਹੀਂ ਜਾਣਦੀ ਕਿ ਆਪਣੇ ਆਪ ਪ੍ਰਵਾਨਯੋਗ ਅਤੇ ਪ੍ਰਮਾਣਿਕ ਬਣਾਉਣ ਲਈ ਕੀਤੀ ਗਈ ਉਸਦੀ ਹਰ ਕੋਸ਼ਿਸ਼ ਵਿਅਰਥ ਚਲੀ ਜਾਏਗੀ।

ਇਸ ਪ੍ਰਸੰਗ ਵਿਚ ਨਰੈਣੇ ਦੀ ਭੈਣ ਕਰਤਾਰੀ ਦਾ ਭਾਨੋ ਦੇ ਘਰ ਆ ਕੇ ਆਪਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੀ ਦਾ ਵਿਆਹ ਨੇਪਰੇ ਚੜ੍ਹਾਉਣ ਦੀ ਘਟਨਾ ਵੀ ਉਲੇਖਯੋਗ ਹੈ। ਉਂਜ ਤਾਂ ਭਾਨੋ ਪਹਿਲਾਂ ਵੀ ਨਰੈਣੇ ਨੂੰ ਕਰਤਾਰੀ ਨਾਲ ਆਪਣੇ ਸਾਕਾਦਾਰੀ ਸੰਬੰਧ ਬਣਾਈ ਰੱਖਣ ਲਈ ਪ੍ਰੇਰਦੀ ਰਹਿੰਦੀ ਸੀ ਪਰ ਨਰੈਣਾ ਆਪਣੀ ਪੂਰਬਲੀ ਮਾਨਸਿਕਤਾ (ਛੜੇ + ਅਮਲੀ ਹੋਣ ਦੀ ਸੂਰਤ ਨਾਲ ਸੰਬੰਧਿਤ) ਅਧੀਨ ਕਰਤਾਰੀ ਨੂੰ ਮਿਲਣ ਵਾਸਤੇ, ਸੰਧਾਰਾ ਲੈ ਕੇ, ਯੂ. ਪੀ. ਨਹੀਂ ਸੀ ਜਾ ਸਕਦਾ। ਹੁਣ ਜਦ ਅਚਾਨਕ ਕਰਤਾਰੀ ਪਿੰਡ ਆ ਜਾਂਦੀ ਹੈ ਤਾਂ ਭਾਨੋ ਇਸ ਨੂੰ ਇਕ ਰੱਬੋਂ ਮਿਲਿਆ ਸੁਨਹਿਰੀ ਮੌਕਾ ਸਮਝ ਕੇ ਆਪਣੀ ਨਣਦ ਨੂੰ ਲੋੜੋਂ ਵੱਧ ਸਹਿਯੋਗ ਦਿੰਦੀ ਹੈ। ਉਹ ਸਵਾ ਕੁ ਮਹੀਨੇ ਦੇ ਵਕਫ਼ੇ ਵਿਚ ਆਪਣੇ ਸਚਿਆਰੀ ਹੋਣ ਦਾ ਸਬੂਤ ਦੇ ਕੇ ਆਪਣੀ ਹੋਂਦ ਨੂੰ ਨਰੈਣੇ ਦੇ ਕਬੀਲੇ ਵਿਚ ਉਸੇ ਤਰ੍ਹਾਂ ਅਭੇਦ ਕਰ ਦੇਣਾ ਚਾਹੁੰਦੀ ਹੈ ਜਿਵੇਂ ਉਸ ਦੇ ਹਾਣਦੀਆਂ ਬਾਕੀ ਮੁਟਿਆਰਾਂ ਨੇ ਕੀਤਾ ਹੁੰਦਾ ਹੈ। ਉਸਦੇ ਕੰਮ ਦੀ ਸਾਧਨਾ ਅਤੇ ਈਮਾਨਦਾਰੀ ਨੂੰ ਦੇਖ ਕਰਤਾਰੀ ਘੜੀ ਮੁੜੀ ਕਹਿੰਦੀ ਸੀ, "ਭਾਬੀ ਤੇਰੇ ਬਿਨਾਂ ਤਾਂ ਮੈਂ ਊਈਂ ਰੁਲ ਜਾਣਾ ਸੀ। ਮੇਰੇ ਕੋਲੋਂ ਹੋਣਾ ਸੀ ਕਿਤੇ ਏਨਾ ਕੰਮ।"..."ਭਾਨੋ ਤਾਂ ਕੰਮ ਕਰਦੀ ਜਿਵੇਂ ਥਕਦੀ ਨਹੀਂ ਸੀ। ਸਭ ਤੋਂ ਪਿਛੋਂ ਸੌਂਦੀ, ਸਭ ਤੋਂ ਪਹਿਲਾਂ ਉਠ ਖੜੋਂਦੀ। ਸਾਰਾ ਦਿਨ ਕਦੇ ਆਹ ਕਰ, ਕਦੇ ਔਹ ਕਰ। ਅੱਡੀ ਕਿਹੜਾ ਭੋਇੰ ਤੇ ਲੱਗਦੀ ਸੀ। ਫੇਰ ਸਤਿਆਮਾਨ ਨੇ ਕਦੇ ਮੱਥੇ ਵੱਟ ਨਹੀਂ ਸੀ ਪਾਇਆ।" (ਪੰਨਾ 66)

ਕੁੜੀ ਨੂੰ ਵਿਦਾ ਕਰ ਜਦ ਮੇਲਣਾਂ ਗਿੱਧਾ ਪਾਉਣ ਲੱਗੀਆਂ ਤਾਂ ਥੱਕੀ ਟੁੱਟੀ ਭਾਨੋ ਵਿਚ ਖ਼ਬਰ ਨਹੀਂ ਕਿਧਰੋਂ ਲੋਹੜੇ ਦਾ ਜ਼ੋਰ ਆ ਗਿਆ। "ਉਸ ਨੇ ਨੱਚ ਨੱਚ ਧਰਤੀ ਪੱਟ 'ਤੀ।" ਉਸ ਵਲੋਂ ਪਈਆਂ ਗਈਆਂ ਬੋਲੀਆਂ ਉਸਦੀ ਹੋਂਦਵਾਦੀ ਸਥਿਤੀ ਦਾ ਪਰਿਚਯ ਦਿੰਦੀਆਂ ਹਨ :

ਨੱਕੇ ਛੱਡੂੰਗੀ ਕਣਕ ਦੇ ਤੇਰੇ
ਰੱਖ ਲੈ ਕੁਆਰੀ ਬਾਬਲਾ।

ਉਹ ਕਦੇ ਤਾਂ ਪ੍ਰਾਪਤ ਹੋਈ ਨਵੀਂ ਸਥਿਤੀ ਵਿਚ ਆਪਣੇ ਆਪ ਨੂੰ ਅਭੇਦ ਕਰਨ ਦੀ ਕੋਸ਼ਿਸ਼ ਕਰਦੀ ਹੈ ਅਤੇ ਕਦੇ ਆਪਣੀਆਂ ਅਜਿਹੀਆਂ ਕੋਸ਼ਿਸ਼ਾਂ ਨੂੰ ਨਾਕਾਮ ਮੰਨ ਕੇ ਆਪਣੇ ਅਤੀਤ ਵੱਲ ਵਾਪਸ ਲੋਟ ਜਾਣ ਦੀ ਆਰਜ਼ੂ ਦਰਸਾਉਂਦੀ ਹੈ। ਪਰ ਉਹ ਕਿਸੇ ਪਾਸੇ ਨਹੀਂ ਜਾ ਸਕਦੀ। ਸਾਰੇ ਰਸਤੇ ਉਸ ਲਈ ਬੰਦ ਨੇ। ਤਾਂ ਵੀ ਉਹ ਨਿਰਾਸ਼ ਹੋ ਕੇ ਆਪਣੀ ਸਥਿਤੀ ਨੂੰ ਸਹਿਜੇ ਕੀਤੇ ਪ੍ਰਵਾਨ ਨਹੀਂ ਕਰਦੀ ਸਗੋਂ ਆਪਣੇ ਵਿਵਹਾਰ ਦੀ ਸ਼ੁੱਧਤਾ ਅਤੇ ਪਵਿਤਰਤਾ ਦੁਆਰਾ ਆਪਣੇ ਆਪ ਨੂੰ ਪ੍ਰਵਾਨ ਯੋਗ ਬਣਾਏ ਰੱਖਣ ਲਈ ਪ੍ਰਯਤਨਸ਼ੀਲ ਰਹਿੰਦੀ ਹੈ। ਉਹ ਕਦੇ ਵੀ, ਕਿਸੇ ਵੀ ਸਥਿਤੀ ਵਿਚ ਇਹ ਨਹੀਂ ਸੋਚਦੀ ਕਿ ਉਸ ਵਰਗੀ ਸਮਾਜਕ ਹੈਸੀਅਤ ਰੱਖਣ ਵਾਲੀਆਂ ਇਸਤ੍ਰੀਆਂ ਲਈ ਅਜਿਹਾ ਚਲਣ ਨਾ ਤਾਂ ਵਾਂਛਿਤ ਹੈ ਅਤੇ ਨਾ ਹੀ ਸ਼ੋਭਨੀਕ। ਜਾਗਰ ਵਰਗੇ ਕਿਸੇ ਵੀ ਪੁਰਸ਼ ਨਾਲ ਸੰਬੰਧ ਸਗੋਂ ਉਸ ਵਰਗੀਆਂ ਔਰਤਾਂ ਦੇ ਨਿਸਤਾਰੇ ਦਾ ਕਾਰਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣਦੇ ਹਨ। ਪਰ ਭਾਨੋ ਸਦਾ ਆਪਣੀ ਸਮਾਜਿਕ ਹੈਸੀਅਤ ਦੇ ਵਿਪਰੀਤ ਚਲਣ ਦਾ ਪ੍ਰਧਟਾਵਾ ਕਰਦੀ ਹੈ।

ਅੰਤ ਵਿਚ ਜਦੋਂ ਭਾਨੋ ਨੂੰ ਪਤਾ ਚਲ ਜਾਂਦਾ ਹੈ ਕਿ ਨਰੈਣਾ ਇਕ ਹੋਰ ਵਿਆਹ ਕਰਨ ਦੀ ਵਿਵਸਥਾ ਕਰ ਰਿਹਾ ਹੈ ਕਿਉਂਕਿ ਉਸਦੇ ਕੋਈ ਔਲਾਦ ਨਹੀਂ ਹੁੰਦੀ, ਤਾਂ ਵੀ ਭਾਨੋ ਆਪਣੇ ਵਿਵਹਾਰ ਵਿਚ ਕੋਈ ਗਿਰਾਵਟ ਨਹੀਂ ਆਉਣ ਦਿੰਦੀ। ਇਨ੍ਹਾਂ ਹੀ ਦਿਨਾਂ ਵਿਚ ਇਕ ਦਿਨ ਗੁਰਦੁਆਰੇ ਦਾ ਭਾਈ ਉਸਦੀ ਬਾਂਹ ਫੜ ਲੈਂਦਾ ਹੈ। ਭਾਨੋ ਉਸਦੇ ਚੁੰਗਲ ਵਿਚ ਵੀ ਨਹੀਂ ਫ਼ਸਦੀ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਾਨੋ ਦੀ ਸਮਾਜਿਕ ਸਥਿਤੀ, ਭੱਜੜੇ ਪਿਟੇ ਦੀ/ਮੁੱਲ ਦਾ ਸਾਕ, ਕਾਰਣ ਉਹ ਕਦੇ ਵੀ ਸਮਾਜਕ ਅਥਵਾ ਸਭਿਆਚਾਰਕ ਮਰਯਾਦਾ ਜਾਂ ਪ੍ਰਤਿਸ਼ਠਾ ਪ੍ਰਾਪਤ ਨਹੀਂ ਕਰ ਸਕਦੀ। ਉਸ ਦਾ ਚੰਗਾ ਵਿਵਹਾਰ, ਚੰਗੇ ਤਕੜੇ ਨਗਰ ਦੀ ਵਸਨੀਕ ਹੋਣਾ, ਨਰੈਣੇ ਦੀ ਆਰਥਿਕ ਸਥਿਤੀ ਨੂੰ ਠੁੰਮ੍ਹਣਾ ਦੇਣਾ, ਪਤੀਵ੍ਰਤਾ ਹੋਣਾ ਅਤੇ ਇਕ ਸਮਾਨ ਯੋਗ ਬਹੂ ਬਣਨ ਦੇ ਸਾਰੇ ਪ੍ਰਯਤਨ ਨਿਹਫਲ ਜਾਂਦੇ ਹਨ। ਉਹ ਨਰੈਣੇ ਦੇ 'ਤਬੇਲੇ ਵਰਗੇ ਭਾਂ ਭਾਂ ਕਰਦੇ ਘਰ ਨੂੰ, ਜਿਥੇ ਹਨੇਰੇ ਵਿਚ ਚੂਹੇ ਭਜੇ ਫਿਰਦੇ ਸਨ' (16) 'ਹੱਟੀ ਵਰਗ ਲਿਖਿਆ ਪੋਚਿਆ ਘਰ ਬਣਾ ਦਿੰਦੀ ਹੈ ਜਿਸਦਾ ਤਲੀ ਤਲੀ ਦਿੱਤਾ, ਸੰਭਰਿਆ ਸੂਹਰਿਆ ਅੰਦਰ ਅਜਿਹਾ ਹੈ, ਭਾਵੇਂ ਬੰਦਾ ਭੁੰਜੇ ਪਾ ਕੇ ਖਾ ਲਵੇ।' ਉਸਨੇ ਰਕਾਨਾਂ ਵਾਂਗ ਆਪਣੇ ਹੱਥਾਂ ਨਾਲ ਮੋਰਨੀਆਂ ਵਾਲਾ ਇਕ ਪੀੜ੍ਹਾ ਵੀ ਬਣਾ ਲਿਆ ਹੈ। ਚੌਂਕੇ ਵਿਚ ਲਿਸ਼ਕਦੇ ਭਾਂਡੇ ਚਿਣ ਕੇ ਰੱਖੇ ਹੋਏ ਹਨ। ਇਕ ਚਕਮਾ ਚੁਲ੍ਹਾ ਵੀ ਬਣਾਇਆ ਹੋਇਆ ਹੈ (ਪੰਨਾ 24) ਗੱਲ ਕੀ ਉਸਨੇ ਆਪਣੇ ਅਣਥੱਕ ਪ੍ਰਯਤਨਾਂ ਦੁਆਰਾ ਨਰੈਣੇ ਦੇ ਘਰ ਅਤੇ ਆਪਣੇ ਆਪ ਨੂੰ ਇਕ ਪ੍ਰਮਾਣਿਕ ਅਤੇ ਪ੍ਰਵਾਨਿਤ ਆਕਾਰ ਪ੍ਰਦਾਨ ਕਰਨ ਦੀ ਭਰਪੂਰ ਇੱਛਾ ਕੀਤੀ। ਪਰ ਉਸਦੀ ਸ਼ੂਨਯ ਜ਼ਿੰਦਗੀ ਵਿਅਰਥ ਅਤੇ ਨਿਹਫਲ ਹੀ ਬਣੀ ਰਹੀ। ਸਮਾਜ ਦੇ ਪ੍ਰਵਾਨਿਤ ਲੋਕਾਂ ਨੇ ਉਸਦੇ ਹਰ ਕਰਮ ਨੂੰ ਇਕ ਉਧਲ ਗਈ ਰੰਨ ਦੇ ਚੋਚਲਿਆਂ ਤੋਂ ਵੱਧ ਕੁਝ ਨਾ ਸਮਝਿਆ। ਭਾਨੋ ਦੀ ਤ੍ਰਾਸਦੀ ਇਹ ਨਹੀਂ ਕਿ ਉਹ ਆਪਣੇ ਪ੍ਰਯਤਨਾਂ ਵਿਚ ਅਸਫ਼ਲ ਰਹੀ ਸਗੋਂ ਇਹ ਜੋ ਕਿ ਕਿਸੇ ਨੇ ਵੀ ਉਸਦੇ ਪ੍ਰਯਤਨਾਂ ਨੂੰ ਪ੍ਰਮਾਣਿਕ ਜਾਂ ਵਾਸਤਵਿਕ ਨਾ ਮੰਨਿਆ। ਉਸਦੀ ਹਰ ਕੋਸ਼ਿਸ਼ ਅਪ੍ਰਮਾਣਿਕ ਅਤੇ ਬਣਾਉਟੀ ਸਮਝੀ ਗਈ।

(ਅ) ਔਤ-ਪ੍ਰੇਤ : ਦੁੱਧ ਪੁੱਤ ਵਾਲੀ

'ਇਹੁ ਹਮਾਰਾ ਜੀਵਣਾ' ਵਿਚ ਪ੍ਰਸਤੁਤ ਇਕ ਹੋਰ ਮਹੱਤਵ ਪੂਰਣ ਜੁੱਟ-ਵਿਰੋਧ ਔਤ-ਪ੍ਰੇਤ ਬਨਾਮ ਦੁੱਧ-ਪੁੱਤ ਵਾਲੀ ਹੈ। ਭਾਨੋ ਆਪਣੇ ਸੰਘਰਸ਼ ਵਿਚ ਇਸ ਕਾਰਣ ਵੀ ਸਫ਼ਲ ਨਾ ਹੋ ਸਕੀ ਕਿਉਂਕਿ ਉਹ ਸਰਵਣ ਜਾਂ ਨਰੈਣੇ ਦੀ ਪੀੜ੍ਹੀ ਲਈ ਇਕ ਵਾਰਸ ਨੂੰ ਜਨਮ ਨਾ ਦੇ ਸਕੀ। ਇਸ ਟੈਕਸਟ ਵਿਚ ਭਾਨੋ ਦੀ ਇਸ ਅਸਫ਼ਲਤਾ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੰਜਾਬ ਦੀਆਂ ਸਮਾਜਿਕ ਸਭਿਆਚਾਰਕ ਕੀਮਤਾਂ ਦੇ ਪ੍ਰਸੰਗ ਵਿਚ ਬੜੀ ਬਾਰੀਕੀ ਨਾਲ ਚਿਤਰਿਆ ਗਿਆ ਹੈ।

ਪੰਜਾਬ ਦੀ ਇਕ ਪਰਿਵਾਰਕ ਜਗਤ ਵਿਚ ਪੁੱਤਰ ਦਾ ਕੀ ਮਹਤਵ ਹੈ, ਇਸ ਦਾ ਬੋਧ ਭਾਨੋ ਨੂੰ ਆਰੰਭ ਵਿਚ ਹੀ ਹੋ ਜਾਂਦਾ ਹੈ। ਉਸਦਾ ਭਰਾ ਡੋਗਰ ਘਰ ਦੀ ਕੱਢੀ ਤਤੀ ਸ਼ਰਾਬ ਪੀ ਕੇ ਬੀਮਾਰ ਹੋ ਜਾਂਦਾ ਹੈ। ਭਾਨੋ ਦਾ ਬੁੱਢਾ ਬਾਪ ਉਸਨੂੰ ਬਚਾਉਣ ਲਈ ਆਪਣੀ ਸਾਰੀ ਜਾਇਦਾਦ ਦਾਅ ਤੇ ਲਗਾ ਦਿੰਦਾ ਹੈ। ਪਹਿਲਾਂ ਮੱਝ ਵੇਚਦਾ ਹੈ, ਫਿਰ ਬਲਦ ਅਤੇ ਅੰਤ ਜਦੋਂ ਨਿਆਈਂ ਵਾਲੇ ਖੇਤ ਦਾ ਅੰਗੂਠਾ ਲਾਕੇ ਘਰ ਮੁੜਦਾ ਹੈ ਤਾਂ ਉਹ ਉਦਾਸੀ ਦੇ ਆਲਮ ਵਿਚ ਡੂੰਘੀ ਤਰ੍ਹਾਂ ਡੁੱਬ ਜਾਂਦਾ ਹੈ। ਉਸਨੇ ਜ਼ਮੀਨ ਵੀ ਵੇਚ ਦਿੱਤੀ ਸੀ 'ਜੋ ਜੱਟ ਦੀ ਜਾਨ ਹੁੰਦੀ ਹੈ' (ਪੰਨਾ 13) ਪਰ ਜਦ ਇਹ ਪੈਸੇ ਵੀ ਖ਼ਤਮ ਹੋ ਜਾਂਦੇ ਹਨ ਤਾਂ ਭਾਨੋ ਦਾ ਬਾਪੂ ਆਪਣੀ ਇਕੋ-ਇਕ ਜਾਇਦਾਦ 'ਇੱਜ਼ਤ' ਨੂੰ ਵੀ ਦਾਅ ਤੇ ਲਗਾਉਣ ਦਾ ਮਨ ਬਣਾ ਲੈਂਦਾ ਹੈ। ਉਹ 'ਭਾਨੋ' ਦੇ ਪੈਸੇ ਲੈ ਕੇ ਉਸਦਾ ਵਿਆਹ ਪੰਜ ਛੜੇ ਭਰਾਵਾਂ ਦੇ ਇਕ ਭਰਾ ਸਰਵਣ ਨਾਲ ਕਰ ਦਿੰਦਾ ਹੈ। ਪਰ ਉਸਦਾ ਆਪਣਾ ਪੁੱਤਰ 'ਡੋਗਰ' ਫਿਰ ਵੀ ਨਹੀਂ ਬਚਦਾ। ਇਸ ਤਰ੍ਹਾਂ ਡੋਗਰ ਦੀ ਮੌਤ ਭਾਨੋ ਦੇ ਪੇਕੇ-ਪਰਿਵਾਰ ਦੇ ਸੰਗਠਨ ਨੂੰ ਖੇਰੂੰ-ਖੇਰੂੰ ਕਰ ਕੇ ਰੱਖ ਦਿੰਦੀ ਹੈ।

ਭਰਾ-ਵਾਹਰੀ ਭਾਨੋ ਦਾ ਅਸਲ ਪਤਨ ਇਥੋਂ ਹੀ ਸ਼ੁਰੂ ਹੁੰਦਾ ਹੈ। ਉਸਦੇ ਛੜੇ ਜੇਠ ਭਾਨੋ ਉਤੇ ਆਪਣਾ ਸਭ ਦਾ, ਬਰਾਬਰ-ਦਾ ਅਧਿਕਾਰ ਸਮਝਦੇ ਹਨ। ਉਸਦਾ ਪਤੀ ਸਰਵਣ ਵਿਚਾਰਾ ਇਕੱਲਾ ਰਹਿ ਜਾਂਦਾ ਹੈ। ਕੋਈ ਉਸਦੀ ਮਦਦ ਕਰਨ ਵਾਲਾ ਨਹੀਂ। ਜੇ ਭਾਨੋ ਦਾ ਭਰਾ ਡੋਗਰ ਜਿਉਂਦਾ ਹੁੰਦਾ ਤਾਂ ਕੋਈ ਕਾਰਣ ਨਹੀਂ ਸੀ ਕਿ ਭਾਨੋ ਦੇ ਜੇਠ ਉਸਦੇ ਪਤੀ ਨੂੰ ਤੰਗ ਕਰਦੇ। ਪਰ ਜਦ ਸਰਵਣ ਇਕੱਲਾ ਵੀ ਆਪਣੇ ਭਰਾਵਾਂ ਦੇ ਸੂਤ ਨਹੀਂ ਆਉਂਦਾ ਅਤੇ ਮੁੱਲ ਦੀ ਚੀਜ਼ ਉਤੇ ਉਨ੍ਹਾਂ ਦਾ ਕੋਈ ਹੱਕ ਨਹੀਂ ਮੰਨਦਾ ਤਾਂ ਉਹ ਉਸਨੂੰ ਸੱਟਾਂ ਮਾਰਕੇ ਜ਼ਖ਼ਮੀ ਕਰ ਦਿੰਦੇ ਹਨ। ਸਰਵਣ ਦੀ ਮੌਤ ਇਕਲਾਪੇ ਦੀ ਮਾਯੂਸੀ ਅਤੇ ਲਾਚਾਰੀ ਕਾਰਣ ਹੁੰਦੀ ਹੈ।

ਇਸ ਤਰ੍ਹਾਂ ਭਰਾ-ਵਾਹਰੀ, ਸਿਰੋਂ-ਨੰਗੀ ਭਾਨੋ ਸਾਡੇ ਸਮਾਜਕ-ਸਭਿਆਚਾਰਕ ਢਾਂਚੇ ਵਿਚ ਹੋਰ ਵੀ ਮਜ਼ਬੂਰ ਅਤੇ ਅਸਹਾਇ ਹੋ ਜਾਂਦੀ ਹੈ। ਸਰਵਣ ਦੇ ਭਰਾ ਭਾਨੋ ਨੂੰ ਚੁੱਕ ਕੇ ਲੈ ਜਾਣ ਦੀਆਂ ਧਮਕੀਆਂ ਦਿੰਦੇ ਹਨ। ਇਕੋ-ਇਕ ਪੁੱਤ ਦੀ ਮੌਤ ਕਾਰਣ ਖੁਰ ਚੁਕਾ ਭਾਨੋ ਦਾ ਪਿਤਾ ਇਨ੍ਹਾਂ ਧਮਕੀਆਂ ਦਾ ਕੋਈ ਮਾਕੂਲ ਉੱਤਰ ਨਹੀਂ ਦੇ ਸਕਦਾ। ਉਹ ਭਾਨੋ ਨੂੰ ਕਿਧਰੇ ਹੋਰ 'ਤੋਰਣ' ਦਾ ਮਨ ਬਣਾ ਲੈਂਦਾ ਹੈ। ਆਪਣੇ ਲੰਬੇ ਅਨੁਭਵ ਕਾਰਣ ਉਹ ਸਮਝ ਚੁਕਾ ਹੈ ਕਿ ਭਾਨੋ ਵਰਗੀ ਭਰਾਵਾਂ-ਵਾਹਰੀ ਕੁੜੀ ਲਈ ਹੁਣ ਕਿਧਰੇ ਵੀ ਸਨਮਾਨ ਯੋਗ ਢੋਈ ਨਹੀਂ ਜੁੜਨੀ। ਭਾਵੇਂ ਭਾਨੋ ਅਜੇ ਆਪਣੀ ਇਸ ਸਥਿਤੀ ਨੂੰ ਪੂਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰ੍ਹਾਂ ਨਹੀਂ ਸਮਝ ਸਕੀ। ਤਾਂ ਵੀ ਉਹ ਕਿਧਰੇ ਹੋਰ 'ਤੁਰਨ' ਨਾਲੋਂ ਆਪਣੀ ਨਾਕਾਮ ਜ਼ਿੰਦਗੀ ਦਾ ਖ਼ਾਤਮਾ ਕਰ ਦੇਣਾ ਬੇਹਤਰ ਸਮਝਦੀ ਹੈ। ਇਥੇ ਹੀ ਉਸਦਾ ਨਰੈਣੇ ਨਾਲ ਮੇਲ ਹੁੰਦਾ ਹੈ ਅਤੇ ਮਰਦੀ-ਮਰਦੀ ਉਹ ਫੇਰ ਨਵੇਂ ਸਿਰਿਉਂ ਜੀਣ ਦੀ ਉਮੰਗ ਲੈ ਕੇ ਨਰੈਣੇ ਦੇ ਘਰ ਆ ਟਿੱਕਦੀ ਹੈ।

ਏਥੇ ਆ ਕੇ ਵੀ ਕਦਮ-ਕਦਮ ਤੇ ਉਸਨੂੰ ਆਪਣੇ ਭਰਾ ਦੀ ਜ਼ਰੂਰਤ ਅਨੁਭਵ ਹੁੰਦੀ ਹੈ। ਇਕ ਵਾਰ ਜਦ ਜਾਗਰ ਦੀ ਚੱਕ ਵਿਚ ਆ ਕੇ ਨਰੈਣਾ ਉਸਨੂੰ ਕੁੱਟ ਮਾਰ ਕਰਦਾ ਹੈ ਤਾਂ ਬਚਨੀ ਉਸਨੂੰ ਦੱਸਦੀ ਹੈ, "ਮੇਰੇ ਨਾਲ ਵੀ ਕੇਰਾਂ ਲੱਗਿਆ ਸੀ ਛੋਟੇ ਦਾ ਬਾਪੂ ਇਉਂ ਈ ਕਰਨ। ਬੁੜ੍ਹੀ ਜੀਊਂਦੀ ਸੀ ਉਦੋਂ ਸਾਡੀ। ਭਿੱਤੀਆਂ ਦਿੰਦੀ ਰਿਹਾ ਕਰੇ ਤੇ ਤੀਏ ਦਿਨ ਡੰਡਾ ਲੈ ਕੇ ਇਹ ਮੇਰੇ ਦੁਆਲੇ ਹੋ ਜਿਆ ਕਰੇ। ਮੈਂ ਤਾਂ ਹਾਰ ਕੇ ਆਪਣੇ ਭਾਈਆਂ ਨੂੰ ਦੱਸਿਆ। ਓਦਣੇ ਆ ਗੇ ਤਿੰਨੋ, ਆਖਣ ਲੱਗੇ ਸਾਡੀ ਭੈਣ ਦਾ ਕਸੂਰ ਦੱਸ। ਫੇਰ ਤਾਂ ਯਈਂ ਯਈਂ ਕਰੇ ਮੂਹਰੇ। ਮੁੜ ਕੇ ਅੱਜ ਹੱਥ ਚੱਕਦੈ।" ਇਸੇ ਤਰ੍ਹਾਂ ਇਕ ਵਾਰ ਜਦੋਂ ਭਾਨੋ ਸੰਤੀ ਨੂੰ ਆਪਣੇ ਦੁਖਦ ਅਤੀਤ ਦੀਆਂ ਗੱਲਾਂ ਸੁਣਾਉਂਦੀ ਹੋਈ ਵੈਰਾਗ ਵਿਚ ਆ ਜਾਂਦੀ ਹੈ ਤਾਂ ਉਹ ਵੀਰ ਨੂੰ ਨਿਮੰਤ੍ਰਣ ਦੇਣ ਵਾਲਾ ਇਹੀ ਗੀਤ ਛੋਂਹਦੀ ਹੈ :

ਉੱਡਦਾ ਵੇ ਜਾਵੀਂ ਕਾਵਾਂ, ਬਹਿੰਦੜਾ ਜਾਵੀਂ ਵੇ,
ਬਹਿੰਦੜਾ ਜਾਵੀਂ ਮੇਰੇ ਪੇਕੜੇ ਮੈਂ ਵਾਰੀ।
ਇਕ ਨਾ ਦੱਸੀਂ ਮੇਰੀ ਮਾਂ ਰਾਣੀ ਨੂੰ
ਰੋਊਗੀ ਮੇਰੀਆਂ ਗੁੱਡੀਆਂ ਫੋਲ ਕੇ, ਮੈਂ ਵਾਰੀ।
ਇਕ ਨਾ ਦੱਸੀਂ ਮੇਰੇ ਬਾਬਲ ਰਾਜੇ ਨੂੰ
ਰੋਊਗੀ ਭਰੀ ਕਚਹਿਰੀ ਛੋੜ ਕੇ, ਮੈਂ ਵਾਰੀ।
ਇਕ ਨਾ ਦੱਸੀਂ ਅੜਿਆ ਭੈਣ ਮੇਰੀ ਨੂੰ
ਰੋਊਗੀ ਭਰਿਆ ਤ੍ਰਿੰਜਣ ਵੇਖ ਕੇ, ਮੈਂ ਵਾਰੀ।
ਇਕ ਨਾ ਦੱਸੀਂ ਅੜਿਆ ਭਾਬੋ ਮੇਰੀ ਨੂੰ
ਖਿੜ ਖਿੜ ਹੱਸੂ ਪੇਕੇ ਜਾ ਕੇ, ਮੈਂ ਵਾਰੀ।
ਦੱਸੀਂ ਵੇ ਦੱਸੀਂ ਕਾਵਾਂ ਦੱਸੀਂ ਮੇਰੇ ਵੀਰ ਨੂੰ
ਆਊਗਾ ਨੀਲਾ ਘੋੜਾ ਬੀੜ ਕੇ, ਮੈਂ ਵਾਰੀ।

ਡੋਗਰ ਦੀ ਮੌਤ ਉਪਰੰਤ ਭਾਨੋ ਪੇਕਿਆਂ ਵਲੋਂ ਪੂਰੀ ਤਰ੍ਹਾਂ ਟੁੱਟ ਚੁਕੀ ਹੈ ਪਰ ਉਹ ਸਹੁਰਿਆਂ ਨਾਲ ਵੀ ਜੁੜਦੀ ਨਹੀਂ ਦਿਸਦੀ ਕਿਉਂਕਿ ਉਹ ਇਕ ਪੁੱਤਰ ਨੂੰ ਜਨਮ ਨਹੀਂ ਦੇ ਸਕੀ। ਬਾਰ-ਬਾਰ ਉਸਨੂੰ ਉਸਦੇ ਚੌਗਿਰਦੇ ਦੇ ਲੋਕ ਅਗਾਂਹ ਕਰਵਾਉਂਦੇ ਹਨ ਕਿ ਉਹ ਘਟੋ ਘੱਟ ਇਕ ਪੁੱਤਰ ਜ਼ਰੂਰ ਜਣੇ। ਮੁੱਢ ਵਿਚ ਹੀ ਨਰੈਣਾ ਉਸ ਨਾਲ ਬਚੇ ਦੀ ਗੱਲ ਚਲਾਉਂਦਾ ਹੋਇਆ ਆਪਣੀ ਇੱਛਾ ਦਾ ਇਜ਼ਹਾਰ ਕਰਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਭਾਨੋ ?"

"ਹਾਂ,"

"ਆਥਣੇ ਇਕ ਬਾਜੀਗਰਨੀ ਬਾਜੀਆਂ ਜਹੀਆਂ ਵੇਚਦੀ ਫਿਰਦੀ ਸੀ ਮਿੱਟੀ ਦੀਆਂ।"

"ਆਹੋ।"

"ਤੂੰ ਲੈ ਲੈਣੀਆਂ ਸੀ।"

"ਆਪਣੇ ਕੌਣ ਐ ਬਾਜੀਆਂ ਨਾਲ ਖੇਡਣ ਵਾਲਾ ?

"ਨਹੀਂ ਤਾਂ ਹੋ ਜੂ।" (ਪੰਨਾ 22)

ਸੰਤੀ ਵੀ ਬਹਿੰਦੀ-ਉੱਠਦੀ ਉਸਨੂੰ ਪੁੱਤਰ ਦੀਆਂ ਅਸੀਸਾਂ ਦਿੰਦੀ ਰਹਿੰਦੀ ਹੈ ਕਿਉਂਕਿ ਉਹ ਜਾਣਦੀ ਹੈ ਕਿ ਜਿਤਨੀ ਦੇਰ ਤਕ ਭਾਨੋ, ਨਰੈਣੇ ਨੂੰ ਇਕ ਪੁੱਤਰ ਜੰਮ ਕੇ ਨਹੀਂ ਦਿੰਦੀ, ਉਤਨੀ ਦੇਰ ਤਕ ਉਸਦੀ ਜੜ੍ਹ ਇਸ ਪਿੰਡ ਵਿਚ ਨਹੀਂ ਲੱਗ ਸਕਦੀ। ਉਹ ਕਹਿੰਦੀ ਹੈ, "ਰੱਬ ਤੈਨੂੰ ਇਕ ਜੀਅ ਦੇ ਦੇਵੇ। ਏਸ ਘਰ ਤੇਰੀ ਜੜ੍ਹ ਮੁਨਿਆਦ ਲੱਗ ਜਾਵੇ। ਫੇਰ ਇਹ ਜਿਧਰ ਮਰਜ਼ੀ ਧੱਕੇ ਖਾਂਦਾ ਫਿਰੇ।" ਇਸੇ ਤਰ੍ਹਾਂ ਇਕ ਵਾਰ ਸੈਰਾਂ-ਅਰੈਣ ਖ਼ਰਬੂਜ਼ੇ ਵੇਚਣ ਆਉਂਦੀ ਹੈ ਤਾਂ ਉਹ ਖ਼ਰਬੂਜ਼ੇ ਤੋਲ ਕੇ ਇਕ ਚਿਬੜੀ ਜਹੀ ਹੋਰ ਟੋਕਰੇ ਵਿਚੋਂ ਚੁਕ ਕੇ ਉਸਦੇ ਪੱਲੇ ਵਿਚ ਪਾ ਦਿੰਦੀ ਹੈ। ਸੈਰਾਂ-ਅਰੈਣ ਜਾਣਦੀ ਹੈ ਕਿ ਭਾਨੋ ਪਹਿਲਾਂ ਮੋਰਾਂ ਆਲੀ ਵੀ ਨਹੀਂ ਵੱਸ ਸਕੀ। ਜੇ ਇਥੇ ਕਿਧਰੇ ਉਸਦੇ ਬੱਚਾ ਹੋ ਜਾਵੇ ਤਾਂ ਉਹ ਵੱਸਦਿਆਂ ਵਿਚ ਹੋ ਸਕਦੀ ਹੈ। ਬੇਬੇ ਸੰਤੀ ਇਕ ਵਾਰ ਉਸਨੂੰ ਪੰਚਮੀ ਤੇ ਪਟਿਆਲੇ ਚੱਲਣ ਲਈ ਵੀ ਕਹਿੰਦੀ ਹੈ।

"ਐਤਕੀਂ ਪੰਚਮੀ ਤੇ ਪਟਿਆਲੇ ਚੱਲਾਂਗੇ ਮੇਲੇ, ਉਥੇ ਆਖਦੇ ਨੇ ਪੰਜ ਪੰਚਮੀਆਂ ਕੋਈ ਨ੍ਹਾਵੇ, ਸੁੱਖ ਪੂਰੀ ਹੋ ਜਾਂਦੀ ਐ।"

"ਆਪਾਂ ਨੇ ਕੀ ਸੁੱਖ ਸੁੱਖਣੀ ਐ ਬੇਬੇ।"

"ਕਿਉਂਕਿ ਕੁੜੇ ਆਪਾਂ ਸੁਖ ਕੇ ਆਮਾਂਗੇ ਬਈ ਅਗਲੇ ਵਰ੍ਹੇ ਜਦੋਂ ਅਸੀਂ ਆਈਏ ਇਕ ਬੂਜਾ ਤੇਰੀ ਗੋਦੀ ਹੋਵੇ। ਗੱਲ ਸੁਣ ਕੁੜੇ ਕਿਸੇ ਦਾਈ ਦੂਈ ਨੂੰ ਤਾਂ ਦਖੌਣਾ ਸੀ।"

"ਕੀ ਲੈਣੈਂ ਬੇਬੇ ਏਨ੍ਹਾਂ ਕਜੀਆਂ ਤੋਂ।"

"ਮਖਾਂ ਨਹੀਂ ਕੁੜੇ ਭਾਨੋ ਜੜ੍ਹ ਮੁਨਿਆਦ। ਬਿਨਾਂ ਤਾਂ ਤੀਮੀਂ ਜਿਹੋ ਜੀ ਜੱਗ ਤੇ ਆਈ ਜਿਹੋ ਜੀ ਨਾ ਆਈ। ਕੀ ਮੁੱਲ ਐ ਓਸ ਦਾ।" (ਪੰਨਾ 69)

ਭਾਨੋ ਦੇਖਦੀ ਹੈ ਕਿ ਉਸਦੇ ਆਂਢ-ਗੁਆਂਢ ਦੀਆਂ ਸਾਰੀਆਂ ਇਸਤ੍ਰੀਆਂ ਪੁੱਤਰ-ਪ੍ਰਾਪਤੀ ਲਈ ਹਰ ਜਾਇਜ਼-ਨਾਜਾਇਜ਼ ਯਤਨ ਕਰ ਰਹੀਆਂ ਹਨ। ਬਚਨੀ ਦਾ ਇਕ ਸਤਮਾਹਾ ਮੁੰਡਾ ਹੋ ਕੇ ਮਰ ਗਿਆ ਸੀ ਉਹ ਹੁਣ ਟੂਣੇ-ਟਾਮਨ ਅਜ਼ਮਾਉਂਦੀ ਫਿਰ ਰਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਪਰ ਭਾਨੋ ਅਜਿਹੀ ਕੋਸ਼ਿਸ਼ ਨਹੀਂ ਕਰ ਰਹੀ। ਭਾਵੇਂ ਸਮਾਜ ਦੀ ਨਜ਼ਰ ਵਿਚ ਉਹ ਇਕ ਜਾਇਜ਼ ਪਤਨੀ ਨਹੀਂ ਪਰ ਤਾਂ ਵੀ ਉਹ ਆਪਣੇ ਆਪ ਨੂੰ ਇਕ ਜਾਇਜ਼ ਪਤਨੀ ਸਿੱਧ ਕਰਨ ਉਤੇ ਤੁਲੀ ਹੋਈ ਹੈ। ਉਹ ਕੋਈ ਵੀ ਨਾਜਾਇਜ਼ ਤਰੀਕਾ ਵਰਤ ਕੇ ਮਾਂ ਬਣਨ ਲਈ ਤਿਆਰ ਨਹੀਂ।

ਇਹ ਗੱਲ ਨਹੀਂ ਕਿ ਉਸਨੂੰ ਜ਼ਿੰਦਗੀ ਵਿਚ ਨਾਜਾਇਜ਼ ਤਰੀਕੇ ਨਾਲ ਮਾਂ ਬਣਨ ਦੇ ਮੌਕੇ ਨਹੀਂ ਮਿਲਦੇ। ਮੌਕੇ ਤਾਂ ਬਥੇਰੇ ਮਿਲਦੇ ਹਨ ਪਰ ਉਹ ਇਨ੍ਹਾਂ ਤਰੀਕਿਆਂ ਨੂੰ ਵਰਤਣ ਦੇ ਹੱਕ ਵਿਚ ਨਹੀਂ। ਜਾਗਰ ਸਦਾ ਉਸਦੇ ਪਿਛੇ ਪਿਆ ਰਹਿੰਦਾ ਹੈ। ਪਰ ਉਹ ਉਸ ਨਾਲ ਨਾਜਾਇਜ਼ ਸੰਬੰਧ ਸਥਾਪਿਤ ਕਰਨੋਂ ਸਾਫ ਇਨਕਾਰ ਕਰ ਦਿੰਦੀ ਹੈ। ਇਕ ਵਾਰ ਜਾਗਰ ਬੜੇ ਸਪਸ਼ਟ ਸ਼ਬਦਾਂ ਵਿਚ ਉਸਨੂੰ ਔਲਾਦ ਦੀ ਖ਼ਾਤਿਰ ਨਾਜਾਇਜ਼ ਸੰਬੰਧਾਂ ਲਈ ਪ੍ਰੇਰਦਾ ਹੈ :

> "ਇਉਂ ਈ ਤੁਰ ਜਾਣੈ ਜੱਗ ਤੋਂ ?"
>
> ਭਾਨੋ ਨੇ ਕੋਈ ਉੱਤਰ ਨਾ ਦਿੱਤਾ।
>
> "ਧੀਆਂ ਪੁੱਤਰ ਨੀ ਚਾਹੀਦੇ।" ਜਾਗਰ ਨੇ ਭਾਨੋ ਦਾ ਪੋਲੇ ਜਿਹੇ ਹੱਥ ਫੜ ਕੇ ਕਿਹਾ।..."ਉਸ ਅਮਲੀ ਦੀ ਖ਼ਾਤਰ ਤੂੰ ਕਿਉਂ ਖਾਲੀ ਜਾਮੇ ਜੱਗ ਤੋਂ, ਭਲਕੇ ਉਹ ਮਰ ਗਿਆ ਤੇਰਾ ਆਪਣਾ ਕੌਣ ਹੋਊ ?" ਜਾਗਰ ਨੇ ਉਸ ਨੂੰ ਆਪਣੇ ਵਲ ਖਿੱਚਦਿਆਂ ਕਿਹਾ।
>
> "ਨਹੀਂ ਜਾਗਰਾ ਨਹੀਂ।" ਭਾਨੋ ਨੇ ਆਪਣਾ ਹੱਥ ਪਿਛਾਂਹ ਖਿੱਚਦਿਆਂ ਕਿਹਾ। (ਪੰਨਾ 61)

ਭਾਨੋ ਨੂੰ ਜਦੋਂ ਪਤਾ ਚੱਲ ਜਾਂਦਾ ਹੈ ਕਿ ਕਰਤਾਰੀ ਦੇ ਵਿਆਹ ਵਿਚ ਆਇਆ ਉਸਦਾ ਜੇਠ ਹਰੀਆ ਨਰੈਣੇ ਨਾਲ ਆਪਣੀ ਸਾਲੀ ਭਾਗਵੰਤੀ ਦੀ ਗੱਲ ਪੱਕੀ ਕਰ ਗਿਆ ਹੈ–ਸਿਰਫ਼ ਇਸੇ ਵਜਾ ਕਾਰਣ ਕਿ ਭਾਨੋ ਦੇ 'ਕੁਝ' ਹੋਣ ਹੁੰਦਾ ਤਾਂ ਹੁਣ ਤਾਈਂ ਹੋ ਜਾਂਦਾ, ਦੋ ਸਾਲ ਹੋ ਗੇ ਘਰ ਵੱਸਦੀ ਨੂੰ, ਤਾਂ ਵੀ ਉਹ ਪੁੱਤਰ-ਪ੍ਰਾਪਤੀ ਲਈ ਕਿਸੇ ਅਸਾਧਾਰਣ ਇੱਛਾ ਦਾ ਪ੍ਰਗਟਾਵਾ ਕਰਦੀ ਨਜ਼ਰ ਨਹੀਂ ਆਉਂਦੀ। ਸ਼ਾਇਦ ਉਹ ਨਰੈਣੇ ਦਾ ਜਾਂ ਨਰੈਣੇ ਲਈ ਪੁੱਤਰ ਚਾਹੁੰਦੀ ਹੀ ਨਹੀਂ। ਉਹ ਮਾਂ ਬਣ ਸਕਦੀ ਸੀ, ਬਣ ਵੀ ਸਕਦੀ ਹੈ ਪਰ ਕੇਵਲ ਸਰਵਣ ਦੇ ਪੁੱਤਰ ਦੀ। ਹੋਰ ਕਿਸੇ ਦੇ ਪੁੱਤਰ ਦੀ ਮਾਂ ਬਣਨਾ ਉਸਨੂੰ ਗਵਾਰਾ ਨਹੀਂ। ਹੋਰ ਤਾਂ ਹੋਰ ਇਕ ਵਾਰ ਗੁਰਦੁਆਰੇ ਦਾ ਭਾਈ ਜੀ ਵੀ ਉਸਨੂੰ ਨਿਰਾਸ਼ ਮਨੋਸਥਿਤੀ ਵਿਚ ਵੇਖ ਉਸ ਨਾਲ ਆਪਣੇ ਸਰੀਰਕ ਸੰਬੰਧ ਜੋੜਨ ਦੀ ਕੋਸ਼ਿਸ਼ ਕਰਦਾ ਹੈ। ਪੁਤਰ-ਪ੍ਰਾਪਤੀ ਲਈ ਉਸਨੂੰ ਗੁਰਬਾਣੀ ਦੀ ਇਕ ਪੰਕਤੀ ਮੰਤਰ ਵਜੋਂ ਦੱਸ ਕੇ ਉਸਦੀ ਬਾਂਹ ਫੜ ਲੈਂਦਾ ਹੈ ਅਤੇ ਕਹਿੰਦਾ ਹੈ, "ਗੁਰੂ ਦੱਛਣਾ ਨੀ ਦੇਣੀ ?" (ਪੰਨਾ 80) ਪਰ ਭਾਨੋ ਉਸਦੀ ਪੇਸ਼ਕਸ਼ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇੰਜ ਉਸਦੇ ਆਸ-ਪਾਸ ਚਲ ਰਹੀ ਸਮਾਜਿਕ-ਸਭਿਆਚਾਰਕ ਜ਼ਿੰਦਗੀ ਵਿਚ ਪੁੱਤਰ ਇਕ ਬਹੁਤ ਹੀ ਸ਼ਕਤੀਸ਼ਾਲੀ 'ਮੈਟਾਫ਼ਰ' ਦੇ ਰੂਪ ਵਿਚ ਉਸਦੇ ਕਰੀਬ ਰਹਿੰਦਾ ਹੈ ਪਰ ਉਹ ਇਸ 'ਮੈਟਾਫ਼ਰ' ਨਾਲ ਆਪਣੀ ਹੋਣੀ ਜੋੜਨੋਂ ਮੁਨਕਿਰ ਬਣੀ ਰਹਿੰਦੀ ਹੈ। ਨਿਰਾਸਤਾ ਦੇ ਦਿਨਾਂ ਵਿਚ, ਜਦ ਨਰੈਣਾ ਭਾਗਵੰਤੀ ਨੂੰ ਆਪਣੇ ਘਰ ਲਿਆਉਣ ਲਈ ਵਚਨਬੱਧ ਹੋ ਚੁਕਾ ਹੁੰਦਾ ਹੈ, ਭਾਨੋ ਨਰੈਣ ਦੀ ਮਾਂ ਦਾ ਸੰਦੂਕ ਖੋਲ੍ਹ ਕੇ ਦੇਖਦੀ ਹੈ : "ਉਸ ਵਿਚ ਦੋ ਖੱਦਰ ਦੀਆਂ ਫੁਲਕਾਰੀਆਂ ਸਨ। ਇਕ ਨੀਲੇ-ਚਿੱਟੇ ਡੱਬਿਆਂ ਦੀ ਦਰੀ ਸੀ। ਦੋ ਕੁ ਕੁੜਤੀਆਂ, ਝੱਨੇ ਪਏ ਸਨ। ਇਕ ਸੂਫ਼ ਦਾ ਅਧੋਰਾਣਾ ਜਿਹਾ ਘੱਗਰਾ ਸੀ। ਚਾਰ ਕੁ ਘਰ ਬੁਣੇ ਫਿਟ ਚੁਕੇ ਰੰਗਾਂ ਵਾਲੇ ਨਾਲੇ ਸਨ। ਇਕ ਬੋਹੀਆ ਸੀ। ਬੋਹੀਏ ਵਿਚ ਇਕ ਛੀਂਟ ਦੀ ਲੀਰ ਦੇ ਲੜ ਇਕ ਚਾਂਦੀ ਦਾ ਤਵੀਤ ਸੀ। ਇਕ ਸਿੱਪੀ ਸੀ। ਇਕ ਕਾਲਾ ਮਣਕਾ ਸੀ। ਇਕ ਸ਼ੇਰ ਦੀ ਨਹੁੰਦਰ ਸੀ। ਜਿਵੇਂ ਕਿਸੇ ਜੁਆਕ ਦੇ ਗਲ ਪਾਉਣ ਲਈ ਇਹ ਸਭ ਚੀਜ਼ਾਂ ਇਕੱਠੀਆਂ ਕਰ ਕੇ ਰੱਖੀਆਂ ਹੋਣ।"

(ਪੰਨਾ 74)

ਭਾਨੋ ਇਨ੍ਹਾਂ ਚੀਜ਼ਾਂ ਨੂੰ ਵੇਖਕੇ ਉਵੇਂ ਹੀ ਬੜੇ ਤਟਸਥ ਅਤੇ ਨਿਰਲੇਪ ਭਾਵ ਨਾਲ ਫੇਰ ਸੰਦੂਕ ਵਿਚ ਰੱਖ ਦਿੰਦੀ ਹੈ। ਉਸਨੇ ਆਪਣੇ ਮਨ ਨਾਲ ਫੈਸਲਾ ਕੀਤਾ ਹੋਇਆ ਹੈ ਕਿ ਕੇਵਲ ਜ਼ਿੰਦਗੀ ਦੇ ਕੁਝ ਦਿਨ ਪੂਰੇ ਕਰਨ ਲਈ ਹੀ 'ਮਾਂ' ਨਹੀਂ ਬਣਨਾ। ਜੇ ਉਹ ਆਪਣੇ ਵਿਵਹਾਰ, ਸ਼ਿਸ਼ਟਾਚਾਰ ਅਤੇ ਸੇਵਾ ਦੁਆਰਾ ਨਰੈਣੇ ਅਤੇ ਉਸਦੇ ਸਮਾਜ ਲਈ ਪ੍ਰਵਾਨਿਤ ਨਹੀਂ ਹੋ ਸਕਦੀ ਤਾਂ ਚਰਿਤਰਹੀਣ ਹੋਕੇ ਮਾਂ ਬਣਨ ਨੂੰ ਵੀ ਯੋਗ ਨਹੀਂ ਮੰਨਦੀ। ਇਹੀ ਕਾਰਣ ਹੈ ਕਿ ਨਰੈਣਾ ਉਸਦੇ ਮਾਂ ਬਣਨ ਦੀ ਹੋਰ ਇੰਤਜ਼ਾਰ ਨਾ ਕਰਦਾ ਹੋਇਆ ਇਕ ਛੱਡੀ ਹੋਈ ਚਰਿਤਰਹੀਣ ਔਰਤ ਭਾਗਵੰਤੀ ਨੂੰ ਆਪਣੇ ਘਰ ਬਿਠਾ ਲੈਂਦਾ ਹੈ।

ਭਾਗਵੰਤੀ ਨੂੰ ਘਰੇ ਪਾਉਣ ਲਈ ਸਭ ਤੋਂ ਵੱਡੀ ਦਲੀਲ, ਹਰੀਆ ਇਹੀ ਦਿੰਦਾ ਹੈ ਕਿ ਭਾਗਵੰਤੀ ਉਸ ਲਈ ਪੁੱਤਰ ਜੰਮ ਸਕਦੀ ਹੈ। ਉਸਨੇ ਤਾਂ ਵਿਆਹ ਤੋਂ ਪਹਿਲਾਂ ਵੀ ਗਰਭ ਧਾਰਣ ਕਰ ਲਿਆ ਸੀ ਜਿਸ ਕਾਰਣ ਉਸਦੇ ਪਹਿਲੇ ਪਤੀ ਨੇ ਉਸ ਉਤੇ ਚਰਿਤਰਹੀਣ ਦਾ ਦੋਸ਼ ਲਾਕੇ ਉਸਨੂੰ ਛੱਡ ਦਿੱਤਾ ਸੀ। ਪਰ ਨਰੈਣਾ ਹੁਣ ਜਿਸ ਪੜਾਉ ਉਤੇ ਖੜ੍ਹਾ ਹੈ, ਉਮਰ ਦੇ ਇਸ ਪੜਾਉ ਉਤੇ ਉਸ ਲਈ ਚਰਿਤਰਵਾਨ ਜਾਂ ਚਰਿਤਰਹੀਣ ਹੋਣਾ ਕੋਈ ਅਰਥ ਨਹੀਂ ਰੱਖਦਾ। ਉਹ ਤਾਂ ਸਿਰਫ਼ ਆਪਣੀ ਜੜ੍ਹ ਲਗੀ ਵੇਖਣੀ ਚਾਹੁੰਦਾ ਹੈ। ਭਾਗਵੰਤੀ ਇਕ ਵਿਵਹਾਰਕ ਔਰਤ ਹੈ। ਉਹ ਨਰੈਣੇ ਦੀ ਇਸ ਲਾਲਸਾ ਤੋਂ ਜਾਣੂ ਹੈ। ਉਸਨੂੰ ਆਪਣੇ ਜ਼ਰਖੇਜ਼ ਹੋਣ ਉਪਰ ਵੀ ਮਾਨ ਹੈ। ਉਸਨੂੰ ਨਰੈਣੇ ਦੇ ਘਰ ਆਈ ਨੂੰ ਅਜੇ ਸਿਰਫ਼ ਡੇਢ ਦੋ ਮਹੀਨੇ ਹੀ ਹੋਏ ਹੁੰਦੇ ਹਨ। ਬੀਮਾਰ ਭਾਨੋ ਜਦੋਂ ਇਹ ਸਮਾਂ ਹਸਪਤਾਲ ਵਿਚ ਗੁਜ਼ਾਰ ਕੇ ਆਉਂਦੀ ਹੈ ਤਾਂ ਵੇਖਦੀ ਹੈ ਕਿ ਭਾਗਵੰਤੀ ਘਰ ਦੀ ਮੁਖਤਿਆਰਣ ਬਣ ਕੇ ਨਰੈਣੇ ਉਤੇ ਹੁਕਮ ਚਲਾ ਰਹੀ ਹੈ। ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਨੂੰ ਫ਼ਰਮਾਇਸ਼ ਕਰਦੀ ਹੈ ਕਿ ਇਕ ਤਾਂ ਨਰੈਣਾ ਉਹਨੂੰ 'ਸੋਹਣੇ ਜਹੇ ਮੁਸ਼ਕ ਵਾਲੀ ਸਾਬਣ ਦੀ ਟਿਕੀ' ਲਿਆ ਕੇ ਦੇਵੇ ਅਤੇ ਦੂਜਾ ਮੌਧੂ ਚਮਿਆਰ ਪਾਸੋਂ ਉਸਦੀ ਨਵੀਂ ਜੁੱਤੀ ਲਿਆ ਦੇਵੇ। ਨਰੈਣਾ ਭਾਨੋ ਨੂੰ ਵੀ ਕਹਿੰਦਾ ਹੈ ਕਿ ਉਹ ਵੀ ਆਪਣੇ ਪੈਰ ਦੇ ਮੇਚ ਦਾ ਧਾਗਾ ਉਸ ਨੂੰ ਲਿਆ ਦੇਵੇ। ਉਹ ਉਸ ਲਈ ਵੀ ਨਵੀਂ ਜੁੱਤੀ ਬਣਵਾ ਲਿਆਵੇਗਾ ਪਰ ਭਾਨੋ ਕਹਿੰਦੀ ਹੈ ਕਿ ਉਸ ਨੂੰ ਨਵੀਂ ਜੁੱਤੀ ਦੀ ਲੋੜ ਨਹੀਂ। ਉਸਦੀ ਅਜੇ ਪਹਿਲੀ ਹੀ ਚੰਗੀ ਭਲੀ ਹੈ। (ਪੰਨਾ 91)

ਭਾਗਵੰਤੀ ਦਾ ਅਜਿਹਾ ਕਿਰਦਾਰ ਸਿੱਧ ਕਰਦਾ ਹੈ ਕਿ ਉਹ ਹਰ ਸੰਭਵ ਅਸੰਭਵ ਢੰਗ ਨਾਲ ਆਪਣਾ ਔਚਿਤਯ ਬਣਾਈ ਰੱਖ ਸਕਦੀ ਹੈ। ਡੇਢ-ਦੋ-ਮਹੀਨੇ ਵਿਚ ਹੀ ਉਸਦੀ ਜੁੱਤੀ ਦਾ ਟੁੱਟ ਜਾਣਾ ਦਰਸਾਉਂਦਾ ਹੈ ਕਿ ਉਹ ਘਰ ਦੀ ਚਾਰ-ਦੀਵਾਰੀ ਵਿਚ ਬੈਠ ਕੇ ਆਪਣੀ ਜ਼ਿੰਦਗੀ ਬਸਰ ਕਰਨ ਵਾਲੀ ਕੋਈ ਸਤੀ-ਸਵਿਤਰੀ ਨਹੀਂ। ਨਰੈਣੇ ਲਈ ਪੁੱਤਰ ਜੰਮਣ ਲਈ ਉਸਨੇ ਆਪਣੇ ਪੈਰਾਂ ਦੀ ਜੁੱਤੀ ਵੀ ਤੁੜਵਾ ਲਈ ਹੈ। ਇਹੋ ਜਹੀ ਔਰਤ ਆਖਰ ਜਦੋਂ ਨਰੈਣੇ ਲਈ ਪੁੱਤਰ ਜੰਮ ਹੀ ਦਿੰਦੀ ਹੈ ਤਾਂ ਉਹ ਆਪਣੇ ਘਰ ਅਤੇ ਪਤੀ ਨੂੰ ਭਾਨੋ ਨਾਲ ਵੰਡਾਉਣ ਲਈ ਤਿਆਰ ਨਹੀਂ। ਭਾਨੋ ਬਹੁਤੇਰਾ ਕੋਸ਼ਿਸ਼ ਕਰਦੀ ਹੈ ਕਿ ਭਾਗਵੰਤੀ ਦੀ ਸੇਵਾ ਕਰਕੇ, ਉਸਦੇ ਪੁੱਤਰ ਕਾਲੇ ਨੂੰ ਖਿਡਾ ਕੇ ਆਪਣੀ ਜ਼ਿੰਦਗੀ ਦੇ ਦਿਨ ਪੂਰੇ ਕਰ ਲਵੇ ਪਰ ਹੁਣ ਜੀਵਨ ਦੀ ਇਹ ਬਾਜ਼ੀ ਉਸਦੇ ਹੱਥਾਂ ਵਿਚੋਂ ਬੜੀ ਤੇਜ਼ੀ ਨਾਲ ਖਿਸਕਣ ਲੱਗੀ।

ਉਂਜ ਤਾਂ ਭਾਗਵੰਤੀ ਨੇ ਆਉਂਦਿਆ ਹੀ ਭਾਨੋ ਦਾ ਮੰਜਾ 'ਸਬਾਤ' ਵਿਚੋਂ ਚੁਕ ਕੇ ਚੁਬਾਰੇ ਵਿਚ ਕਰ ਦਿੱਤਾ ਸੀ ਪਰ ਹੁਣ ਉਹ ਚੁਬਾਰੇ ਉਪਰ ਵੀ ਆਪਣਾ ਅਧਿਕਾਰ ਨਾ ਰੱਖ ਸਕੀ। ਹੁਣ ਨਰੈਣਾ ਵੀ ਭਾਗਵੰਤੀ ਦੀ ਤਰਫ਼ਦਾਰੀ ਕਰਨ ਲੱਗ ਪਿਆ ਸੀ। ਜਦੋਂ ਭਾਗਵੰਤੀ, ਭਾਨੋ ਦੇ ਵਿਹਾਰ ਵਿਚ ਕੋਈ ਦੋਸ਼ ਨਾ ਕੱਢ ਸਕੀ ਤਾਂ ਉਸਨੇ ਆਪਣੇ ਪੁੱਤਰ ਕਾਲੇ ਦੀ ਬੀਮਾਰੀ ਦਾ ਇਲਜ਼ਾਮ ਭਾਨੋ ਉਤੇ ਆਇਦ ਕਰ ਦਿੱਤਾ। ਆਂਢ-ਗੁਆਂਢ ਦੀਆਂ ਇਸਤ੍ਰੀਆਂ ਵੀ ਭਾਗਵੰਤੀ ਦੀ ਤਰਫ਼ਦਾਰੀ ਕਰਨ ਲਗ ਪੈਂਦੀਆਂ ਹਨ ਕਿਉਂਕਿ ਔਤ ਭਾਨੋ ਦੀ ਤੁਲਣਾ ਵਿਚ ਉਹ ਇਕ ਪੁੱਤਰ ਦੀ ਮਾਂ ਹੈ। ਉਹ ਕਹਿੰਦੀਆਂ ਹਨ :

> "ਮੈਨੂੰ ਲੱਗਦੈ ਏਸ (ਕਾਲੇ) ਨੂੰ ਕਿਸੇ ਦੀ ਨਜ਼ਰ ਲੱਗ ਗੀ।" ਵੇਹੜੇ ਵਿਚ ਭਾਗਵੰਤੀ ਕੋਲ ਬੈਠੀ ਚੂਹਿਆਂ ਨੂੰ ਮਾਰਨ ਵਾਲੀਆਂ ਗੋਲੀਆਂ ਆਟੇ ਵਿਚ ਲਪੇਟਦੀ ਬਚਨੀ ਬੋਲੀ।
>
> "ਆਹੋ ਭਾਮੇਂ ਭਾਨੋ ਦੀ ਈ ਲੱਗ ਗੀ ਹੋਵੇ। ਸਾਰਾ ਦਿਨ ਆਨੇ ਪਾੜ ਪਾੜ ਝਾਕਦੀ ਰਹਿੰਦੀ ਐ। ਮੈਂ ਜੇ ਪਰ੍ਹਾਂ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੈ ਕੇ ਬੈਠੂੰ ਤਾਂ ਵੀ ਸਿਰ ਤੇ ਆ ਚੜ੍ਹਦੀ ਐ।'

"ਔਤ ਪ੍ਰੇਤ ਦੀ ਨਜ਼ਰ ਹੁੰਦੀ ਵੀ ਬਾਹਲੀਓ ਮਾੜੀ ਐ।

ਤੂੰ ਹਥੌਲਾ ਕਰਵਾ ਲਿਆ ਬਾਵੇ ਤੋਂ ਜਾ ਕੇ।"

(ਪੰਨਾ 97)

ਆਖ਼ਰ ਨਰੈਣਾ ਵੀ ਭਾਗਵੰਤੀ ਦੀ ਜ਼ਿਦ ਅੱਗੇ ਹਾਰ ਗਿਆ। ਉਹ ਭਾਨੋ ਨੂੰ ਹੀ ਘਰ ਛੱਡ ਕੇ ਜਾਣ ਲਈ ਮਨਾਉਣ ਲੱਗਦਾ ਹੈ। ਉਹ ਭਾਨੋ ਨੂੰ ਦਸਦਾ ਹੈ। "ਉਹ ਤਾਂ ਕਹਿੰਦੀ ਐ ਮੈਂ ਆਪਣੇ ਪੇਕੀਂ ਚਲੇ ਜਾਣੈ। ਮੁੜ ਕੇ ਨੀ ਆਉਣਾ। ਤੈਨੂੰ ਪਤਾ ਈ ਐ ਪੇਕਿਆਂ ਉਸ ਦਿਆਂ ਦਾ। ਕੰਜਰਾ ਨੇ ਪੈਸੇ ਲੈ ਕੇ ਕਿਸੇ ਹੋਰ ਥਾਂ ਤੋਰ ਦੇਣੀ ਹੈ।...ਜੇ ਮੁੰਡਾ ਨਾ ਹੁੰਦਾ ਮੈਂ ਸਾਲੀ ਨੂੰ ਆਖਦਾ ਜਾਹ ਜਿੱਧਰ ਮਰਜ਼ੀ ਧਕੇ ਖਾਹ। ਪਰ ਹੁਣ ਦੇਖ ਨਾ ਭਾਨੋ...।" (ਪੰਨਾ 99) ਇਸ ਤਰ੍ਹਾਂ ਉਹ ਆਪਣੀ ਮਰਜ਼ੀ ਭਾਨੋ ਅਗੇ ਪ੍ਰਗਟ ਕਰ ਦਿੰਦਾ ਹੈ ਕਿ ਭਾਨੋ ਲਈ ਉਸਦੇ ਘਰ ਵਿਚ ਕੋਈ ਥਾਂ ਨਹੀਂ। ਭਾਨੋ ਕਿਉਂਕਿ ਉਸ ਨਾਲ ਵਿਹਾਰ ਵਿਚ ਚੰਗੀ ਰਹੀ ਐ ਅਤੇ ਉਸੇ ਨੇ ਆ ਕੇ ਜ਼ਿੰਦਗੀ ਲਈ ਉਸ ਦੇ ਮਨ ਵਿਚ ਮੋਹ-ਜਹੇ ਜਗਾ ਦਿਤੇ ਹਨ ਇਸ ਲਈ ਉਹ ਚੌਂਦੇ ਦੇ ਇਕ ਪੰਜਾਹਾਂ ਨੂੰ ਢੁਕੇ ਆਦਮੀ 'ਫੱਤੇ' ਨੂੰ ਭਾਨੋ ਦਾ ਅਧਿਕਾਰ ਸੌਂਪ ਦਿੰਦਾ ਹੈ। 'ਫੱਤੇ' ਨੇ ਇਕ ਵਾਰ ਭਾਨੋ ਨੂੰ ਦੇਖਿਆ ਵੀ ਹੁੰਦਾ ਹੈ। ਜਦੋਂ ਉਸਨੂੰ ਪਤਾ ਚੱਲਦਾ ਹੈ ਕਿ ਨਰੈਣੇ-ਅਮਲੀ ਦੇ ਘਰ ਹੁਣ ਦੋ ਤੀਵੀਆਂ ਹੋ ਗਈਆਂ ਹਨ ਤਾਂ ਉਹ ਨਰੈਣੇ ਤੋਂ ਇਕ ਤੀਵੀਂ ਖਰੀਦ ਲੈਂਦਾ ਹੈ। ਇਸੇ ਫੱਤੇ ਤੋਂ ਨਰੈਣੇ ਅਤੇ ਭਾਨੋ ਨੇ ਇਕ ਵਾਰ ਮਹਿੰ ਖਰੀਦੀ ਸੀ। ਇਸ ਲਈ ਦੋਹਾਂ ਵਿਚ ਇਕ ਦੂਜੇ ਪ੍ਰਤੀ ਵਿਸ਼ਵਾਸ ਹੈ। ਨਰੈਣਾ, ਮਾਂ ਬਣ ਚੁਕੀ ਭਾਗਵੰਤੀ ਨੂੰ ਆਪਣੇ ਲਈ ਰੱਖ ਕੇ ਭਾਨੋ ਨੂੰ ਫੱਤੇ ਲਈ ਛੱਡ ਦਿੰਦਾ ਹੈ।

ਟੈਕਸਟ ਵਿਚ ਪੇਸ਼ ਸਮੱਸਿਆ ਔਤ ਬਨਾਮ ਪੁੱਤ, ਇਕ ਮਹੱਤਵਪੂਰਣ ਜੁੱਟ-ਵਿਰੋਧ ਦੇ ਰੂਪ ਵਿਚ ਰੂਪਮਾਨ ਹੋਈ ਹੈ। ਖੇਤੀਬਾੜੀ ਪ੍ਰਧਾਨ ਸਮਾਜ ਵਿਚ ਪੁੱਤਰ ਇਕ ਫੈਸਲਾਪਾਰਕ ਸ਼ਕਤੀ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਜਿਹੜੀ ਔਰਤ ਆਪਣੇ ਪਤੀ ਲਈ ਘੱਟੋ ਘੱਟ ਇਕ ਪੁੱਤਰ ਨਹੀਂ ਜੰਮ ਸਕਦੀ, ਪਤੀ ਦੀਆਂ ਨਜ਼ਰਾਂ ਵਿਚ ਉਸਦਾ ਕੋਈ ਮੁੱਲ ਨਹੀਂ। ਪਰ ਜੇ ਕੋਈ ਸਮਾਜਿਕ ਤੌਰ ਤੇ ਖੰਡਿਤ ਔਰਤ, ਜਿਸਦਾ ਭਾਵੇਂ ਆਪਣੇ ਆਪ ਵਿਚ ਸਮਾਜ ਲਈ ਕੋਈ ਮੁੱਲ ਨਹੀਂ, ਵੀ ਕਿਸੇ ਮਰਦ ਲਈ ਪੁੱਤਰ ਜੰਮ ਦਿੰਦੀ ਹੈ ਤਾਂ ਉਹ ਆਪਣੇ ਵਰਗੀਆਂ ਹੋਰ ਔਰਤਾਂ ਦੀ ਤੁਲਨਾ ਵਿਚ ਵਧੇਰੇ ਮੁਲਵਾਨ ਹੈ। ਸਮਾਜਿਕ ਤੌਰ ਤੇ ਭਾਨੋ ਦੀ ਸਥਿਤੀ ਵੀ ਭਾਗਵੰਤੀ ਵਰਗੀ ਹੀ ਹੈ। ਦੋਵੇਂ ਪਹਿਲਾਂ ਹੀ ਇਕ ਵਾਰ ਪੈਸੇ ਲੈ ਕੇ ਵਿਆਹੀਆਂ ਹੋਈਆਂ ਹਨ। ਪਰ ਨਰੈਣੇ ਦੇ ਘਰ ਆ ਕੇ ਭਾਗਵੰਤੀ ਦਾ ਮੁੱਲ ਬਹੁਤਾ ਪੈਂਦਾ ਹੈ ਕਿਉਂਕਿ ਉਸ ਨੇ ਨਰੈਣੇ ਲਈ ਵਾਰਿਸ ਜੰਮ ਕੇ ਦਿੱਤਾ ਹੈ। ਭਾਨੋ ਆਪਣੇ ਦੈਵੀ ਸੁਭਾ ਅਤੇ ਪਰਉਪਕਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਰਤੀਆਂ ਦੇ ਬਾਵਜੂਦ ਨਰੈਣੇ ਦੇ ਘਰ ਵਿਚੋਂ ਨਿਕਲਣ ਲਈ ਮਜਬੂਰ ਕਰ ਦਿੱਤੀ ਜਾਂਦੀ ਹੈ।

(ੲ) ਪ੍ਰਾਹੁਣੀ : ਮੁਖਤਿਆਰਨ

ਨਰੈਣੇ ਦੇ ਘਰ ਬੈਠ ਕੇ ਭਾਨੋ ਕਦੇ ਵੀ ਆਪਣੀ ਜ਼ਿੰਦਗੀ ਨੂੰ ਅਰਥਪੂਰਨ ਜਾਂ ਪ੍ਰਮਾਣਿਕ ਨਹੀਂ ਮੰਨਦੀ। ਨਰੈਣੇ ਨਾਲ ਰਹਿਣਾ ਉਹ ਸਵੀਕਾਰ ਵੀ ਕੇਵਲ ਇਸ ਲਈ ਕਰ ਲੈਂਦੀ ਹੈ ਕਿਉਂਕਿ ਨਰੈਣੇ ਨਾਲ ਉਸਦਾ ਮੇਲ ਗੰਗਾ ਮਾਈ ਦੇ ਆਦੇਸ਼ ਅਨੁਸਾਰ ਹੋਇਆ ਹੈ ਅਤੇ ਇਸ ਆਦੇਸ਼ ਦੀ ਉਹ ਉਲੰਘਣਾ ਨਹੀਂ ਕਰ ਸਕਦੀ। ਗੰਗਾ ਮਾਈ ਦਾ ਆਦੇਸ਼ ਮੰਨਕੇ ਉਹ ਨਰੈਣੇ ਨਾਲ ਆ ਤਾਂ ਜਾਂਦੀ ਹੈ ਪਰ ਉਸਨੇ ਨਰੈਣੇ ਦੇ ਘਰ ਨੂੰ ਕਦੇ ਵੀ ਆਪਣਾ ਘਰ ਨਹੀਂ ਮੰਨਿਆ। ਨਰੈਣਾ ਉਸਨੂੰ ਬਹੁਤੇਰਾ ਕਹਿੰਦਾ ਹੈ ਕਿ ਤੂੰ ਹੀ ਘਰ ਦੀ ਮਾਲਕਣ-ਮੁਖਤਿਆਰਨ ਹੈਂ ਪਰ ਭਾਨੋ ਸਦਾ ਆਪਣੇ ਆਪ ਨੂੰ ਪ੍ਰਾਹੁਣੀ ਹੀ ਸਮਝਦੀ ਹੈ। ਉਸਨੇ ਕਦੇ ਵੀ ਨਰੈਣੇ ਦੇ ਘਰ ਨੂੰ ਆਪਣਾ ਘਰ ਮੰਨ ਕੇ ਇਸਨੂੰ ਆਪਣੀ ਮਰਜ਼ੀ ਦਾ ਆਕਾਰ ਦੇਣ ਦਾ ਪ੍ਰਯਤਨ ਨਹੀਂ ਕੀਤਾ ਕਿਉਂਕਿ ਉਹ ਸਮਾਜ ਵਾਂਗ ਹੀ ਆਪਣੇ ਅਤੇ ਨਰੈਣੇ ਦੇ ਰਿਸ਼ਤੇ ਨੂੰ ਅਪ੍ਰਮਾਣਿਕ ਮੰਨਦੀ ਹੈ।

ਭਾਨੋ ਨੂੰ ਆਪਣੇ ਨਾਲ ਘਰ ਲੈ ਆਇਆ ਨਰੈਣਾ ਵੀ ਉਸਦੇ ਅਜਿਹੇ ਵਿਵਹਾਰ ਉੱਪਰ ਹੈਰਾਨ ਰਹਿੰਦਾ ਹੈ। ਉਸਨੂੰ ਭਾਨੋ ਨਾਲ ਆਪਣੇ ਦੇਹਿਕ ਸੰਬੰਧ ਵੀ ਅਜੀਬ ਜਿਹੇ ਜਾਪਦੇ ਹਨ। ਉਹ ਅਜਿਹੇ ਸੰਬੰਧਾਂ ਉਪਰ ਆਪਣੀ ਹੈਰਾਨੀ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ, "ਕਈ ਵਾਰ ਤਾਂ ਮੈਨੂੰ ਤੂੰ ਵੀ ਭਾਨੋ ਕੋਈ ਭੂਤ ਚੁੜੇਲ ਈ ਲਗਦੀ ਐਂ। ਵੱਸ ਕੀਤੀ ਭੂਤ ਚੁੜੇਲ ਆਂਗ ਮੇਰੇ ਸਾਰੇ ਕੰਮ ਤਾਂ ਕਰ ਦਿੰਦੀ ਐਂ ਪਰ ਜਦੋਂ ਬੁੱਕਲ 'ਚ ਲੈਲਾਂ ਜਾਣੀ ਖਾਲੀ ਜੀ ਰਹਿ ਜਾਂਦੀ ਐ। ਤੂੰ ਜਾਣੇ ਕਿਧਰੇ ਹੋਰ ਈ ਚਲੀ ਜਾਨੀ ਐਂ।" (ਪੰਨਾ 18) ਉਹ ਦੇਖਦਾ ਹੈ ਕਿ ਭਾਨੋ ਨੇ ਉਸ ਦੇ ਲਿਆਂਦੇ ਹੋਏ ਨਵੇਂ ਸੂਟਾਂ ਨੂੰ ਹੱਥ ਨਹੀਂ ਲਾਇਆ। ਸਾਰੀ-ਸਾਰੀ ਰਾਤ ਭਾਨੋ ਜਾਗਦੀ ਰਹਿੰਦੀ ਐ। ਇਕ ਵਾਰ ਉਹ ਇਹ ਸਵਾਲ ਵੀ ਪੁੱਛਦਾ ਹੈ ਕਿ ਜੇ ਭਲਾ ਸਰਵਣ ਕਿਧਰੋਂ ਆ ਜਾਵੇ ਤਾਂ ਕੀ ਉਹ ਨਰੈਣੇ ਨੂੰ ਛੱਡ ਕੇ ਚਲੀ ਜਾਵੇਗੀ ? ਭਾਨੋ ਜਾਣਦੀ ਹੈ ਕਿ ਮਰੇ ਹੋਏ ਕਦੇ ਵਾਪਸ ਨਹੀਂ ਆ ਸਕਦੇ। ਜੇ ਕਿਧਰੇ ਆ ਸਕਦੇ ਹੁੰਦੇ ਤਾਂ ਉਹ ਜ਼ਰੂਰ ਨਰੈਣੇ ਨੂੰ ਛੱਡ ਕੇ ਸਰਵਣ ਨਾਲ ਚਲੀ ਜਾਂਦੀ।

ਭਾਨੋ ਸਰਵਣ ਨਾਲ ਬਿਤਾਏ ਆਪਣੀ ਜ਼ਿੰਦਗੀ ਦੇ ਛੋਟੇ ਜਹੇ ਹਿਸੇ ਨੂੰ ਪ੍ਰਮਾਣਿਕ ਮੰਨਦੀ ਹੈ ਉਸ ਨਾਲ ਰਹਿੰਦਿਆਂ ਉਸਨੇ ਨਵੇਂ ਕੱਪੜੇ ਵੀ ਹੰਢਾਏ ਸਨ। ਮੇਲਿਆਂ ਦਾ ਆਨੰਦ ਵੀ ਲੁੱਟਿਆ ਸੀ ਅਤੇ ਸਹੀ ਅਰਥਾਂ ਵਿਚ ਘਰ ਦੀ ਮਲਕਣ ਬਣ ਕੇ ਰਹੀ ਸੀ। ਸਰਵਣ ਦੇ ਭਰਾਵਾਂ ਨੂੰ ਉਸਨੇ ਬੜੀ ਦ੍ਰਿੜ੍ਹਤਾ ਨਾਲ ਆਪਣੀ ਸ਼ਖਸੀਅਤ ਦੀ ਆਪ ਸੁਆਮੀ ਬਣ ਕੇ ਦਿਖਾ ਦਿਤਾ ਸੀ। ਉਸਨੇ ਸਰਵਣ ਦੇ ਘਰ ਨੂੰ ਆਪਣੀ ਮਰਜ਼ੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਚਲਾਇਆ ਸੀ। ਉਥੇ ਉਸਦਾ ਹਰ ਕਰਮ ਸੁਤੰਤਰ ਸੀ। ਇਸੇ ਲਈ ਉਸ ਸਮੇਂ ਭਾਨੋ ਮਾਲਕਣ ਸੀ।

ਪਰ ਨਰੈਣੇ ਦੇ ਘਰ ਆ ਕੇ ਉਸਨੂੰ ਕਦੇ ਇਸ ਤਰ੍ਹਾਂ ਦਾ ਇਹਸਾਸ ਨਹੀਂ ਸੀ ਹੋਇਆ। ਆਂਢ-ਗੁਆਂਢ ਦੀ ਕੋਈ ਇਸਤ੍ਰੀ ਜੇ ਉਸਤੋਂ ਕੋਈ ਚੀਜ਼ ਮੰਗਦੀ ਤਾਂ ਉਹ ਕਹਿ ਦਿੰਦੀ ਸੀ, ਕਿ ਨਰੈਣੇ ਤੋਂ ਪੁੱਛ ਕੇ ਦੱਸਾਂਗੀ। ਉਸਨੇ ਨਰੈਣੇ ਦੀ ਮਾਂ ਦੀਆਂ ਆਪਣੀ 'ਬਹੂ' ਲਈ ਰੱਖੀਆਂ ਫੁਲਕਾਰੀਆਂ ਅਤੇ ਦਰੀਆਂ ਨੂੰ ਕਦੇ ਛੇੜਿਆ ਵੀ ਨਹੀਂ ਸੀ। ਨਾ ਹੀ ਉਸਨੇ ਨਰੈਣੇ ਦੇ ਘਰ ਦੀ ਮਾਲਕਣ ਬਣਨ ਲਈ ਔਲਾਦ ਪੈਦਾ ਕਰਨ ਦੀ ਕੋਈ ਬੇ ਕਰਾਰੀ ਜ਼ਾਹਿਰ ਕੀਤੀ। ਨਰੈਣੇ ਦੇ ਘਰ ਰਹਿ ਕੇ ਉਹ ਆਪਣੀ ਬਾਕੀ ਰਹਿੰਦੀ ਜ਼ਿੰਦਗੀ ਦੇ ਦਿਨ ਪੂਰੇ ਕਰ ਰਹੀ ਹੈ ਤਾਂ ਜੁ ਸ਼ਾਇਦ ਅਗਲੇ ਜਨਮ ਵਿਚ ਉਸਦਾ ਸਰਵਣ ਨਾਲ ਦੋਬਾਰਾ ਮੇਲ ਹੋ ਸਕੇ।

ਭਾਨੋ ਦੀਆਂ ਗੁਆਂਢਣਾਂ ਉਸਦੇ ਕਿਰਦਾਰ ਦੀ ਇਸ ਗੁੰਝੀ ਨੂੰ ਨਹੀਂ ਸਮਝ ਸਕਦੀਆਂ। ਉਨ੍ਹਾਂ ਨੂੰ ਭਾਨੋ ਦੀ ਖਾਮੋਸ਼ੀ ਅਤੇ ਨਿਰਲੇਪਤਾ ਉਸਦਾ ਇਕ ਦੰਭ ਪ੍ਰਤੀਤ ਹੁੰਦੀ ਹੈ। ਸੰਤੀ, ਭਾਨੋ ਉਪਰ ਕੁਝ ਤਰਸ ਕਰਦੀ ਹੈ ਪਰ ਦੂਜੀਆਂ ਇਸਤ੍ਰੀਆਂ ਸੰਤੀ ਨੂੰ ਵੀ ਭਾਨੋ ਦੇ ਵਿਰੁਧ ਕਰਨ ਦੀਆਂ ਕੋਸ਼ਿਸ਼ਾਂ ਕਰਦੀਆਂ ਰਹਿੰਦੀਆਂ ਹਨ। ਭਾਨੋ ਦੇ ਵਿਵਹਾਰ ਦੀ ਨਿੰਦਾ ਕਰਦੀਆਂ ਹੋਈਆਂ ਉਹ ਕਹਿੰਦੀਆਂ ਹਨ, "ਬੇਬੇ ਤੂੰ ਨੀ ਜਾਣਦੀ ਇਹੋ ਜੀਆਂ ਨੂੰ ਬਥੇਰੇ ਚੋਚਲੇ ਕਰਨੇ ਆਉਂਦੇ ਹੁੰਦੇ ਹਨ। ਗਊ ਵਰਗੀ ਹੁੰਦੀ ਤਾਂ ਅਮਲੀ ਨਾਲ ਈ ਤੁਰ ਆਉਂਦੀ ?" (ਪੰਨਾ 10) ਪਰ ਬੇਬੇ ਸੰਤੀ ਆਪਣੇ ਇਕ ਜਵਾਨ ਪੁੱਤ ਦੀ ਮੌਤ ਕਾਰਣ ਨਿਰਾਸ਼ ਹੋ ਚੁਕੀ ਹੈ। ਉਹ ਕਦੇ ਵੀ ਕਿਸੇ ਨੂੰ ਬੁਰਾ ਨਹੀਂ ਕਹਿੰਦੀ। ਸਗੋਂ ਇਕ ਦਾਰਸ਼ਨਿਕ ਵਾਂਗ ਹਰ ਬੁਰਾਈ ਦੀ ਤਹਿ ਹੇਠੋਂ ਚੰਗਿਆਈ ਲੱਭਣ ਦੀ ਕੋਸ਼ਿਸ਼ ਕਰਦੀ ਹੈ। ਉਹ ਚਾਹੁੰਦੀ ਹੈ ਕਿ ਭਾਨੋ, ਨਰੈਣੇ ਦੇ ਘਰ ਜੜ੍ਹ ਲਾ ਲਵੇ। ਇਹ ਜੜ੍ਹ ਤਾਂ ਹੀ ਲੱਗ ਸਕਦੀ ਸੀ ਜੇ ਭਾਨੋ ਨਰੈਣੇ ਦੇ ਘਰ ਨੂੰ ਆਪਣਾ ਸਮਝੇ। ਪਰ ਭਾਨੋ ਆਪਣੇ ਮਨ ਵਿਚ ਕਦੇ ਵੀ ਨਰੈਣੇ ਦੇ ਘਰ ਲਈ ਅਪਣੱਤ ਦੇ ਭਾਵ ਪੈਦਾ ਨਾ ਕਰ ਸਕੀ।

ਜਿਤਨੀ ਦੇਰ ਭਾਨੋ ਨਰੈਣੇ ਦੇ ਘਰ ਰਹੀ, ਉਸਨੂੰ ਆਪਣਾ ਸਾਰਾ ਪਰਿਵੇਸ਼ ਓਪਰਾ ਜਿਹਾ ਲੱਗਦਾ ਰਿਹਾ। ਰਾਤ ਨੂੰ ਜਦ ਸਾਰੇ ਪਾਸੇ ਅੰਧੇਰਾ ਪਸਰ ਜਾਂਦਾ ਹੈ, ਅਜੀਬ ਅਜੀਬ ਸ਼ਕਲਾਂ ਉਸਨੂੰ ਡਰਾਉਣ ਲੱਗਦੀਆਂ ਨੇ, ਕਈ ਵਾਰ ਉਸਨੂੰ ਆਪਣੀ ਹੀ ਮੱਝ ਦੀਆਂ ਅੰਧੇਰੇ ਵਿਚ ਲਿਸ਼ਕ ਰਹੀਆਂ ਅੱਖਾਂ ਭਿਆਨਕ ਪ੍ਰਤੀਤ ਹੋਣ ਲੱਗਦੀਆਂ ਹਨ। ਕਦੇ ਉਸਨੂੰ ਘਰ ਦੀ ਛੱਤ ਆਪਣੇ ਉਪਰ ਡਿੱਗ ਰਹੀ ਪ੍ਰਤੀਤ ਹੁੰਦੀ ਹੈ। ਕਈ ਵਾਰ ਉਸਨੂੰ ਨਰੈਣਾ ਵੀ ਇਕ ਦਮ ਓਪਰਾ ਆਦਮੀ ਲੱਗਦਾ ਹੈ, ਉਸਨੂੰ ਮਹਿਸੂਸ ਹੁੰਦਾ ਹੈ ਜਿਵੇਂ ਨਿਰਜਨ ਅੰਧੇਰੇ ਵਿਚ ਉਹ ਕਿਸੇ ਬੇਗਾਨੇ ਆਦਮੀ ਕੋਲ ਪਈ ਹੋਵੇ। (ਪੰਨਾ 19) ਉਸਦਾ ਪ੍ਰਤੱਖਣ-ਬੋਧ ਵੱਖ-ਵੱਖ ਸ਼ਕਲਾਂ ਅਤੇ ਚਿਹਰਿਆਂ ਨੂੰ ਨਵੇਂ ਸੰਦਰਭਾਂ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਵੀਆਂ ਵਿਉਂਤਬੰਦੀਆਂ ਵਿਚ ਵੇਖਣਾ ਸ਼ੁਰੂ ਕਰ ਦਿੰਦਾ ਹੈ। ਇਥੋਂ ਹੀ ਭਾਨੋ ਦੇ ਮਨ ਵਿਚ ਜੀਵਨ ਦੀ ਵਿਸੰਗਤੀ (absurduty) ਅਤੇ ਅਪ੍ਰਮਾਣਿਕਤਾ (inauthenticity) ਦਾ ਪ੍ਰਥਮ ਆਭਾਸ ਪੈਦਾ ਹੁੰਦਾ ਹੈ।

ਭਾਨੋ ਦੀ ਦ੍ਰਿਸ਼ਟੀ ਵਿਚ ਉਸਦੀ ਕੇਵਲ ਉਹੀ ਜ਼ਿੰਦਗੀ ਪ੍ਰਮਾਣਿਕ ਅਤੇ ਅਰਥ-ਪੂਰਣ ਹੈ, ਜੋ ਉਸਨੇ ਸਰਵਣ ਅਤੇ ਸੰਗ-ਸਾਥ ਜਾਂ ਉਸਦੀ ਯਾਦ ਵਿਚ ਗੁਜ਼ਾਰੀ ਹੈ। ਸ਼ਾਇਦ ਉਸਦੀ ਜ਼ਿੰਦਗੀ ਦਾ ਇਕੋ ਇਕ ਲਕਸ਼ (Project) ਸਰਵਣ ਨੂੰ ਪ੍ਰਾਪਤ ਕਰਨਾ ਸੀ। ਇਸੇ ਲਈ ਗੱਲਾਂ-ਬਾਤਾਂ ਵਿਚ ਜੇ ਕਿਧਰੇ ਸਰਵਣ ਦਾ ਜ਼ਿਕਰ ਆ ਜਾਂਦਾ ਹੈ, ਤਾਂ ਭਾਨੋ ਕੁਝ ਦੇਰ ਲਈ ਵਿਸੰਗਤੀ ਅਤੇ ਅਪ੍ਰਮਾਣਿਕਤਾ ਦੇ ਇਹਸਾਸ ਵਿਚੋਂ ਉਭਰ ਜਾਂਦੀ ਹੈ। ਉਸਨੇ ਆਤਮਘਾਤ ਕਰਨ ਵੇਲੇ ਗੰਗਾ ਮਾਈ ਤੋਂ ਇਹੀ ਮੰਗਿਆ ਸੀ ਕਿ ਇਕ ਵਾਰ ਸਰਵਣ ਨਾਲ ਉਸਦੀ ਮੁਲਾਕਾਤ ਹੋ ਜਾਵੇ। ਸੰਤੀ ਮਾਈ ਨਾਲ ਗੱਲਾਂ ਬਾਤਾਂ ਵੀ ਹੌਲ਼ੀ-ਹੌਲੀ ਤਿਲਕਦੀਆਂ ਹੋਈਆਂ ਸਰਵਣ ਉਪਰ ਆ ਕੇ ਹੀ ਮੁਕਦੀਆਂ ਹਨ। ਸੰਤੀ ਮਾਈ ਉਸਨੂੰ ਬਹੁਤੇਰਾ ਸਮਝਾਉਂਦੀ ਹੈ ਕਿ ਮਰਿਆਂ ਹੋਇਆਂ ਨੂੰ ਬਹੁਤਾ ਯਾਦ ਨਹੀਂ ਕਰਨਾ ਚਾਹੀਦਾ। ਕਿਉਂਕਿ ਕਈ ਵਾਰ ਮਰੇ ਆਦਮੀ ਭੂਤ ਬਣ ਕੇ ਚੰਬੜ ਜਾਂਦੇ ਹਨ ਪਰ ਭਾਨੋ ਸਰਵਣ ਲਈ ਹਰ ਮੁਸ਼ਕਿਲ ਦਾ ਸਾਹਮਣਾ ਕਰਨ ਲਈ ਤਤਪਰ ਹੈ। ਉਹ ਕਹਿੰਦੀ ਹੈ, "ਸਰਵਣ ਤਾਂ ਭਾਮੇਂ ਭੂਤ ਬਣ ਕੇ ਈ ਦਿੱਸਜੇ, ਦਿੱਸ ਜੇ ਸਹੀ ਕੇਰਾਂ ਬੇਬੇ।" (ਪੰਨਾ 46) ਇਸੇ ਤਨ੍ਹਾਂ ਕਈ ਵਾਰ ਉਹ ਬੇਧਿਆਨੀ ਵਿਚ ਮਾਂਹ ਦੀ ਦਾਲ ਧਰ ਲੈਂਦੀ ਹੈ ਜੋ ਨਰੈਣੇ ਨੂੰ ਬਿਲਕੁਲ ਪਸੰਦ ਨਹੀਂ, ਪਰ ਜੋ ਸਰਵਣ ਨੂੰ ਬਹੁਤ ਪਸੰਦ ਸੀ। ਉਹ ਆਪਣੇ ਘਰ ਗਜਾ ਲੈਣ ਆਏ ਸਾਧੂ ਨੂੰ ਅਤੇ ਖਰਬੂਜੇ ਵੇਚਣ ਵਾਲੀ ਸੈਰਾਂ-ਅਰੈਣ ਨੂੰ ਵੀ ਇਸੇ ਲਈ ਪਸੰਦ ਕਰਦੀ ਹੈ ਕਿਉਂਕਿ ਉਹ ਸਰਵਣ ਦੇ ਘਰ ਤੋਂ ਜਾਣੂ ਸਨ। ਸਰਵਣ ਨਾਲ ਉਨ੍ਹਾਂ ਦਾ ਕੋਈ ਨਾਤਾ ਸੀ।

ਭਾਨੋ ਲਈ ਸਰਵਣ ਕੋਈ ਇਕ ਲੌਕਿਕ (Profane) ਸਚਾਈ ਨਹੀਂ ਸਗੋਂ ਇਕ ਪਵਿੱਤਰ (Sacred) ਯਥਾਰਥ ਹੈ। ਇਹੀ ਕਾਰਣ ਹੈ ਕਿ ਸਰਵਣ ਦਾ ਜ਼ਿਕਰ ਆਉਂਦਿਆਂ ਹੀ ਉਹ ਆਪਣੇ ਅਜਨਬੀ ਅਤੇ ਉਬਕਾਊ (nostalgic) ਜਗਤ ਨਾਲੋਂ ਟੁੱਟ ਕੇ ਇਕ ਅਤਿ ਯਥਾਰਥਕ (surrealistic) ਅਥਵਾ ਅਧਿਕ ਯਥਾਰਥਕ (super-realistic) ਜਗਤ ਨਾਲ ਜੁੜ ਜਾਂਦੀ ਹੈ। ਇਸ ਪ੍ਰਕ੍ਰਿਆ ਨੂੰ ਸਹੀ ਪਰਿਪੇਖ ਵਿਚ ਦੇਖਣ ਲਈ ਭਾਨੋ ਅਤੇ ਜਾਗਰ ਦੀਆਂ ਇਕ-ਦੋ ਮਿਲਣੀਆਂ ਦਾ ਅਧਿਐਨ ਕੀਤਾ ਜਾ ਸਕਦਾ ਹੈ। ਪਹਿਲੀ ਮਿਲਣੀ ਸਮੇਂ ਜਾਗਰ, ਨਰੈਣ ਦੀ ਗੈਰਹਾਜ਼ਰੀ ਵਿਚ ਦਾਰੂ ਪੀਣ ਦੇ ਬਹਾਨੇ ਭਾਨੋ ਦੇ ਘਰ ਆ ਜਾਂਦਾ ਹੈ। ਭਾਨੋ ਉਸਨੂੰ ਚਲੇ ਜਾਣ ਲਈ ਕਹਿੰਦੀ ਵੀ ਪਰ ਉਹ ਉਸਦੀ ਇਕ ਨਹੀਂ ਸੁਣਦਾ। ਭਾਨੋ ਗੁੱਸੇ ਨਾਲ ਉਸਨੂੰ ਅਣ-ਦੇਖਿਆ ਅਤੇ ਅਣਗੌਲਿਆ ਕਰ ਦਿੰਦੀ ਹੈ। ਜਾਗਰ ਉਸਦਾ ਧਿਆਨ ਖਿੱਚਣ ਲਈ ਕਹਿੰਦਾ ਹੈ, "ਭਾਬੀ ਸਰਵਣ ਵੀ ਮੇਰਾ ਆੜੀ ਸੀ। ਇਕ ਵਾਰੀ ਜਰਗ ਦੇ ਮੇਲੇ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੇ ਨਾਲ ਘੁਲਿਆ ਵੀ ਸੀ।" (ਪੰਨਾ 33) ਇਹ ਸੁਣ ਕੇ ਭਾਨੋ ਸਾਰਾ ਗੁੱਸਾ ਭੁੱਲ ਜਾਂਦੀ ਹੈ ਅਤੇ ਉਸਦੀ ਇਸੇ ਕਮਜ਼ੋਰੀ ਦੇ ਛਿਣ ਜਾਗਰ ਉਸਦੀ ਬਾਂਹ ਪਕੜ ਕੇ ਉਸਨੂੰ ਗਲਵਕੜੀ ਵਿਚ ਲੈ ਲੈਂਦਾ ਹੈ। ਇਸੇ ਤਰ੍ਹਾਂ ਦੂਸਰੀ ਮੁਲਾਕਾਤ ਸਮੇਂ ਵੀ ਜਾਗਰ ਭਾਨੋ ਦਾ ਹੱਥ ਫੜ ਕੇ ਉਸਨੂੰ ਆਪਣੇ ਨਾਲ ਮਿਲਦੇ ਰਹਿਣ ਲਈ ਸਰਵਣ ਦੀ ਸਹੁੰ ਖੁਆ ਦਿੰਦਾ ਹੈ।

ਭਾਨੋ ਦੇ ਅਜਤੀਪਣ ਦੀ ਪ੍ਰਕ੍ਰਿਆ ਉਸ ਸਮੇਂ ਆਪਣੇ ਸਿਖਰ ਤੇ ਪਹੁੰਚ ਜਾਂਦੀ ਹੈ, ਜਦੋਂ ਉਸਨੂੰ ਸੰਤੀ ਪਾਸੋਂ ਪਤਾ ਚੱਲਦਾ ਹੈ ਕਿ ਨਰੈਣਾ, ਹਰੀਏ ਦੀ ਛੁੱਟੜ ਅਤੇ ਬਦਚਲਣ ਸਾਲੀ ਭਾਗਵੰਤੀ ਨੂੰ ਆਪਣੇ ਘਰ ਪਾਉਣ ਲਈ ਫਿਰਦਾ ਹੈ। ਇਹ ਖ਼ਬਰ ਸੁਣਕੇ ਭਾਨੋ ਦਾ ਪ੍ਰਤੱਖਣ ਬੋਧ (perception) ਬਿਲਕੁਲ ਹੀ ਜਵਾਬ ਦੇ ਜਾਂਦਾ ਹੈ। ਉਹ ਬਿਲਕੁਲ ਸੁੰਨ ਹੋ ਜਾਂਦੀ ਹੈ। ਉਹ ਸੋਚਦੀ ਹੈ ਕਿ ਉਸਨੂੰ ਆਪ ਤਾਂ ਵਸਤੂਗਤ ਪਰਿਸਥਿਤੀਆਂ ਕਾਰਣ ਦੁੱਖ ਝੱਲਣਾ ਪਿਆ ਭਰਾ ਨੂੰ ਬਚਾਉਣ ਖ਼ਾਤਿਰ ਵਿਕਣਾ ਪਿਆ ਅਤੇ ਪਤੀ ਦੀ ਮੌਤ ਕਾਰਣ ਤੇ ਗੰਗਾਮਾਈ ਦੇ ਆਦੇਸ਼ ਕਾਰਣ ਨਰੈਣੇ ਨਾਲ ਰਹਿਣਾ ਪਿਆ ਪਰ ਭਾਗਵੰਤੀ ਵਰਗੀ ਔਰਤ ਦੀ ਸਫ਼ਾਈ ਵਿਚ ਤਾਂ ਇਹੋ ਜਹੀ ਕੋਈ ਵਸਤੂਗਤ ਪਰਿਸਥਿਤੀ ਵੀ ਨਹੀਂ ਹੈ। ਪਹਿਲਾਂ ਉਸਨੇ ਇਕ ਨਾਜਾਇਜ਼ ਔਲਾਦ ਧਾਰਣ ਕੀਤੀ, ਫਿਰ ਕਿਸੇ ਨਾਲ ਵਿਆਹ ਕਰ ਲਿਆ ਅਤੇ ਜਦ ਉਸ ਆਦਮੀ ਨੂੰ ਭਾਗਵੰਤੀ ਦੇ ਚਰਿਤ੍ਰਹੀਣ ਹੋਣ ਬਾਰੇ ਪਤਾ ਲਗਿਆ ਤਾਂ ਉਸਨੇ ਭਾਗਵੰਤੀ ਨੂੰ ਆਪਣੇ ਘਰ ਲਿਜਾਣ ਤੋਂ ਇਨਕਾਰ ਕਰ ਦਿਤਾ। ਭਾਨੋ ਸੋਚਦੀ ਹੈ ਕਿ ਹੁਣ ਇਹੋ ਜਹੀ ਪਤਿਤ ਇਸਤ੍ਰੀ ਉਸ ਦੇ ਉੱਪਰ ਦੀ ਹੋਕੇ ਉਸ ਨਰੈਣੇ ਦੇ ਘਰ ਆ ਰਹੀ ਹੈ ਜਿਸ ਦੀ ਖ਼ਾਤਿਰ ਉਸਨੇ ਆਪਣਾ ਲੋਕ ਵੀ ਗੁਆਇਆ ਅਤੇ ਪਰਲੋਕ ਵੀ ਖ਼ਰਾਬ ਕਰ ਬੈਠੀ ਹੈ। ਇਹ ਹਿਰਖ ਉਸਦੀਆਂ ਸਾਰੀਆਂ ਸੰਵੇਦਨਾਵਾਂ ਨੂੰ ਜੰਦਰਾ ਮਾਰ ਦਿੰਦਾ ਹੈ। ਉਹ ਜੀਉਣਾ ਬੰਦ ਕਰ ਕੇ ਬੈਠ ਜਾਂਦੀ ਹੈ। ਪਹਿਲਾਂ ਵੀ ਭਾਵੇਂ ਉਸਦਾ ਜਿਉਣਾ ਆਪਣੇ ਲਈ (being-for-onself) ਨਹੀਂ ਸੀ ਸਗੋਂ ਦੂਸਰਿਆਂ ਲਈ (being-for-others) ਹੀ ਸੀ। ਪਰ ਹੁਣ ਉਹ ਦੂਸਰਿਆਂ ਲਈ ਵੀ ਜੀਣਾ ਬੰਦ ਕਰ ਦਿੰਦੀ ਹੈ।

ਇਹ ਉਸਦੀ ਸੂਨਯ ਸਥਿਤੀ (nothingness) ਹੈ। ਇਸ ਸਥਿਤੀ ਵਿਚ ਕਦੇ ਉਸ ਤੋਂ ਦੁੱਧ ਡੁਲ੍ਹ ਜਾਂਦਾ ਹੈ, ਕਦੇ ਦਾਲ ਵਿਚ ਨਮਕ ਵੱਧ ਪੈ ਜਾਂਦਾ ਹੈ। ਕਦੇ ਉਹ ਦਾਣਾ ਦਲਣ ਲੱਗਦੀ ਹੈ। ਹੁਣ ਉਹ ਆਪਣੇ ਸਾਰੇ ਕੰਮ ਮੁਲਤਵੀ ਕਰਨ ਲੱਗਦੀ ਹੈ। ਗੱਡੀਆਂ ਵਾਲੀ ਤੱਕਲੇ ਸੂਈਆਂ ਵੇਚਣ ਆਉਂਦੀ ਹੈ ਤਾਂ ਉਹ ਉਸਨੂੰ ਕਹਿੰਦੀ ਹੈ, "ਅਗਲੀ ਵਾਰੀ ਜਦੋਂ ਤੂੰ ਆਈ ਫੇਰ ਲਊਂਗੀ।" (ਪੰਨਾ 75) ਇਸੇ ਤਰ੍ਹਾਂ ਇਕ ਵਾਰ ਚੂੜੀਆਂ ਵੇਚਣ ਆਏ ਮੁਨਿਆਰ ਨਾਲ ਬਹੁਤ ਚਿਰ ਭਾਅ ਬਣਾਉਂਦੀ ਰਹਿੰਦੀ ਹੈ, ਫਿਰ ਆਪ ਹੀ ਕਹਿ ਦਿੰਦੀ ਹੈ, "ਰਹਿਣ ਦੇ ਵੀ ਭਾਈ ਜੀਉਂਦੇ ਰਹੇ ਤਾਂ ਕਦੇ ਫੇਰ ਦੇਖੀ ਜਾਊ।" (ਪੰਨ 78) ਇਸੇ ਹੀ ਸੂਨਯ ਸਥਿਤੀ ਵਿਚ ਉਹ ਇਕ ਸ਼ਾਮ ਅਨ੍ਹੇਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਉਣ ਤੇ ਕੋਠੇ ਉਪਰਲਾ ਮੋਘਾ ਬੰਦ ਕਰਨ ਗਈ ਕੋਠੇ ਤੋਂ ਡਿਗ ਪੈਂਦੀ ਹੈ ਅਤੇ ਹਸਪਤਾਲ ਪਹੁੰਚ ਜਾਂਦੀ ਹੈ।

ਭਾਗਵੰਤੀ ਦੇ ਆਉਣ ਤੇ ਜੋ ਅੰਨ੍ਹੇਰੀ ਭਾਨੋ ਦੇ ਸਾਰੇ ਵਜੂਦ ਵਿਚ ਆ ਕੇ ਉਸਨੂੰ ਝੰਜੋੜ ਸੁੱਟਦੀ ਹੈ, ਭਾਨੋ ਇਸ ਸਦਮੇ ਤੋਂ ਬਚ ਜਾਂਦੀ ਹੈ। ਪਰ ਉਸਦੀ ਸੁੰਨਯਤਾ ਭੰਗ ਨਹੀਂ ਹੁੰਦੀ। ਘਰ ਆ ਕੇ ਉਹ ਭਾਗਵੰਤੀ ਦੇ ਹੁਕਮ ਦੀ ਤਾਮੀਲ ਕਰਨ ਲੱਗਦੀ ਹੈ। ਆਪਣਾ ਅਧਿਕਾਰ ਜੋ ਉਸਨੇ ਕਦੇ ਲਿਆ ਹੀ ਨਹੀਂ ਹੁੰਦਾ, ਭਾਗਵੰਤੀ ਲਈ ਛੱਡ ਦਿੰਦੀ ਹੈ। ਭਾਗਵੰਤੀ ਦੀ ਕੁੱਟ ਮਾਰ ਵੀ ਸਹਿੰਦੀ ਹੈ। ਆਪਣੇ ਲਈ ਕੋਈ ਚੀਜ਼ ਵੀ ਨਹੀਂ ਚਾਹੁੰਦੀ ਅਤੇ ਇਥੋਂ ਤਕ ਕਿ ਭਾਗਵੰਤੀ ਦੇ ਬੱਚੇ ਨੂੰ ਵੀ ਆਪਣਾ ਬੱਚਾ ਸਮਝ ਕੇ ਖਿਡਾਉਂਦੀ ਹੈ। ਪਰ ਭਾਗਵੰਤੀ ਭਾਨੋ ਨੂੰ ਆਪਣੀ ਸੌਂਕਣ ਮੰਨ ਕੇ, ਸੌਂਕਣਾਂ ਵਾਲਾ ਵਿਵਹਾਰ ਹੀ ਕਰਦੀ ਹੈ ਅਤੇ ਨਰੈਣੇ ਨੂੰ ਮਜ਼ਬੂਰ ਕਰ ਦਿੰਦੀ ਹੈ ਕਿ ਉਹ ਭਾਨੋ ਨੂੰ ਘਰੋਂ ਬਾਹਰ ਕੱਢ ਦੇਵੇ ਜਾਂ ਕਿਧਰੇ ਹੋਰ 'ਚਲਾ ਦੇਵੇ'।

ਜਾਣ ਸਮੇਂ ਭਾਨੋ ਦੀ ਸੁੰਨਯਤਾ ਭੰਗ ਹੁੰਦੀ ਹੈ। ਇਕ ਵਿਦ੍ਰੋਹੀ ਤੇਵਰ ਉਸ ਵਿਚ ਜਨਮ ਲੈਂਦਾ ਪ੍ਰਤੀਤ ਹੁੰਦਾ ਹੈ। ਹੁਣ ਉਹ ਵੀ ਉਸ ਸਮਾਜ ਅਤੇ ਸਭਿਆਚਾਰ ਦੀ ਕੱਖ ਪ੍ਰਵਾਹ ਨਹੀਂ ਕਰੇਗੀ, ਜਿਸ ਦੀ ਰਖਵਾਲੀ ਲਈ ਉਸਨੇ ਆਪਣਾ ਲੋਕ ਅਤੇ ਪਰਲੋਕ ਗੁਆ ਲਿਆ ਹੈ। ਇਹੀ ਕਾਰਣ ਹੈ ਕਿ ਜਦੋਂ ਉਹ ਨਰੈਣੇ ਦਾ ਘਰ ਛੱਡ ਕੇ ਜਾਣ ਲੱਗਦੀ ਹੈ ਤਾਂ ਪਹਿਲਾਂ ਘੱਗਰਾ, ਜੋ ਸਭਿਆਚਾਰ ਦੀ ਇਕ ਪਾਬੰਦੀ ਹੈ, ਪਹਿਨ ਕੇ ਜਾਣ ਲੱਗਦੀ ਹੈ ਪਰ ਆਖਰ ਘੱਗਰੇ ਨੂੰ ਦੋਬਾਰਾ ਟੰਗਣੇ ਉਤੇ ਧਰ ਕੇ ਬਿਨਾਂ ਘੁੰਡ ਕੱਢੇ ਉਹ ਸੱਥ ਵਿਚੋਂ ਦੀ ਲੰਘ ਜਾਂਦੀ ਹੈ।

'ਇਹੁ ਹਮਾਰਾ ਜੀਵਣਾ' ਪੰਜਾਬੀ ਸਭਿਆਚਾਰ ਦੇ ਵਿਭਿੰਨ ਪੱਖਾਂ ਅਤੇ ਪਹਿਲੂਆਂ ਨੂੰ ਬੜੇ ਸਹਿਜ-ਸੁਭਾਵਿਕ ਢੰਗ ਨਾਲ ਪੇਸ਼ ਕਰਦਾ ਹੈ। ਪੰਜਾਬ ਦੇ ਮਰਦ ਪ੍ਰਧਾਨ ਸਮਾਜ ਵਿਚ ਨਾਰੀ ਦੀ ਕਰੁਣ ਸਥਿਤੀ ਨੂੰ ਇਸ ਵਿਚ ਇਕ ਪ੍ਰਮਾਣੀਕ ਅਭਿਵਿਅਕਤੀ ਪ੍ਰਾਪਤ ਹੋਈ ਹੈ। ਇਸ ਰਚਨਾ ਵਿਚ ਦਲੀਪ ਕੌਰ ਟਿਵਾਣਾ ਨੇ ਸਾਡੇ ਸਭਿਆਚਾਰ ਦੇ ਉਸ ਇਤਿਹਾਸ ਨੂੰ ਪੇਸ਼ ਕਰਨ ਵਿਚ ਪੂਰੀ-ਪੂਰੀ ਸਫਲਤਾ ਪ੍ਰਾਪਤ ਕੀਤੀ ਹੈ, ਜਿਸਨੂੰ ਲਿਖੇ ਜਾਣ ਤੋਂ ਪਹਿਲਾਂ ਸਦੀਆਂ ਤੋਂ ਲੋਕ ਆਪਣੇ ਪਿੰਡੇ ਤੇ ਹੰਡਾਉਂਦੇ ਆ ਰਹੇ ਹਨ। ਸਭਿਆਚਾਰ ਦੇ ਪਿੰਡੇ ਦੇ ਪਹਿਲਾਂ ਤੋਂ ਹੀ ਅੰਕਿਤ ਇਸ ਕਥਾ ਨੂੰ ਟਿਵਾਣਾ ਨੇ ਦੋਬਾਰਾ ਲਿਖਿਆ ਹੈ ਅਤੇ ਬੜਾ ਖ਼ੂਬ ਲਿਖਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੰਗੇ ਪੈਰਾਂ ਦਾ ਸਫ਼ਰ

'ਨੰਗੇ ਪੈਰਾਂ ਦਾ ਸਫ਼ਰ' ਦਲੀਪ ਕੌਰ ਟਿਵਾਣਾ ਦੀ ਚਾਰ ਭਾਗਾਂ ਵਿਚ ਪ੍ਰਕਾਸ਼ਿਤ ਹੋਣ ਵਾਲੀ ਪ੍ਰਸਤਾਵਿਤ ਸ੍ਵੈਜੀਵਨੀ ਦਾ ਪ੍ਰਥਮ ਭਾਗ ਹੈ। ਇਹ ਇਕ ਵੱਖਰੀ ਭਾਂਤ ਦੀ ਸ੍ਵੈਜੀਵਨੀ ਹੈ ਅਤੇ ਇਸ ਉਤੇ ਅਕਾਦਮਿਕ ਪਰਿਭਾਸ਼ਾਵਾਂ ਬਹੁਤੀ ਕੱਟੜਤਾ ਨਾਲ ਲਾਗੂ ਨਹੀਂ ਕੀਤੀਆਂ ਜਾ ਸਕਦੀਆਂ। ਇਸ ਵਿਚ ਕਾਲ ਦੇ ਮਕੈਨੀਕਲ ਸੰਕਲਪ ਨੂੰ ਧਿਆਨ ਵਿਚ ਨਹੀਂ ਰੱਖਿਆ ਗਿਆ ਅਤੇ ਨਾ ਹੀ ਕਾਲ ਦਾ ਕੋਈ ਇਕ 'ਸਪੈਣ' ਕੇਵਲ ਇਕੋ ਵਾਰ ਪੇਸ਼ ਕਰਨ ਦੀ ਪਰੰਪਰਾ ਦਾ ਹੀ ਪਾਲਣ ਕੀਤਾ ਗਿਆ ਹੈ। ਬਲਕਿ ਕਾਲ ਇਕ ਵਾਵਰੋਲੇ ਵਾਂਗ ਘੁੰਮਦਾ ਹੋਇਆ ਨਜ਼ਰ ਆਉਂਦਾ ਹੈ ਅਤੇ ਬਹੁਤ ਸਾਰੇ ਕਾਲ-ਸਪੈਨ ਇਕ ਦੂਜੇ ਉਪਰ 'ਓਵਰਲੈਪ' ਕਰਦੇ ਵੀ ਨਜ਼ਰ ਆਉਂਦੇ ਹਨ। ਡਾ. ਦਲੀਪ ਕੌਰ ਟਿਵਾਣਾ ਦੇ ਸ਼ਬਦਾਂ ਵਿਚ ਇਹ ਸ੍ਵੈਜੀਵਨੀ ਇਕ ਇਤਿਹਾਸ ਹੈ। ਉਹ ਇਤਿਹਾਸ, ਜਿਹੜਾ ਇਤਿਹਾਸ ਦੇ ਸਫ਼ਿਆਂ ਉਤੇ ਲਿਖੇ ਜਾਣ ਤੋਂ ਬਹੁਤ ਚਿਰ ਪਹਿਲਾਂ ਕੁਝ ਲੋਕਾਂ ਦੇ ਪਿੰਡਿਆਂ ਉਪਰ ਲਿਖਿਆ ਜਾਂਦਾ ਹੈ।[1] ਲੇਖਕਾਂ ਨੇ ਇਹ ਸ੍ਵੈਜੀਵਨੀ ਉਨ੍ਹਾਂ ਲੋਕਾਂ ਨੂੰ ਸਮਰਪਿਤ ਕੀਤੀ ਹੈ, "ਜਿਹੜੇ ਇਤਿਹਾਸ ਨੂੰ ਆਪਣੇ ਪਿੰਡਿਆਂ ਉੱਪਰ ਲਿਖਿਆ ਜਾਣਾ ਜਰਦੇ ਨੇ।"

ਪੰਜਾਬੀ ਵਿਚ ਸ੍ਵੈਜੀਵਨੀ ਦੀ ਆਧੁਨਿਕ ਪਰੰਪਰਾ ਦਾ ਮੁੱਢ ਅੰਗ੍ਰੇਜ਼ੀ/ਸਾਮੀ ਸਾਹਿੱਤ ਅਤੇ ਸਭਿਆਚਾਰ ਦੇ ਪ੍ਰਭਾਵ ਨਾਲ ਹੀ ਬੱਝਦਾ ਹੈ। ਸਾਡੇ ਇਥੇ ਸਭ ਤੋਂ ਪਹਿਲੀ ਸ੍ਵੈਜੀਵਨੀ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ 'ਬਚਿਤਰ ਨਾਟਕ' ਨੂੰ ਹੀ ਮੰਨਿਆ ਜਾ ਸਕਦਾ ਹੈ। ਇਸ ਸ੍ਵੈਜੀਵਨੀ ਵਿਚ ਗੁਰੂ ਜੀ ਨੇ ਆਪਣੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਅਤੇ ਆਪਣੇ ਉਦੇਸ਼ ਦੀ ਤਸਵੀਰਕਸੀ ਬੜੇ ਪ੍ਰਮਾਣੀਕ ਢੰਗ ਨਾਲ ਕੀਤੀ ਹੈ। ਉੱਤਮ ਕਾਵਿ ਵਿਚ ਸਿਰਜੀ ਹੋਣ ਕਾਰਣ ਇਸ ਜੀਵਨੀ ਦਾ ਸਾਹਿਤਿਕ ਮਹੱਤਵ ਵੀ ਬਹੁਤ ਜ਼ਿਆਦਾ ਹੈ। ਇਸ ਵਿਚ ਸ੍ਵੈਜੀਵਨੀ ਤੋਂ ਪਹਿਲਾਂ ਪੰਜਾਬ ਤਾਂ ਕੀ ਭਾਰਤ ਵਿਚ ਵੀ ਇਸ ਪੱਧਰ ਦਾ ਕੋਈ ਹੋਰ ਉਲੇਖਯੋਗ ਦ੍ਰਿਸ਼ਟਾਂਤ ਉਪਲਬੱਧ ਨਹੀਂ ਹੁੰਦਾ। ਇਸ ਤੱਥ ਦੀ ਵਿਆਖਿਆ ਕਰਦਿਆਂ ਪੰਜਾਬ ਦੇ ਸੁਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਲਿਖਿਆ ਹੈ ਕਿ ਸਾਡੇ ਟਿਧਰ ਸ੍ਵੈਜੀਵਨੀਆਂ ਦੀ ਘਾਟ ਦਾ ਸਭ ਤੋਂ ਵੱਡਾ ਕਾਰਣ ਭਾਰਤੀ/ਪੂਰਬੀ ਦ੍ਰਿਸ਼ਟੀਕੋਣ ਹੀ ਹੈ। ਭਾਰਤੀ ਲੋਕ ਬਹੁਤੀਆਂ ਜੂਨਾਂ ਅਤੇ ਸਮੇਂ ਦੀ ਅਨੰਤਤਾ ਵਿਚ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਦੇ ਨਜ਼ਦੀਕ ਮ੍ਰਿਤੂ ਉਪਰੰਤ ਕਿਸੇ ਵਿਅਕਤੀ ਦੇ ਜੀਵਨ ਦਾ ਅੰਤ ਨਹੀਂ ਹੋ ਜਾਂਦਾ। ਉਨ੍ਹਾਂ ਨੇ ਲਗਪਗ ਚੌਰਾਸੀ ਲੱਖ ਜੂਨਾਂ ਮਿਥ ਰੱਖੀਆਂ ਹਨ। ਇਹੀ ਕਾਰਣ ਹੈ ਕਿ ਉਹ ਆਪਣੀ ਜਾਂ ਕਿਸੇ ਹੋਰ ਵਿਅਕਤੀ ਦੀ ਇਕ-ਅੱਧ ਜੂਨ ਵਿਚ ਕੋਈ ਦਿਲਚਸਪੀ ਨਹੀਂ ਲੈਂਦੇ। ਪਰੰਤੂ ਸਾਮੀ ਵਿਚਾਰਧਾਰਾ ਇਸ ਦੇ ਵਿਪਰੀਤ ਹੈ। ਸਾਮੀ ਲੋਕਾਂ ਲਈ ਵਿਅਕਤੀ ਦੀ ਕੇਵਲ ਇਕ ਹੀ ਜ਼ਿੰਦਗੀ ਹੈ। ਇਸ ਲਈ ਉਹ ਹਰ ਮਹੱਤਵਪੂਰਨ ਜ਼ਿੰਦਗੀ ਦੇ ਨਿਕੇ-ਨੰਨ੍ਹੇ ਵੇਰਵੇ ਨੂੰ ਸੰਭਾਲਣ ਦੀ ਕੋਸ਼ਿਸ਼ ਵਿਚ ਮਸਰੂਫ਼ ਰਹਿੰਦੇ ਹਨ।[2] ਉਨ੍ਹਾਂ ਨੂੰ ਕਿਸੇ ਵਿਅਕਤੀ ਦੀ ਮ੍ਰਿਤੂ ਉਪਰੰਤ ਉਸਦੀ ਅਗਲੀ ਜ਼ਿੰਦਗੀ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ। ਇਹੀ ਕਾਰਣ ਹੈ ਕਿ ਸਾਮੀ ਸਾਹਿੱਤ ਵਿਚ ਜੀਵਨੀਆਂ ਅਤੇ ਸ੍ਵੈਜੀਵਨੀਆਂ ਦੀ ਭਰਮਾਰ ਦੇਖੀ ਜਾ ਸਕਦੀ ਹੈ।

ਸ੍ਵੈਜੀਵਨੀ ਕਿਸੇ ਵਿਅਕਤੀ ਦੀ ਆਪ ਲਿਖੀ ਜੀਵਨੀ ਹੁੰਦੀ ਹੈ।[3] ਸ੍ਵੈਜੀਵਨੀ ਕਿਸੇ ਵਿਅਕਤੀ ਦਾ ਸ੍ਵੈ ਕੀਤਾ ਗਿਆ ਬਿਆਨ ਜਾਂ ਬਿਰਤਾਂਤ ਹੁੰਦੀ ਹੈ।[4] ਜਦੋਂ ਕੋਈ ਵਿਅਕਤੀ, ਜਿਸਦਾ ਜੀਵਨ ਇਤਿਹਾਸ ਦੱਸਿਆ ਗਿਆ ਹੋਵੇ, ਆਪ ਹੀ ਇਸਨੂੰ ਲਿਖੇ ਤਾਂ ਇਸਨੂੰ ਸ੍ਵੈਜੀਵਨੀ ਆਖਿਆ ਜਾਂਦਾ ਹੈ।[5] ਐਨਸਾਈਕਲੋਪੇਡੀਆ ਬ੍ਰਿਟੈਨਿਕਾ ਅਨੁਸਾਰ ਸ੍ਵੈਜੀਵਨੀ ਦੇ ਪ੍ਰੇਰਣਾ-ਸ੍ਰੋਤ ਕਈ ਹਨ। ਸ੍ਵੈ-ਰੱਖਿਆ ਲਈ, ਆਪਣੇ ਕਾਰ ਵਿਹਾਰ ਨੂੰ ਉਚਿਤ ਸਿੱਧ ਕਰਨ ਲਈ, ਆਪਣੇ ਸੰਸਮਰਣਾਂ ਅਤੇ ਯਾਦਾਂ ਦੀ ਪੁਨਰ-ਚਿਤਵਨ ਲਈ, ਇਸ ਵਿਸ਼ਵਾਸ ਲਈ ਕਿ ਆਪਣੇ ਅਨੁਭਵ ਦੂਜਿਆਂ ਲਈ ਵੀ ਅਰਥਪੂਰਣ ਹੋ ਸਕਦੇ ਹਨ, ਜਗਤ ਦੇ ਰੌਲੇ ਘਚੋਲੇ ਨੂੰ ਇਕ ਸਹੀ ਆਕਾਰ-ਪ੍ਰਕਾਰ ਦੇਣ ਲਈ ਅਤੇ ਰਚਨਾਤਮਕ ਅਭਿਵਿਅਕਤੀ ਲਈ ਸ੍ਵੈਜੀਵਨੀ ਦੀ ਸਿਰਜਣਾ ਕੀਤੀ ਜਾਂਦੀ ਹੈ।[6]

ਪੰਜਾਬੀ ਵਿਚ ਸ੍ਵੈਜੀਵਨੀ ਸਾਹਿੱਤ ਬਹੁਤ ਘੱਟ ਰਚਿਆ ਗਿਆ ਹੈ। ਕੁਝ ਇਕ ਪ੍ਰਮੁਖ ਸ੍ਵੈਜੀਵਨੀਆਂ ਇਸ ਪ੍ਰਕਾਰ ਹਨ :

ਐਸ. ਐਸ. ਅਮੋਲ, **ਅਮੋਲ ਜੀਵਨ**, 1944.
ਗੁਰਬਖ਼ਸ਼ ਸਿੰਘ ਪ੍ਰੀਤਲੜੀ, **ਮੇਰੀਆਂ ਅਭੁੱਲ ਯਾਦਾਂ**, 1947.
ਨਾਨਕ ਸਿੰਘ, **ਮੇਰੀ ਦੁਨੀਆਂ**, 1948.
ਪਿਆਰਾ ਸਿੰਘ ਦਾਤਾ, **ਆਪਬੀਤੀਆਂ**, 1952,
ਤੇਜਾ ਸਿੰਘ, **ਆਰਸੀ**, 1952.
ਮਾਸਟਰ ਤਾਰਾ ਸਿੰਘ, **ਮੇਰੀਆਂ ਯਾਦਾਂ**, 1955.
ਹੀਰਾ ਸਿੰਘ ਦਰਦ, **ਮੇਰੀਆਂ ਕੁਝ ਇਤਿਹਾਸਕ ਯਾਦਾਂ**, 1955.
ਦੀਵਾਨ ਸਿੰਘ ਮਫ਼ਤੂਨ, **ਨਾ ਕਾਬਲੇ ਫਰਾਮੋਸ਼**, 1957.
ਦੀਵਾਨ ਸਿੰਘ ਮਫ਼ਤੂਨ, **ਹੱਡ ਬੀਤੀਆਂ**, 1959.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਬਖ਼ਸ਼ ਸਿੰਘ, **ਮੇਰੀ ਜੀਵਨ ਕਹਾਣੀ**, 1659.

ਉਰਮਿਲਾ ਆਨੰਦ, **ਧਰੇਕ ਪੁੰਗਰ ਪਈ**, 1963.

ਗੁਰਬਖਸ਼ ਸਿੰਘ, **ਮੰਜ਼ਿਲ ਦਿੱਸ ਪਈ**, 1964.

ਸੋਹਣ ਸਿੰਘ ਭਕਨਾ, **ਜੀਵਨ ਸੰਗਰਾਮ**, 1967.

ਅੰਮ੍ਰਿਤਾ ਪ੍ਰੀਤਮ, **ਕਾਲਾ ਗੁਲਾਬ**, 1968.

ਅੰਮ੍ਰਿਤਾ ਪ੍ਰੀਤਮ, **ਰਸੀਦੀ ਟਿਕਟ**, 1976.

ਦਲੀਪ ਕੌਰ ਟਿਵਾਣਾ, **ਨੰਗੇ ਪੈਰਾਂ ਦਾ ਸਫ਼ਰ**, 1980.

ਬਲਵੰਤ ਗਾਰਗੀ, **ਨੰਗੀ ਧੁੱਪ**, 1880.

ਦੀਵਾਨ ਸਿੰਘ ਕਾਲੇ ਪਾਣੀ, **ਮੇਰਾ ਜੀਵਨ ਮੇਰਾ ਗੀਤ**, 1983,

ਅਜੀਤ ਕੌਰ, **ਖਾਨਾਬਦੋਸ਼**, 1983.

ਮਹਿੰਦਰ ਸਿੰਘ ਰੰਧਾਵਾ, **ਆਪ ਬੀਤੀ**, ਦੂਜੀ ਵਾਰ 1985.

ਕਰਤਾਰ ਸਿੰਘ ਦੁੱਗਲ, **ਕਿਸ ਪਹਿ ਖੋਲੋ ਗੇਠੜੀ**, 1986.

ਪਿਛਲੇ ਵਰ੍ਹਿਆਂ ਵਿਚ ਪੰਜਾਬੀ ਯੂਨੀਵਰਸਿਟੀ ਵਲੋਂ ਵੀ ਕੁਝ ਸਾਹਿਤਿਕ ਸ੍ਵੈਜੀਵਨੀਆਂ ਪ੍ਰਕਾਸ਼ਿਤ ਹੋਈਆਂ ਹਨ। ਸੋਹਣ ਸਿੰਘ ਸੀਤਲ ਦੀ 'ਮੇਰੀ ਸਾਹਿਤਿਕ ਸ੍ਵੈਜੀਵਨੀ' ਇਸ ਖੇਤਰ ਵਿਚ ਇਕ ਉਲੇਖਯੋਗ ਰਚਨਾ ਹੈ। ਪੰਜਾਬੀ ਵਿਚ ਗਿਣਾਤਮਕ ਪਖੋਂ ਭਾਵੇਂ ਘੱਟ ਸ੍ਵੈਜੀਵਨੀਆਂ ਰਚੀਆਂ ਗਈਆਂ ਹਨ ਪਰ ਗੁਣਾਤਮਕ ਦ੍ਰਿਸ਼ਟੀ ਤੋਂ ਇਨ੍ਹਾਂ ਦਾ ਪੱਧਰ ਕਾਫ਼ੀ ਉੱਚਾ ਹੈ: ਉਕਤ ਸੂਚੀ ਵਿਚ ਦਰਜ ਲਗਪਗ ਹਰ ਸ੍ਵੈਜੀਵਨੀ ਅਨੁਭੂਤੀ ਦੀ ਤਾਜ਼ਗੀ ਅਤੇ ਅਭਿਵਿਅਕਤੀ ਦੀ ਵਿਸ਼ਿਸ਼ਟਤਾ ਕਾਰਣ ਪੰਜਾਬੀ ਸ੍ਵੈਜੀਵਨੀ ਸਾਹਿਤ ਵਿਚ ਆਪਣਾ ਇਕ ਵਿਸ਼ੇਸ਼ ਸਥਾਨ ਰੱਖਦੀ ਹੈ। ਇਨ੍ਹਾਂ ਵਿਚੋਂ ਕਈ ਜੀਵਨੀਆਂ (ਜਿਵੇਂ ਨੰਗੀ ਧੁੱਪ ਅਤੇ ਖ਼ਾਨਾਬਦੋਸ਼) ਦਾ ਉਪਨਿਆਸਾਂ ਵਾਂਗ ਹੀ ਗਲਪੀਕਰਣ ਵੀ ਹੋਇਆ ਹੈ। ਇਕ ਪਰਿਭਾਸ਼ਾ ਅਨੁਸਾਰ, ਸਭ ਤੋਂ ਚੰਗੀਆਂ ਸ੍ਵੈਜੀਵਨੀਆਂ ਉਹ ਹੁੰਦੀਆਂ ਹਨ ਜੋ ਵਿਅਕਤੀ ਦੀ ਆਂਤਰਿਕ ਜ਼ਿੰਦਗੀ ਦੀ ਗਤੀ ਉਤੇ ਆਧਾਰਿਤ ਹੋਣ।[7]

ਦਲੀਪ ਕੌਰ ਟਿਵਾਣਾ ਦੀ ਇਸ ਸ੍ਵੈਜੀਵਨੀ ਦੇ ਸਤਾਈ ਕਾਂਡ ਹਨ। ਭਾਵੇਂ ਲੇਖਕਾਂ ਨੇ ਇਸ ਵਿਚ ਤਿੱਥਾਂ-ਤਾਰੀਕਾਂ ਦਾ ਕੋਈ ਵਿਸ਼ੇਸ਼ ਵੇਰਵਾ ਨਹੀਂ ਦਿਤਾ ਪਰੰਤੂ ਅੰਦਰਲੀ ਸਾਮਗਰੀ ਦੇ ਆਧਾਰ ਤੇ ਇਹ ਸ੍ਵੈਜੀਵਨੀ 1935 ਈ. ਤੋਂ 1980 ਈ. ਤੱਕ ਚਲੀ ਗਈ ਹੈ। ਟਿਵਾਣਾ ਦਾ ਜਨਮ 4 ਮਈ 1935 ਨੂੰ ਪਿੰਡ ਰੱਬੋਂ ਜ਼ਿਲਾ ਲੁਧਿਆਣਾ ਵਿਚ ਸ. ਕਾਕਾ ਸਿੰਘ ਅਤੇ ਮਾਤਾ ਚੰਦ ਕੌਰ ਦੇ ਗ੍ਰਹਿ ਵਿਖੇ ਹੋਇਆ ਸੀ। ਇਨ੍ਹਾਂ 45 ਵਰ੍ਹਿਆਂ ਦੇ ਵਕਫ਼ੇ ਨੂੰ ਉਸਨੇ ਬੜੇ ਪ੍ਰਭਾਵਸ਼ਾਲੀ ਮੋਟਿਫ਼ਾਂ ਦੁਆਰਾ ਸੁਨਿਯੋਗਿਤ ਕੀਤਾ ਹੈ। ਲੇਖਕਾਂ ਦੇ ਰਚਨਾਤਮਕ ਅਨੁਭਵ ਉਤੇ ਜਿਹੜੇ ਜਿਹੜੇ ਪ੍ਰਭਾਵ ਪਏ, ਉਨ੍ਹਾਂ ਸਾਰਿਆਂ ਦਾ ਬੜਾ ਸੱਜਰਾ ਅਤੇ ਸੰਪੂਰਣ ਵੇਰਵਾ ਸਾਨੂੰ ਇਸ ਸ੍ਵੈਜੀਵਨੀ ਵਿਚੋਂ ਪ੍ਰਾਪਤ ਹੋ ਜਾਂਦਾ ਹੈ। ਉਸ ਦੇ ਆਪਣੇ ਕਥਨ ਅਨੁਸਾਰ ਉਸਦੀ ਸ਼ਖਸੀਅਤ ਨੂੰ ਸਭ ਤੋਂ ਵੱਧ ਪ੍ਰਭਾਵਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨ ਅਤੇ ਬਣਾਉਣ-ਸੰਵਾਰਣ ਵਾਲਾ ਪ੍ਰਭਾਵ ਉਸ ਦੀ ਦਾਦੀ-ਮਾਂ ਨੇ ਪਾਇਆ। ਆਪਣੀ ਇਸ ਪੁਸਤਕ ਦੇ ਪਹਿਲੇ ਹੀ ਕਾਂਡ ਵਿਚ ਇਸ ਤੱਥ ਨੂੰ ਸਪਸ਼ਟ ਤੋਰ ਤੇ ਸਵੀਕਾਰ ਕਰਦੀ ਹੋਈ ਉਹ ਲਿਖਦੀ ਹੈ :

> ਨੰਗੇ ਪੈਰੀਂ ਫਿਰਨਾ ਮੈਨੂੰ ਬੇਹੱਦ ਪਸੰਦ ਹੈ। ਕਈ ਤਰ੍ਹਾਂ ਦੇ ਭੋਜਨਾਂ ਪਦਾਰਥਾਂ ਜਾਂ ਚਟਨੀ ਨਾਲ ਰੋਟੀ ਖਾ ਲੈਣ ਵਿਚ ਮੈਨੂੰ ਕੋਈ ਫ਼ਰਕ ਨਹੀਂ ਲੱਗਦਾ। ਪਾਪੀਆਂ ਦਾ ਤੱਤੇ ਤੇਲ ਦੇ ਕੜਾਹੇ ਵਿਚ ਤਲਿਆ ਜਾਣਾ, ਅੰਗਿਆਰਾਂ ਉਤੇ ਤੁਰਨਾ, ਪੁੱਠੇ ਲਟਕੇ ਹੋਣਾ ਤੇ ਕੋਰੜੇ ਪੈਂਦੇ ਮੈਨੂੰ ਅਜੇ ਯਾਦ ਹਨ। ਜਾਣਦਿਆਂ ਹੋਇਆਂ ਵੀ ਕਿ ਪੈਸਾ ਕੰਮ ਦੀ ਚੀਜ਼ ਹੈ, ਪੈਸੇ ਲਈ ਕੋਈ ਮੋਹ ਨਹੀਂ ਉਪਜਦਾ ਤੇ ਅੱਜ ਵੀ ਜਦੋਂ ਕਦੋਂ ਸਾਡੇ ਸ੍ਰੀਮਾਨ ਜੀ ਮਾੜਾ ਜਿਹਾ ਆਕੜ ਕੇ ਬੋਲਦੇ ਨੇ ਤਾਂ ਮੈਂ ਡਰ ਜਾਂਦੀ ਹਾਂ, ਭਾਵੇਂ ਜਾਣਦੀ ਹਾਂ ਡਰਨ ਵਾਲੀ ਕੋਈ ਗੱਲ ਨਹੀਂ। ਇਹ ਸ਼ਾਇਦ ਉਸ ਅਮੀਰ ਘਰ ਵਿਚ ਰਹਿਣ ਵਾਲੀ ਗਰੀਬ ਔਰਤ ਦਾ ਮੇਰੇ ਸਿਰ ਰਿਣ ਹੈ। ਉਸ ਘਰ ਦੀ ਧੀ ਹੋਣ ਕਰਕੇ, ਜਿਹੜਾ ਮੈਂ ਚੁਕਾ ਰਹੀ ਹਾਂ। ਤੇ ਮੈਨੂੰ ਲੱਗਦਾ ਹੈ ਉਸ ਅਮੀਰ ਘਰ ਦੇ ਹਰ ਬੰਦੇ ਨੇ ਉਸ ਗ਼ਰੀਬ ਔਰਤ ਦਾ ਕੁਝ ਨਾ ਕੁਝ ਦੇਣਾ ਹੈ।...
>
> (ਪੰਨਾ 9)

ਦਲੀਪ ਕੌਰ ਟਿਵਾਣਾ ਦੀ ਜ਼ਿੰਦਗੀ ਦੇ ਪਹਿਲੇ ਪੰਜ-ਛੇ ਵਰ੍ਹੇ ਉਸਦੀ ਸ਼ਖ਼ਸੀਅਤ ਦੇ ਨਿਰਮਾਣ ਵਿਚ ਸਭ ਤੋਂ ਵੱਧ ਹਿੱਸਾ ਪਾਉਂਦੇ ਹਨ। ਇਨ੍ਹਾਂ ਪੰਜ-ਛੇ ਵਰ੍ਹਿਆਂ ਵਿਚ ਉਸਨੇ ਜਾਗੀਰਦਾਰੀ ਨਿਜ਼ਾਮ ਦੇ ਸਾਰੇ ਲੱਛਣਾਂ ਅਤੇ ਅੰਤਰ ਵਿਰੋਧਾਂ ਨੂੰ ਆਪਣੇ ਵਿਚ ਆਤਮਸਾਤ ਕਰ ਲਿਆ ਸੀ। ਰੱਬੋਂ ਨਾਮ ਦਾ ਛੋਟਾ ਜਿਹਾ ਪਿੰਡ ਜਿਥੇ ਲੇਖਕਾ ਦਾ ਜਨਮ ਹੋਇਆ ਸੀ, ਰਿਆਸਤ ਪਟਿਆਲਾ ਵਿਚ ਪੈਂਦਾ ਸੀ। ਪਟਿਆਲੇ ਵਿਚ ਲੇਖਕਾ ਦੇ ਫੁੱਫੜ ਜੀ ਇਕ ਉਚੇ ਰਿਆਸਤੀ ਅਧਿਕਾਰੀ ਸਨ। ਉਨ੍ਹਾਂ ਦੇ ਕੋਈ ਔਲਾਦ ਨਹੀਂ ਸੀ। ਉਨ੍ਹਾਂ ਨੇ ਲੇਖਕਾਂ ਨੂੰ ਆਪਣੀ ਬੇਟੀ ਬਣਾ ਕੇ ਪੜ੍ਹਾਇਆ-ਲਿਖਾਇਆ। ਪਰ ਲੇਖਕਾਂ ਦੀ ਦਾਦੀ-ਮਾਂ ਨੇ ਇਕ ਪੁਲ ਬਣਕੇ ਉਸਨੂੰ ਰਿਆਸਤੀ ਅਤੇ ਪਿੰਡ ਰੱਬੋਂ ਦੀ ਸਿਧੀ-ਸਾਦੀ ਜ਼ਿੰਦਗੀ ਨਾਲ ਜੋੜੀ ਰੱਖਿਆ। ਲੇਖਕਾਂ ਦੀ ਸ਼ਖ਼ਸੀਅਤ ਵਿਚ ਰਿਆਸਤੀ ਅਹਿਲਕਾਰਾਂ ਦੇ ਸੰਸਕਾਰ ਕਦੇ ਵੀ ਪੱਕੇ ਰੂਪ ਵਿਚ ਸਥਾਪਿਤ ਨਾ ਹੋ ਸਕੇ। ਇਸ ਸ੍ਵੈਜੀਵਨੀ ਵਿਚ ਲੇਖਕਾਂ ਨੇ ਥਾਂ-ਪੁਰ-ਥਾਂ ਆਪਣੀ ਸ਼ਖ਼ਸੀਅਤ ਦੇ ਇਸ ਪਹਿਲੂ ਨੂੰ ਰੇਖਾਂਕਿਤ ਕੀਤਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਨੰਗੇ ਪੈਰਾਂ ਦਾ ਸਫ਼ਰ' ਦਲੀਪ ਕੌਰ ਟਿਵਾਣਾ ਦੇ ਗਲਪ-ਜਗਤ ਦਾ ਹੀ ਇਕ ਮਾਈਕਰੋ-ਖੰਡ ਹੈ। ਉਸ ਦੇ ਭਿੰਨ-ਭਿੰਨ ਨਾਵਲਾਂ ਵਿਚ 'ਰੱਬੋਂ' ਪਿੰਡ ਦਾ ਭੂਗੋਲਿਕ ਪਰਿਵੇਸ਼ ਬਿਖਰਿਆ ਪਿਆ ਹੈ। ਅਗਨੀ-ਪਰੀਖਿਆ, ਇਹੁ ਹਮਾਰਾ ਜੀਵਣਾ ਅਤੇ ਦੂਸਰੀ ਸੀਤਾ ਵਰਗੇ ਗ੍ਰਾਮੀਣ ਪਰਿਵੇਸ਼ ਨਾਲ ਸੰਬੰਧਿਤ ਨਾਵਲਾਂ ਵਿਚ ਰੱਬੋਂ ਪਿੰਡ ਦੇ ਵਾਸਤਵਿਕ ਪਾਤਰ ਅਤੇ ਸਥਾਨ ਰੂਪਾਂਤਰਿਤ ਹੋਏ ਦੇਖੇ ਜਾ ਸਕਦੇ ਹਨ। ਲੇਖਕਾਂ ਨੇ 'ਰੱਬੋਂ' ਪਿੰਡ ਦੇ ਕੁਝ ਪ੍ਰਤਿਨਿਧ ਪਾਤਰਾਂ ਅਤੇ ਸਥਾਨਾਂ ਦਾ ਵਾਸਤਵਿਕ ਵੇਰਵਾ ਆਪਣੀ ਇਸ ਸ੍ਵੈਜੀਵਨੀ ਵਿਚ ਇਸ ਪ੍ਰਕਾਰ ਪੇਸ਼ ਕੀਤਾ ਹੈ :

> ਨਿਕੇ ਜਹੇ ਇਸ ਰੱਬੋਂ ਨਾਂ ਦੇ ਪਿੰਡ ਤਕ ਨ ਕੋਈ ਸੜਕ ਪਹੁੰਚਦੀ ਸੀ ਨਾ ਕੋਲੋਂ ਲੰਘਦੀ ਨਹਿਰ ਦਾ ਪਾਣੀ। ਨਾ ਇਥੇ ਕੋਈ ਸਕੂਲ ਸੀ ਨਾ ਪੰਚਾਇਤ ਘਰ। ਸਰਧੀ ਖਤਰਾਣੀ ਦੀ ਤੇ ਲੇਖੂ ਬਾਣੀਏ ਦੀ ਬੱਸ ਦੋ ਹੱਟੀਆਂ ਸਨ ਜਿਥੋਂ ਲੂਣ ਮਿਰਚਾਂ, ਰੰਗ ਦੇ ਪਤਾਸੇ ਆਦਿਕ ਮਿਲ ਮਿਲ ਜਾਂਦੇ ਸਨ। ਗਿਆਨ ਦਾਸ ਦਾ ਡੇਰਾ, ਸ਼ਹੀਦਾਂ ਦੀ ਮਟੀ ਤੇ ਹਲਟੀ ਵਾਲਾ ਗੁਰਦਵਾਰਾ ਇਸ ਪਿੰਡ ਦੀਆਂ ਦੁਖਦੇ-ਸੁਖਦੇ ਜਾਣ ਵਾਲੀਆਂ ਥਾਵਾਂ ਸਨ। ਬਾਬੇ ਸੰਤੇ ਨਾਈ ਦੀਆਂ ਪੁੜੀਆਂ, ਕਪੂਰੀ ਝਿਊਰ ਦਾ ਹਥੌਲਾ, ਜੁਆਕਾਂ ਦੇ ਖੰਘ ਤਾਪ ਤੇ ਦੁਖਦੀਆਂ ਅੱਖਾਂ ਦੇ ਇਲਾਜ ਸਨ। ਨਾ ਪਿੰਡ ਵਿਚ ਅਜੇ ਤਕ ਕੋਈ ਖ਼ੂਨ ਹੋਇਆ ਸੀ ਨਾ ਇਥੇ ਕਦੇ ਠਾਣਾ ਉਤਰਿਆ ਸੀ। ਹਰਦੁਆਰ ਫੁੱਲ ਪਾਉਣ, ਪਹੋਏ ਨਹਾਉਣ ਤੇ ਨੈਣਾ ਦੇਵੀ ਦੀ ਸੁੱਖ ਦੇਣ ਲੋਕੀਂ ਬਿਸ਼ਨੇ ਪਰੋਹਤ ਦੀ ਸਲਾਹ ਲੈ ਕੇ ਪੀਪੀਆਂ ਵਿਚ ਪੰਜੀਰੀ ਪਾ, ਲੱਕ ਨਾਲ ਰੁਪਈਏ ਬੰਨ੍ਹ, ਸੰਗ ਬਣਾਕੇ ਜਾਂਦੇ ਤੇ ਉਥੋਂ ਮੁੜਦੇ ਗਾਨੀਆਂ, ਗੰਗਾਜਲ ਤੇ ਖਿੱਲਾਂ ਲੈ ਕੇ ਆਉਂਦੇ। (ਪੰਨਾ 10)

ਦਲੀਪ ਕੌਰ ਟਿਵਾਣਾ ਨੂੰ ਵਿਰਸੇ ਵਿਚ ਸਪਸ਼ਟ ਤੌਰ ਤੇ ਦੋ ਵੱਖ-ਵੱਖ ਵਿਚਾਰ-ਧਾਰਾਵਾਂ ਅਤੇ ਜੀਵਨ-ਸਿਧਾਂਤ ਪ੍ਰਾਪਤ ਹੋਏ। ਪਿਤਾ ਵਲੋਂ ਉਸ ਨੂੰ ਜਾਗੀਰਦਾਰੀ ਸਮਾਜ ਦੇ ਸੰਸਕਾਰ ਪ੍ਰਾਪਤ ਹੋਏ। ਉਸਦਾ ਦਾਦਾ ਇਕ ਰੱਜਿਆ-ਪੁਜਿਆ ਜ਼ਿਮੀਦਾਰ ਸੀ। ਘਰ ਅਤੇ ਪਿੰਡ ਵਿਚ ਉਸਦਾ ਪੂਰਾ ਦਬਦਬਾ ਸੀ। ਉਸਦੀ ਇਕ ਧੀ ਪਟਿਆਲੇ ਦੇ ਰਜਵਾੜੇ ਖ਼ਾਨਦਾਨ ਵਿਚ ਵਿਆਹੀ ਹੋਈ ਸੀ। ਦਲੀਪ ਕੌਰ ਟਿਵਾਣਾ ਦੀ ਪੜ੍ਹਾਈ-ਲਿਖਾਈ ਅਤੇ ਪਾਲਣ ਪੋਸਣ ਉਥੇ ਹੀ ਹੋਇਆ। ਦਾਦਾ ਹਜ਼ੂਰਾ ਸਿੰਘ ਵਿਚ ਜਾਗੀਰਦਾਰੀ ਸਮਾਜ ਦਾ ਨਿਘਾਰ ਅਜੇ ਪ੍ਰਗਟ ਨਹੀਂ ਸੀ ਹੋਣ ਲੱਗਾ। ਨਾ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨ ਅਤੇ ਬਣਾਉਣ-ਸੰਵਾਰਣ ਵਾਲਾ ਪ੍ਰਭਾਵ ਉਸ ਦੀ ਦਾਦੀ-ਮਾਂ ਨੇ ਪਾਇਆ। ਆਪਣੀ ਇਸ ਪੁਸਤਕ ਦੇ ਪਹਿਲੇ ਹੀ ਕਾਂਡ ਵਿਚ ਇਸ ਤੱਥ ਨੂੰ ਸਪਸ਼ਟ ਤੌਰ ਤੇ ਸਵੀਕਾਰ ਕਰਦੀ ਹੋਈ ਉਹ ਲਿਖਦੀ ਹੈ :

> ਨੰਗੇ ਪੈਰੀਂ ਫਿਰਨਾ ਮੈਨੂੰ ਬੇਹੱਦ ਪਸੰਦ ਹੈ। ਕਈ ਤਰ੍ਹਾਂ ਦੇ ਭੋਜਨਾਂ ਪਦਾਰਥਾਂ ਜਾਂ ਚਟਨੀ ਨਾਲ ਰੋਟੀ ਖਾ ਲੈਣ ਵਿਚ ਮੈਨੂੰ ਕੋਈ ਫ਼ਰਕ ਨਹੀਂ ਲੱਗਦਾ। ਪਾਪੀਆਂ ਦਾ ਤੱਤੇ ਤੇਲ ਦੇ ਕੜਾਹੇ ਵਿਚ ਤਲਿਆ ਜਾਣਾ, ਅੰਗਿਆਰਾਂ ਉਤੇ ਤੁਰਨਾ, ਪੁੱਠੇ ਲਟਕੇ ਹੋਣਾ ਤੇ ਕੋਰੜੇ ਪੈਂਦੇ ਮੈਨੂੰ ਅਜੇ ਯਾਦ ਹਨ। ਜਾਣਦਿਆਂ ਹੋਇਆਂ ਵੀ ਕਿ ਪੈਸਾ ਕੰਮ ਦੀ ਚੀਜ਼ ਹੈ, ਪੈਸੇ ਲਈ ਕੋਈ ਮੋਹ ਨਹੀਂ ਉਪਜਦਾ ਤੇ ਅੱਜ ਵੀ ਜਦੋਂ ਕਦੋਂ ਸਾਡੇ ਸ੍ਰੀਮਾਨ ਜੀ ਮਾੜਾ ਜਿਹਾ ਆਕੜ ਕੇ ਬੋਲਦੇ ਨੇ ਤਾਂ ਮੈਂ ਡਰ ਜਾਂਦੀ ਹਾਂ, ਭਾਵੇਂ ਜਾਣਦੀ ਹਾਂ ਡਰਨ ਵਾਲੀ ਕੋਈ ਗੱਲ ਨਹੀਂ। ਇਹ ਸ਼ਾਇਦ ਉਸ ਅਮੀਰ ਘਰ ਵਿਚ ਰਹਿਣ ਵਾਲੀ ਗਰੀਬ ਔਰਤ ਦਾ ਮੇਰੇ ਸਿਰ ਰਿਣ ਹੈ। ਉਸ ਘਰ ਦੀ ਧੀ ਹੋਣ ਕਰਕੇ, ਜਿਹੜਾ ਮੈਂ ਚੁਕਾ ਰਹੀ ਹਾਂ। ਤੇ ਮੈਨੂੰ ਲੱਗਦਾ ਹੈ ਉਸ ਅਮੀਰ ਘਰ ਦੇ ਹਰ ਬੰਦੇ ਨੇ ਉਸ ਗ਼ਰੀਬ ਔਰਤ ਦਾ ਕੁਝ ਨਾ ਕੁਝ ਦੇਣਾ ਹੈ।...
>
> (ਪੰਨਾ 9)

ਦਲੀਪ ਕੌਰ ਟਿਵਾਣਾ ਦੀ ਜ਼ਿੰਦਗੀ ਦੇ ਪਹਿਲੇ ਪੰਜ-ਛੇ ਵਰ੍ਹੇ ਉਸਦੀ ਸ਼ਖ਼ਸੀਅਤ ਦੇ ਨਿਰਮਾਣ ਵਿਚ ਸਭ ਤੋਂ ਵੱਧ ਹਿੱਸਾ ਪਾਉਂਦੇ ਹਨ। ਇਨ੍ਹਾਂ ਪੰਜ-ਛੇ ਵਰ੍ਹਿਆਂ ਵਿਚ ਉਸਨੇ ਜਾਗੀਰਦਾਰੀ ਨਿਜ਼ਾਮ ਦੇ ਸਾਰੇ ਲੱਛਣਾਂ ਅਤੇ ਅੰਤਰ ਵਿਰੋਧਾਂ ਨੂੰ ਆਪਣੇ ਵਿਚ ਆਤਮਸਾਤ ਕਰ ਲਿਆ ਸੀ। ਰੱਬੋਂ ਨਾਮ ਦਾ ਛੋਟਾ ਜਿਹਾ ਪਿੰਡ ਜਿਥੇ ਲੇਖਕਾ ਦਾ ਜਨਮ ਹੋਇਆ ਸੀ, ਰਿਆਸਤ ਪਟਿਆਲਾ ਵਿਚ ਪੈਂਦਾ ਸੀ। ਪਟਿਆਲੇ ਵਿਚ ਲੇਖਕਾਂ ਦੇ ਫੁੱਫੜ ਜੀ ਇਕ ਉਚੇ ਰਿਆਸਤੀ ਅਧਿਕਾਰੀ ਸਨ। ਉਨ੍ਹਾਂ ਦੇ ਕੋਈ ਔਲਾਦ ਨਹੀਂ ਸੀ। ਉਨ੍ਹਾਂ ਨੇ ਲੇਖਕਾਂ ਨੂੰ ਆਪਣੀ ਬੇਟੀ ਬਣਾ ਕੇ ਪੜ੍ਹਾਇਆ-ਲਿਖਾਇਆ। ਪਰ ਲੇਖਕਾਂ ਦੀ ਦਾਦੀ-ਮਾਂ ਨੇ ਇਕ ਪੁਲ ਬਣਕੇ ਉਸਨੂੰ ਰਿਆਸਤੀ ਅਤੇ ਪਿੰਡ ਰੱਬੋਂ ਦੀ ਸਿਧੀ-ਸਾਦੀ ਜ਼ਿੰਦਗੀ ਨਾਲ ਜੋੜੀ ਰੱਖਿਆ। ਲੇਖਕਾਂ ਦੀ ਸ਼ਖ਼ਸੀਅਤ ਵਿਚ ਰਿਆਸਤੀ ਅਹਿਲਕਾਰਾਂ ਦੇ ਸੰਸਕਾਰ ਕਦੇ ਵੀ ਪੱਕੇ ਰੂਪ ਵਿਚ ਸਥਾਪਿਤ ਨਾ ਹੋ ਸਕੇ। ਇਸ ਸ੍ਵੈਜੀਵਨੀ ਵਿਚ ਲੇਖਕਾਂ ਨੇ ਥਾਂ-ਪੁਰ-ਥਾਂ ਆਪਣੀ ਸ਼ਖ਼ਸੀਅਤ ਦੇ ਇਸ ਪਹਿਲੂ ਨੂੰ ਰੇਖਾਂਕਿਤ ਕੀਤਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਨੰਗੇ ਪੈਰਾਂ ਦਾ ਸਫ਼ਰ' ਦਲੀਪ ਕੌਰ ਟਿਵਾਣਾ ਦੇ ਗਲਪ-ਜਗਤ ਦਾ ਹੀ ਇਕ ਮਾਈਕਰੋ-ਖੰਡ ਹੈ। ਉਸ ਦੇ ਭਿੰਨ-ਭਿੰਨ ਨਾਵਲਾਂ ਵਿਚ 'ਰੱਬੋਂ' ਪਿੰਡ ਦਾ ਭੂਗੋਲਿਕ ਪਰਿਵੇਸ਼ ਬਿਖਰਿਆ ਪਿਆ ਹੈ। ਅਗਨੀ-ਪਰੀਖਿਆ, ਇਹੁ ਹਮਾਰਾ ਜੀਵਣਾ ਅਤੇ ਦੂਸਰੀ ਸੀਤਾ ਵਰਗੇ ਗ੍ਰਾਮੀਣ ਪਰਿਵੇਸ਼ ਨਾਲ ਸੰਬੰਧਿਤ ਨਾਵਲਾਂ ਵਿਚ ਰੱਬੋਂ ਪਿੰਡ ਦੇ ਵਾਸਤਵਿਕ ਪਾਤਰ ਅਤੇ ਸਥਾਨ ਰੂਪਾਂਤਰਿਤ ਹੋਏ ਦੇਖੇ ਜਾ ਸਕਦੇ ਹਨ। ਲੇਖਕਾਂ ਨੇ 'ਰੱਬੋਂ' ਪਿੰਡ ਦੇ ਕੁਝ ਪ੍ਰਤਿਨਿਧ ਪਾਤਰਾਂ ਅਤੇ ਸਥਾਨਾਂ ਦਾ ਵਾਸਤਵਿਕ ਵੇਰਵਾ ਆਪਣੀ ਇਸ ਸ੍ਵੈਜੀਵਨੀ ਵਿਚ ਇਸ ਪ੍ਰਕਾਰ ਪੇਸ਼ ਕੀਤਾ ਹੈ :

> ਨਿਕੇ ਜਹੇ ਇਸ ਰੱਬੋਂ ਨਾਂ ਦੇ ਪਿੰਡ ਤਕ ਨ ਕੋਈ ਸੜਕ ਪਹੁੰਚਦੀ ਸੀ ਨਾ ਕੋਲੋਂ ਲੰਘਦੀ ਨਹਿਰ ਦਾ ਪਾਣੀ। ਨਾ ਇਥੇ ਕੋਈ ਸਕੂਲ ਸੀ ਨਾ ਪੰਚਾਇਤ ਘਰ। ਸਰਧੀ ਖਤਰਾਣੀ ਦੀ ਤੇ ਲੇਖੂ ਬਾਣੀਏ ਦੀ ਬੱਸ ਦੋ ਹੱਟੀਆਂ ਸਨ ਜਿਥੋਂ ਲੂਣ ਮਿਰਚਾਂ, ਰੰਗ ਦੇ ਪਤਾਸੇ ਆਦਿਕ ਮਿਲ ਮਿਲ ਜਾਂਦੇ ਸਨ। ਗਿਆਨ ਦਾਸ ਦਾ ਡੇਰਾ, ਸ਼ਹੀਦਾਂ ਦੀ ਮਟੀ ਤੇ ਹਲਟੀ ਵਾਲਾ ਗੁਰਦਵਾਰਾ ਇਸ ਪਿੰਡ ਦੀਆਂ ਦੁਖਦੇ-ਸੁਖਦੇ ਜਾਣ ਵਾਲੀਆਂ ਥਾਵਾਂ ਸਨ। ਬਾਬੇ ਸੰਤੇ ਨਾਈ ਦੀਆਂ ਪੁੜੀਆਂ, ਕਪੂਰੀ ਝਿਊਰ ਦਾ ਹਥੌਲਾ, ਜੁਆਕਾਂ ਦੇ ਖੰਘ ਤਾਪ ਤੇ ਦੁਖਦੀਆਂ ਅੱਖਾਂ ਦੇ ਇਲਾਜ ਸਨ। ਨਾ ਪਿੰਡ ਵਿਚ ਅਜੇ ਤਕ ਕੋਈ ਖ਼ੂਨ ਹੋਇਆ ਸੀ ਨਾ ਇਥੇ ਕਦੇ ਠਾਣਾ ਉਤਰਿਆ ਸੀ। ਹਰਦੁਆਰ ਫੁੱਲ ਪਾਉਣ, ਪਹੋਏ ਨਹਾਉਣ ਤੇ ਨੈਣਾ ਦੇਵੀ ਦੀ ਸੁੱਖ ਦੇਣ ਲੋਕੀਂ ਬਿਸ਼ਨੇ ਪਰੋਹਤ ਦੀ ਸਲਾਹ ਲੈ ਕੇ ਪੀਪੀਆਂ ਵਿਚ ਪੰਜੀਰੀ ਪਾ, ਲੱਕ ਨਾਲ ਰੁਪਈਏ ਬੰਨ੍ਹ, ਜੱਗ ਬਣਾਕੇ ਜਾਂਦੇ ਤੇ ਉਥੋਂ ਮੁੜਦੇ ਗਾਨੀਆਂ, ਗੰਗਾਜਲ ਤੇ ਖਿੱਲਾਂ ਲੈ ਕੇ ਆਉਂਦੇ। (ਪੰਨਾ 10)

ਦਲੀਪ ਕੌਰ ਟਿਵਾਣਾ ਨੂੰ ਵਿਰਸੇ ਵਿਚ ਸਪਸ਼ਟ ਤੌਰ ਤੇ ਦੋ ਵੱਖ-ਵੱਖ ਵਿਚਾਰ-ਧਾਰਾਵਾਂ ਅਤੇ ਜੀਵਨ-ਸਿਧਾਂਤ ਪ੍ਰਾਪਤ ਹੋਏ। ਪਿਤਾ ਵਲੋਂ ਉਸ ਨੂੰ ਜਾਗੀਰਦਾਰੀ ਸਮਾਜ ਦੇ ਸੰਸਕਾਰ ਪ੍ਰਾਪਤ ਹੋਏ। ਉਸਦਾ ਦਾਦਾ ਇਕ ਰੱਜਿਆ-ਪੁਜਿਆ ਜ਼ਿਮੀਦਾਰ ਸੀ। ਘਰ ਅਤੇ ਪਿੰਡ ਵਿਚ ਉਸਦਾ ਪੂਰਾ ਦਬਦਬਾ ਸੀ। ਉਸਦੀ ਇਕ ਧੀ ਪਟਿਆਲੇ ਦੇ ਰਜਵਾੜੇ ਖ਼ਾਨਦਾਨ ਵਿਚ ਵਿਆਹੀ ਹੋਈ ਸੀ। ਦਲੀਪ ਕੌਰ ਟਿਵਾਣਾ ਦੀ ਪੜ੍ਹਾਈ-ਲਿਖਾਈ ਅਤੇ ਪਾਲਣ ਪੋਸਣ ਉਥੇ ਹੀ ਹੋਇਆ। ਦਾਦਾ ਹਜ਼ੂਰਾ ਸਿੰਘ ਵਿਚ ਜਾਗੀਰਦਾਰੀ ਸਮਾਜ ਦਾ ਨਿਘਾਰ ਅਜੇ ਪ੍ਰਗਟ ਨਹੀਂ ਸੀ ਹੋਣ ਲੱਗਾ। ਨਾ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਸ਼ਰਾਬ ਪੀਂਦਾ ਸੀ ਅਤੇ ਨਾ ਹੀ ਹੋਰ ਜਾਗੀਰਦਾਰਾਂ ਵਾਂਗ ਕਿਸੇ ਪ੍ਰਕਾਰ ਦੇ ਵੈਲ ਵਿਚ ਧਨ-ਦੌਲਤ ਦਾ ਉਜਾੜਾ ਹੀ ਕਰਦਾ ਸੀ। ਉਸਦੀ ਸ਼ਖਸੀਅਤ ਦੇ ਇਸ ਪੱਖ ਬਾਰੇ ਇਕ ਪਾਤਰ ਇਸ ਤਰ੍ਹਾਂ ਦੱਸਦਾ ਹੈ : "ਅਸਲ 'ਚ ਮਹਾਜਨਾਂ ਵਰਗਾ ਐ ਚਾਚਾ। ਘਰ ਤੇ, ਵਿਆਹ ਤੇ ਮਹਾਜਨਾਂ ਵਾਂਗ ਦਿਲ ਖੋਲ੍ਹ ਕੇ ਪੈਸਾ ਲਾਇਐ, ਬਾਕੀ ਥਾਮੀਂ ਚੀਪੜ ਐ। ਬਾਕੀ ਹਾਂ ਜੇ ਬਿਸ਼ਨਾ ਪਰੋਹਤ ਆਖਦੇ, ਬਈ ਗਰਹ੍ਹ ਦਾ ਸਮਾਂ ਆ ਰਿਹੈ, ਸੋਨੇ ਦੀ ਗਊ੍ਹ ਪੁੰਨ ਕਰਦੇ, ਸਹੁੰ ਮੈਨੂੰ ਗਊ ਦੀ, ਉਹ ਸੋਨੇ ਦੀ ਗਊ੍ਹ ਵੀ ਪੁੰਨ ਕਰਦੂ। ਉਂ ਜੇ ਮੈਂ ਕਦੇ ਆਖਦਾ ਚਾਚਾ ਲਾਂਭੇ ਜਾਣੈ, ਪੰਜ ਰੁਪਈਏ ਤਾਂ ਦੇਈਂ, ਤਾਂ ਵੀਹ ਬਦਲਾ ਕਰੂਗਾ ਤੇ ਰੁਪਈਏ ਪੰਜ ਦੀ ਥਾਂ ਦੋ ਈ ਦੇਊਗਾ।" (ਪੰਨਾ 36)

ਹਜ਼ੂਰਾ ਸਿੰਘ ਦੇ ਇਸਤ੍ਰੀ ਬਾਰੇ ਵਿਚਾਰ ਵੀ ਜਾਗੀਰਦਾਰੀ ਸਮਾਜ ਦੀ ਹੀ ਦੇਣ ਹਨ। ਇਸ ਸਮਾਜ ਵਿਚ ਇਸਤ੍ਰੀ ਦਾ ਕੰਮ ਕੇਵਲ ਇਤਨਾ ਹੈ ਕਿ ਉਹ ਮਰਦ ਲਈ ਵੱਧ ਤੋਂ ਵੱਧ ਪੁੱਤਰ ਜੰਮੇ। ਜਿਹੜੀ ਇਸਤ੍ਰੀ ਮਰਦ ਨੂੰ ਪੁੱਤਰ ਜੰਮ ਕੇ ਨਹੀਂ ਦੇ ਸਕਦੀ, ਇਸ ਸਮਾਜ ਵਿਚ ਉਸ ਲਈ ਕੋਈ ਥਾਂ ਨਹੀਂ। ਟਿਵਾਣਾ ਦੀ ਮਾਂ, ਚੰਦ ਕੌਰ ਨੂੰ ਜਾਗੀਰਦਾਰੀ ਸਮਾਜ ਦੀ ਇਸ ਤਲਖ ਹਕੀਕਤ ਦਾ ਕਈ ਵਾਰ ਸਾਹਮਣਾ ਕਰਨਾ ਪਿਆ। ਉਪਰੋਕੱਲੀ ਉਸਦੇ ਚਾਰ ਕੁੜੀਆਂ ਹੋਈਆਂ। ਏਡੀ ਵੱਡੀ ਜ਼ਮੀਨ ਜ਼ਾਇਦਾਦ ਦਾ ਵਾਰਿਸ ਕੋਈ ਨਹੀਂ ਸੀ। ਇਸੇ ਕਾਰਣ ਕਈ ਵਾਰ ਹਜ਼ੂਰਾ ਸਿੰਘ ਨੇ ਆਪਣੇ ਪੁੱਤਰ ਦਾ ਦੂਜਾ ਵਿਆਹ ਕਰਨ ਦੀ ਵੀ ਠਾਣੀ ਸੀ। ਪਰ ਕਾਕਾ ਸਿੰਘ ਦੇ ਸ਼ਰਾਬੀਪੁਣੇ ਕਾਰਣ ਅਤੇ ਕੁਝ ਦੇਵਨੇਤ ਕਾਰਣ ਚੰਦ ਕੌਰ, ਸੌਂਕਣ ਦੇ ਸੰਤਾਪ ਤੋਂ ਬਚੀ ਹੀ ਰਹੀ। ਬਾਅਦ ਵਿਚ ਚੌਥੀ ਕੁੜੀ ਤੋਂ ਬਾਅਦ ਉਸਦੇ ਇਕ ਪੁੱਤਰ ਵੀ ਜੰਮ ਪਿਆ ਤਾਂ ਜਾ ਕਿਧਰੇ ਉਸਦੀ ਘਰ ਵਿਚ ਪੁੱਛ-ਪ੍ਰਤੀਤ ਹੋਈ। ਪਰ ਅਜਿਹੀ ਪੁੱਛ-ਪ੍ਰਤੀਤ ਦਾ ਇਹ ਅਰਥ ਨਹੀਂ ਕਿ ਇਸ ਤੋਂ ਬਾਅਦ ਇਸਤ੍ਰੀ ਘਰ ਵਿਚ ਆਪਣੀ ਸ੍ਵੈ-ਇਛਾ ਨਾਲ ਜੀਅ ਸਕਦੀ ਹੈ। ਜਾਗੀਰਦਾਰੀ ਸਮਾਜ ਵਿਚ ਔਰਤ ਨੂੰ ਹਰ ਕਦਮ ਮਰਦ ਦੀ ਮਰਜ਼ੀ ਅਤੇ ਸਲਾਹ ਅਨੁਸਾਰ ਹੀ ਚੁੱਕਣਾ ਪੈਂਦਾ ਹੈ।

ਟਿਵਾਣਾ ਦੀ ਸ਼ਖਸੀਅਤ ਵਿਚ ਦੂਜੀ ਵਿਚਾਰਧਾਰਾ ਜਾਂ ਜੀਵਨ-ਜਾਚ ਉਸਦੀ ਮਾਂ ਵੱਲੋਂ ਪ੍ਰਾਪਤ ਹੋਈ ਹੈ। ਰੰਗ ਭਾਵੇਂ ਇਸ ਧਾਰਾ ਦਾ ਵੀ ਜਾਗੀਰਦਾਰੀ ਹੀ ਰਿਹਾ ਹੋਵੇ ਪਰੰਤੂ ਇਹ ਲੌਕਿਕ ਨਾਲੋਂ ਪਾਰਲੌਕਿਕ ਜਾਂ ਦੁਨਿਆਵੀ ਨਾਲੋਂ ਦੀਨੀ ਵਧੇਰੇ ਹੈ। ਇਹ ਵਿਚਾਰਧਾਰਾ ਲੇਖਕਾ ਨੂੰ ਆਪਣੀ ਨਾਨੀ ਹਰ ਕੁਰ ਤੋਂ ਹੁੰਦੀ ਹੋਈ ਆਪਣੀ ਮਾਂ ਦੇ ਮਾਧਿਅਮ ਦੁਆਰਾ ਪ੍ਰਾਪਤ ਹੋਈ। ਲੇਖਕਾ ਦਾ ਨਾਨਕਾ ਘਰ ਦੁਨਿਆਵੀ ਪ੍ਰਾਪਤੀਆਂ ਨਾਲੋਂ ਦੀਨੀ ਪ੍ਰਾਪਤੀਆਂ ਲਈ ਵਧੇਰੇ ਫਿਕਰਮੰਦ ਸੀ। ਇਸ ਘਰ ਦਾ ਚਿਤਰ ਲੇਖਕਾ ਨੇ ਇਸ ਤਰ੍ਹਾਂ ਖਿਚਿਆ ਹੈ :

ਇਕ ਵਾਰੀ ਬੀਬੀ ਨੂੰ ਜਦੋਂ ਮਾਮਾ ਜੀ ਲੈਣ ਆਏ ਮੈਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

> ਜ਼ਿੱਦ ਕਰਕੇ ਆਪਣੇ ਨਾਨਕੀਂ ਨਾਲ ਚਲੀ ਗਈ। ਪੱਕੇ ਦਰਵਾਜ਼ੇ ਵਾਲਾ ਵਡਾ ਸਾਰਾ ਕੜੀਆਂ ਸ਼ਤੀਰਾਂ ਦੀ ਛਤ ਵਾਲਾ ਕੱਚਾ ਉਹਨਾਂ ਦਾ ਘਰ ਸੀ। ਗੋਲ ਦਰਵਾਜ਼ੇ ਉਪਰ ਸਾਧਾਂ ਸੰਤਾਂ ਦੀਆਂ ਮੂਰਤਾਂ ਬਣੀਆਂ ਹੋਈਆਂ ਸਨ। ...ਬਹੁਤ ਚਿਰ ਪਿਛੋਂ ਵੱਡੀ ਹੋ ਕੇ ਮੈਨੂੰ ਪਤਾ ਲੱਗਿਆ, ਮੇਰੀ ਮਰ ਚੁਕੀ ਨਾਨੀ ਦਾ ਨਉਂ ਹਰ ਕੁਰ ਸੀ। ਜੋ ਰੋਟੀ ਪਾਣੀ ਦੀ ਇਛਿਆ ਹੁੰਦੀ ਤਾਂ ਸਾਰੇ ਪਿੰਡ ਵਿਚੋਂ ਸਾਧੂ ਸੰਤ ਫ਼ਕੀਰ ਸਿੱਧਾ ਉਹਦੇ ਘਰ ਨੂੰ ਤੁਰਿਆ ਆਉਂਦਾ। ਨਾਨਾ ਜੀ ਨੇ ਖੂਹ ਤੇ ਜਿਹੜਾ ਕੋਠਾ ਪਾਇਆ ਹੋਇਆ ਸੀ ਉਥੇ ਉਦਾਸੀ ਸਾਧੂਆਂ ਦੀਆਂ ਜਮਾਤਾਂ ਉੱਤਰੀਆਂ ਰਹਿੰਦੀਆਂ। (ਪੰਨਾ 30)

ਦਲੀਪ ਕੌਰ ਟਿਵਾਣਾ ਦੀ ਇਹ ਪੁਸਤਕ ਪੰਜਾਬ ਦੇ ਲੋਕ-ਵਿਰਸੇ, ਲੋਕ-ਵਿਸ਼ਵਾਸਾਂ ਅਤੇ ਲੋਕ-ਧਰਮ ਦਾ ਇਕ ਅਤਿਅੰਤ ਮਹੱਤਵਪੂਰਨ ਦਸਤਾਵੇਜ਼ ਹੈ। ਉਸ ਨੇ ਪੰਜਾਬ ਦੀ ਸੁਮਿਸ਼ਰਸਿਤ ਸੰਸਕ੍ਰਿਤੀ ਨੂੰ ਬਿਨਾਂ ਕਿਸੇ ਪੂਰਵਾਗ੍ਰਹਿ ਬੜੀ ਸੁਹਿਰਦਤਾ ਨਾਲ ਪਕੜਿਆ ਅਤੇ ਚਿਤਰਿਆ ਹੈ। ਲੇਖਕਾਂ ਦਾ ਘਰ-ਪਰਿਵਾਰ ਅੱਜ ਤੋਂ ਪੰਜਾਹ ਵਰ੍ਹੇ ਪਹਿਲਾਂ ਦੇ ਪੰਜਾਬ ਦਾ ਇਕ ਪ੍ਰਤੀਨਿਧ ਅਤੇ ਮੁਕੰਮਲ ਮਾਡਲ ਹੈ। ਇਸ ਮਾਡਲ ਨੂੰ ਦਲੀਪ ਕੌਰ. ਟਿਵਾਣਾ ਨੇ ਭਿੰਨ-ਭਿੰਨ ਪਰਿਪੇਖਾਂ ਅਤੇ ਕੋਣਾਂ ਤੋਂ ਆਪਣੇ ਅਧਿਐਨ-ਵਿਸ਼ਲੇਸ਼ਣ ਦਾ ਵਿਸ਼ੈ ਬਣਾਇਆ ਹੈ। ਅੱਜ ਤੋਂ ਪੰਜਾਹ ਵਰ੍ਹੇ ਪਹਿਲਾਂ ਦੇ ਪੰਜਾਬ ਵਿਚ ਕਿਸੇ ਵੀ ਰੀਤੀ-ਰਿਵਾਜ਼, ਵਿਸ਼ਵਾਸ ਜਾਂ ਅਨੁਸ਼ਠਾਨ ਨੂੰ ਕਿਸੇ ਧਰਮ ਜਾਂ ਫ਼ਿਰਕੇ ਨਾਲ ਸੰਬੰਧਿਤ ਕਰਕੇ ਵੇਖਣ ਦੀ ਸੌੜੀ ਜਾਂ ਸੀਮਿਤ ਦ੍ਰਿਸ਼ਟੀ ਅਜੇ ਪੈਦਾ ਨਹੀਂ ਸੀ ਹੋਈ। ਸਿਖ-ਘਰਾਂ ਵਿਚ ਹਵਨ ਕੁੰਡ ਸਜਾ ਲਏ ਜਾਂਦੇ ਸਨ ਅਤੇ ਹਿੰਦੂ-ਘਰਾਂ ਵਿਚ ਗੁਰਬਾਣੀ ਦੀਆਂ ਧੁਨੀਆਂ ਅਕਸਰ ਸੁਣੀਆਂ ਜਾ ਸਕਦੀਆਂ ਸਨ। ਅੱਠਵੇਂ ਕਾਂਡ ਵਿਚ ਲੇਖਕਾਂ ਨੇ ਆਪਣੇ ਘਰ ਵਿਚ ਹੋਏ ਇਕ ਹਵਨ ਦਾ ਚਿੱਤਰ ਕੁਝ ਇਸ ਤਰ੍ਹਾਂ ਪੇਸ਼ ਕੀਤਾ ਹੈ :

> ਲਿਪ ਪੋਚ ਕੇ ਵੇਹੜੇ 'ਚ ਬੇਦੀ ਗੱਡੀ ਗਈ। ਹਵਨ ਕੁੰਡ ਬਣਾਇਆ ਗਿਆ। ਹਵਨ ਦੀ ਸਮੱਗਰੀ ਲਿਆਂਦੀ ਗਈ। ਮੰਤਰ, ਜਾਪ, ਹਵਨ, ਧੂਫ, ਚਿੱਟੀਆਂ ਧੋਤੀਆਂ ਵਾਲੇ ਜਨੇਊ ਪਾਈਂ, ਤਿਲਕ ਲਾਈਂ, ਪੂਜਾ ਕਰ ਰਹੇ ਪੰਡਤ, ਲੱਗਦਾ ਸੀ ਹੁਣ ਸਾੜ੍ਹਸਤੀ ਕਿਵੇਂ ਰਹਿ ਜੂ ਏਸ ਘਰ। ਦਾਦੀ ਮਾਂ ਘਿਓ ਦੇ ਦੀਵੇ ਡੰਗਦੀ, ਪੰਡਤਾਂ ਦੇ ਪੈਰ ਧੋ ਧੋ ਭੋਜਨ ਛਕਾਉਂਦੀ, ਮੂੰਹ 'ਚ ਮੰਨਤਾਂ ਮੰਨਦੀ, "ਇਕ ਤਾਂ ਮੇਰੇ ਦੀਵੇ ਨਾਲ ਦੀਵਾ ਲੱਗ ਜੇ, ਮੇਰੀ ਜੀਊਂਦੀ ਜੀਊਂਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਕੇ ਦੇ ਮੁੰਡਾ ਹੋ ਜੇ, ਦੂਜਾ ਉਹ ਸ਼ਰਾਬ ਛੱਡ ਜੇ। ਹੇ ਬਚਾਰੀਏ ਸਾੜ੍ਹਸਤੀਏ ਮੇਹਰ ਦੀ ਨਜ਼ਰ ਕਰੀਂ।"

(ਪੰਨਾ 45)

ਇਸ ਸ੍ਵੈਜੀਵਨੀ ਵਿਚ ਅੰਕਿਤ ਕੀਤੇ ਗਏ ਲੋਕ ਵਿਸ਼ਵਾਸਾਂ ਦੀ ਫ਼ਹਿਰਿਸਤ ਬੜੀ ਲੰਬੀ ਹੈ। ਸਮਾਜ ਵਿਗਿਆਨੀ ਇਸ ਫ਼ਹਿਰਿਸਤ ਦਾ ਵਰਗੀਕਰਣ ਅਤੇ ਵਿਵੇਚਨ ਕਰਕੇ ਪੰਜਾਬੀ ਸੰਸਕ੍ਰਿਤੀ ਬਾਰੇ ਬੜੇ ਲਾਹੇਵੰਦੇ ਸਿੱਟੇ ਕੱਢ ਸਕਦੇ ਹਨ। ਪੰਜਾਬ ਦੇ ਕੁਝ ਇਕ ਪ੍ਰਤੀਨਿਧ ਅਤੇ ਪ੍ਰਮੁੱਖ ਲੋਕ ਵਿਸ਼ਵਾਸਾਂ ਨੂੰ ਲੇਖਕਾਂ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ :

(1) ਬੰਦੇ ਨੂੰ ਧਰਮਰਾਜ ਕੋਲ ਪਾਈ ਪਾਈ ਦਾ ਹਿਸਾਬ ਦੇਣਾ ਪੈਂਦੈ। ਪਿਛਲੇ ਕਰਮ ਭੋਗਦੇ ਆਂ ਤੇ ਹੁਣ ਦੇ ਗਾਹਾਂ ਭੁਗਤਾਂਗੇ। ਓਸ ਡਾਢੇ ਤੋਂ ਸੱਤ ਵੇਲੇ ਡਰੀਏ। ਨਿਉਂ ਕੇ ਰਹੀਏ। ਧਰਤੀ ਅਸਮਾਨ ਸਭ ਸਬਰ ਸੰਤੋਖ ਦੇ ਬੰਨ੍ਹੇ ਖੜੇ ਨੇ। (ਪੰਨਾ 9)

(2) ਸਿਆਣਿਆਂ ਦੀਆਂ ਕਥੀਆਂ ਨੇ ਅਖੇ "ਤਿਤਰ ਖੰਭੀ ਬਦਲੀ ਰੰਨ ਮਲਾਈ ਖਾਏ, ਉਹ ਵੱਸੇ ਉਹ ਉਜੜੇ ਕਦੇ ਨਾ ਖਾਲੀ ਜਾਏ।" ਮਲਾਈ ਖਾਣਾ ਕੋਈ ਧੀਆਂ ਭੈਣਾਂ ਦੇ ਕੰਮ ਨੇ ? (ਪੰਨਾ 18)

(3) "ਬਸ ਕਰ ਬਹੂ ਐਰਵੈਰ ਮਿਲਦੇ ਨੀ ਜਾਨਵਰਾਂ ਦੀਆਂ ਅੱਖਾਂ ਵਿੰਨੀ ਦੀਆਂ। ਐਸ ਵੇਲੇ ਤਾਂ ਚੱਲਦੇ ਦਰਿਆ ਵੀ ਖੜ ਜਾਂਦੇ ਨੇ।" ਦਾਦੀ ਮਾਂ ਨੇ ਬੀਬੀ ਨੂੰ ਫੁਲਕਾਰੀ ਕੱਢਣ ਤੋਂ ਰੋਕਦਿਆਂ ਆਖਿਆ। (ਪੰਨਾ 24)

(4) "ਤੂੰ ਬਲਦੇਵ ਕੁਰੇ ਕਮਲੀ ਹੋਗੀ। ਧੀਆਂ ਦੇ ਸਾਕ ਕਿਤੇ ਇਉਂ ਕੀਤੇ ਜਾਂਦੇ ਹੁੰਦੇ ਨੇ। ਠੀਕ ਐ ਉਹ ਤਕੜੇ ਸਰਦਾਰ ਨੇ ਪਰ ਮਾਂ ਮੁੰਡੇ ਦੇ ਹੈਗੀ ਨੀ ਤੇ ਪਿਓ ਸ਼ਰਾਬੀ ਐ। ਉਸ ਘਰ ਮੈਂ ਆਪਣੀ ਪੋਤੀ ਵਿਆਹ ਦਿਆਂ ?' ਖੂਹ 'ਚ ਨੀ ਧੱਕਾ ਦੇ ਦੂੰ ਏਦੂੰ ਮੈਂ !" ਬਾਬਾ ਜੀ ਨੇ ਤਲਖ਼ ਹੋ ਕੇ ਆਖਿਆ। (ਪੰਨਾ 48)

(5) ਜਿਥੇ ਤੀਮੀਆਂ ਦੀ ਚੱਲੇ ਓਥੇ ਨੀ ਭਦਰਕਾਰੀ ਹੁੰਦੀ। ਤੀਮੀਆਂ ਤਾਂ ਚੰਗੇ ਭਲੇ ਬੰਦਿਆਂ ਦੀ ਮੱਤ ਮਾਰ ਦਿੰਦੀਆਂ ਨੇ। ਬਾਪੂ ਜੀ ਪਹਿਲਾਂ ਈ ਆਖਦੇ ਹੁੰਦੇ ਸੀ ਅਖੇ ਮਾਂ ਮੁੰਡੇ ਦੀ ਤੇਜ਼ ਐ। ਲੋਕਾਂ ਨੂੰ ਪਤਾ ਲੱਗੂ ਤਾਂ ਸੌ ਸੌ ਗੱਲਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਣਗੀਆਂ । ਅਖੇ ਏਹਨਾਂ ਦੀ ਧੀ ਤੇਲ ਧਰੇ ਛੱਡਤੀ। ਖਬਰਨੀ ਕੀ ਐਬ-ਵੈਲ ਸੀ । (ਪੰਨਾ 83)

(6) "ਧੀਆਂ ਨੇ ਤਾਂ ਆਪਣੇ ਕਰਮ ਖਾਣੇ ਹੁੰਦੇ ਨੇ ਮਾਪੇ ਕੁਸ਼ ਨੀ ਕਰ ਸਕਦੇ ਹੁੰਦੇ । ਸੀਤਾ ਏਡੇ ਧਰਮੀ ਰਾਜੇ ਜਨਕ ਦੀ ਧੀ ਸੀ ਫੇਰ ਵੀ ਦੇਖ ਲੈ ਕੀ ਦਸੌਂਟੇ ਕੱਟੇ । ਤੇਰੇ ਜੇਹੇ ਜੇ ਲੇਖ ਹੋਣਗੇ ਵਰਤਲੀਂ ।" ਦਾਦੀ ਮਾ ਝੂਰਦੀ ਹੋਈ ਮੈਨੂੰ ਦੱਸ ਰਹੀ ਸੀ । (ਪੰਨਾ 91)

'ਨੰਗੇ ਪੈਰਾਂ ਦੀਆਂ ਸਫ਼ਰ' ਜਿਥੇ ਡਾ. ਦਲੀਪ ਕੌਰ ਟਿਵਾਣਾ ਦੇ ਪ੍ਰਤੀਨਿਧ ਜੀਵਨ-ਖੰਡਾਂ ਦਾ ਬੜਾ ਪ੍ਰਮਾਣੀਕ ਚਿਤਰ ਪੇਸ਼ ਕਰਦੀ ਹੈ, ਉਥੇ ਇਸ ਨੇ ਪਿਛਲੇ ਪੰਜਾਹ ਕੁ ਵਰ੍ਹਿਆਂ ਦੇ ਪੰਜਾਬੀ ਜਨ-ਜੀਵਨ ਨੂੰ ਵੀ ਬੜੀ ਸੁਹਿਰਦਤਾ ਨਾਲ ਸਾਂਭਿਆ ਹੋਇਆ ਹੈ। ਇਹ ਪੁਸਤਕ ਪੰਜਾਬੀ ਸਭਿਆਚਾਰ ਦਾ ਇਕ ਬ੍ਰਿਹਦ-ਕੋਸ਼ ਹੈ । ਇਸ ਵਿਚ ਸਾਡੇ ਲੋਕ-ਵਿਸ਼ਵਾਸਾਂ, ਰੀਤੀ-ਰਿਵਾਜ਼ਾਂ, ਵਹਿਮਾਂ-ਭਰਮਾਂ ਅਤੇ ਅਨੁਸ਼ਠਾਨਾਂ ਦਾ ਅੰਕਣ ਬੜੀ ਸਹਿਜਤਾ ਨਾਲ ਹੋਇਆ ਹੈ । ਇਹੀ ਕਾਰਣ ਹੈ ਕਿ ਪੰਜਾਬ ਦੇ ਸਭਿਆਚਾਰ ਨੂੰ ਸਮਝਣ-ਸਮਝਾਉਣ ਲਈ ਇਹ ਪੁਸ੍ਤਕ ਇਕ ਵਹਿਮ ਦਸਤਾਵੇਜ਼ ਦੀ ਭੂਮਿਕਾ ਨਿਭਾਉਂਦੀ ਹੈ ।

ਸਾਹਿਤਿਕ ਦ੍ਰਿਸ਼ਟੀ ਤੋਂ ਵੀ ਇਸ ਸ੍ਵੈਜੀਵਨੀ ਦਾ ਮਹੱਤਵ ਕਾਫ਼ੀ ਜ਼ਿਆਦਾ ਹੈ । ਦਲੀਪ ਕੌਰ ਟਿਵਾਣਾ ਦੇ ਗਲਪ-ਜਗਤ ਦੀ ਸਹੀ ਅਤੇ ਸੰਪੂਰਨ ਨਿਸ਼ਾਨਦੇਹੀ ਲਈ ਇਸ ਸ੍ਵੈਜੀਵਨੀ ਦਾ ਅਧਿਐਨ ਬੜਾ ਜ਼ਰੂਰੀ ਹੈ । ਇਹ ਪੁਸਤਕ ਇਕ ਅਜਿਹੀ ਝੀਲ ਹੈ ਜਿਸ ਵਿਚੋਂ ਟਿਵਾਣਾ ਦੇ ਪਾਤਰ ਅਤੇ ਵਸਤੂ-ਸਥਿਤੀਆਂ ਪ੍ਰਗਟ ਹੁੰਦੀਆਂ ਹਨ । ਟਿਵਾਣਾ ਦੇ ਲਿਖੇ ਹੋਏ ਨਾਵਲ ਅਤੇ ਕਹਾਣੀਆਂ ਕੋਈ ਉਸ ਨੇ ਪਹਿਲੀ ਵਾਰ ਨਹੀਂ ਸਿਰਜੇ। ਇਹ ਤਾਂ ਪਹਿਲਾਂ ਹੀ 'ਰੱਬੋਂ' ਪਿੰਡ ਦੇ ਜੁਗਰਾਫ਼ੀਏ ਉਤੇ ਲਿਖੇ ਪਏ ਸਨ । ਲੇਖਕਾ ਨੇ ਤਾਂ ਬੱਸ ਉਨ੍ਹਾਂ ਦੀ ਤਰਤੀਬ ਬਦਲ ਕੇ ਉਨ੍ਹਾਂ ਨੂੰ ਦੋਬਾਰਾ ਲਿਖਿਆ ਹੈ । ਅਸਲ ਵਿਚ ਕੋਈ ਵੀ ਕਹਾਣੀ, ਲੇਖਕ ਪਹਿਲੀ ਵਾਰ ਨਹੀਂ ਲਿਖਦਾ ਹੁੰਦਾ । ਇਹ ਤਾਂ ਬਹੁਤ ਚਿਰ ਪਹਿਲਾਂ ਹੀ ਉਸਦੇ ਸਭਿਆਚਾਰ ਦੇ ਪਿੰਡ ਉਤੇ ਲਿਖੀ ਪਈ ਹੁੰਦੀ ਹੈ । ਲੇਖਕ ਤਾਂ ਬਸ ਉਸ ਲਿਖੇ ਨੂੰ ਹੀ ਦੋਬਾਰਾ ਲਿਖਦਾ ਹੈ । ਟਿਵਾਣਾ ਦੀ ਇਹ ਸ੍ਵੈਜੀਵਨੀ 'ਲਿਖਤ' ਦੇ ਇਸ ਭੇਤ ਨੂੰ ਬੜੇ ਵਿਸ਼ਵਾਸਯੋਗ ਢੰਗ ਨਾਲ ਸਾਡੇ ਸਾਹਮਣੇ ਪੇਸ਼ ਕਰਦੀ ਹੈ ।

ਨਾਵਲਾਂ ਵਾਂਗ ਹੀ ਇਸ ਸ੍ਵੈਜੀਵਨੀ ਵਿਚ ਵੀ ਟਿਵਾਣਾ ਦੀ ਬਿਆਨੀਆ-ਸ਼ੈਲੀ ਬੜੀ ਵਿਲੱਖਣ ਅਤੇ ਪ੍ਰਮਾਣੀਕ ਹੈ । ਟਿਵਾਣਾ ਇਸ ਤਰ੍ਹਾਂ ਲਿਖਦੀ ਹੈ, ਜਿਵੇਂ ਉਹ ਰਤਾ ਉੱਚੀ ਆਵਾਜ਼ ਵਿਚ ਬੋਲ ਕੇ ਆਪਣੇ ਆਪ ਨੂੰ ਹੀ, ਆਪਣੀਆਂ ਕ੍ਰਿਆਵਾਂ-ਪ੍ਰਤਿਕ੍ਰਿਆਵਾਂ ਪ੍ਰਤੀ ਵਿਸ਼ਵਾਸ ਦਿਵਾ ਰਹੀ ਹੋਵੇ । ਉਸਦੇ ਪਾਤਰ ਵੀ ਜਿਵੇਂ ਦੂਜੇ ਨੂੰ ਕੁਝ ਕਹਿਣ-ਸਮਝਾਉਣ ਦੀ ਬਜਾਇ, ਆਪਣੇ ਆਪ ਨੂੰ ਹੀ ਕੁਝ ਕਹਿੰਦੇ-ਸਮਝਾਉਂਦੇ ਰਹਿੰਦੇ ਹਨ । ਆਂਤਰਿਕ ਮਨਬਚਨੀ (interior monologue) ਦੀ ਇਹ ਸ਼ੈਲੀ, ਟਿਵਾਣਾ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬ੍ਰਿਤਾਂਤਿਕ-ਕਲਾ ਦਾ ਸਭ ਤੋਂ ਪ੍ਰਤੀਨਿਧ ਲੱਛਣ ਹੈ ਅਤੇ ਇਹ ਲੱਛਣ ਉਸਦੀ ਇਸ ਪੂਰੀ ਸ੍ਵੈਜੀਵਨੀ ਵਿਚ ਆਰ-ਪਾਰ ਪਸਰਿਆ ਹੋਇਆ ਹੈ।

ਦਲੀਪ ਕੌਰ ਟਿਵਾਣਾ ਦੀ ਇਹ ਸ੍ਵੈਜੀਵਨੀ ਪੰਜਾਬੀ ਸਭਿਆਚਾਰ ਵਿਚ ਇਸਤ੍ਰੀ ਦੀ ਸਥਿਤੀ ਦਾ ਇਕ ਮੁਕੰਮਲ, ਸੱਚਾ ਅਤੇ ਸੁਹਿਰਦ ਚਿੱਤਰ ਪੇਸ਼ ਕਰਦੀ ਹੈ। ਇਸ ਵਿਚ ਸਾਡੇ ਮਰਦ-ਪ੍ਰਧਾਨ ਸਮਾਜ ਵਿਚ ਇਸਤ੍ਰੀ-ਚੇਤਨਾ ਦੇ ਸੰਪੂਰਣ ਪਾਸਾਰਾਂ ਨੂੰ ਪਕੜਨ ਅਤੇ ਚਿਤ੍ਰਣ ਦੀ ਇਕ ਡਾਢੀ ਜੀਵੰਤ ਕੋਸ਼ਿਸ਼ ਕੀਤੀ ਗਈ ਹੈ। ਇਹ ਸ੍ਵੈਜੀਵਨੀ ਇਕੱਲੀ ਦਲੀਪ ਕੌਰ ਟਿਵਾਣਾ ਦੀ ਹੀ ਸ੍ਵੈਜੀਵਨੀ ਨਹੀਂ ਬਲਕਿ ਹਰ ਉਸ ਔਰਤ ਦੀ ਸ੍ਵੈਜੀਵਨੀ ਹੈ ਜੋ ਸੰਵੇਦਨਸ਼ੀਲ ਹੈ, ਸ੍ਵੈ-ਇੱਛਾ ਰੱਖਦੀ ਹੈ ਅਤੇ ਖ਼ੁਦ ਆਪਣਾ ਨਾਮ ਪੈਦਾ ਕਰਨਾ ਚਾਹੁੰਦੀ ਹੈ। ਇਸੇ ਤੱਥ ਵਿਚ ਇਸ ਪੁਸਤਕ ਦਾ ਸਾਹਿਤਿਕ-ਸਭਿਆਚਾਰਕ ਮਹੱਤਵ ਛਿਪਿਆ ਹੋਇਆ ਹੈ।

ਪਗ-ਟਿੱਪਣੀਆਂ ਅਤੇ ਹਵਾਲੇ

1. ਦਲੀਪ ਕੌਰ ਟਿਵਾਣਾ, ਨੰਗੇ ਪੈਰਾਂ ਦਾ ਸਫ਼ਰ, ਨਾਗਮਣੀ ਪ੍ਰਕਾਸ਼ਨ, 1980, ਪੰਨਾ 5.
2. ਗੰਡਾ ਸਿੰਘ ਡਾ., ਸੈਨਾਪਤਿ ਰਚਿਤ ਸ੍ਰੀ ਗੁਰ ਸੋਭਾ (ਸੰਪ.), ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨੇ 3-5.
3. "Autobiography is the biography of a person written by himself." 'Encyclopaedia Britanica', Vol. II, P. 783
4. "Autobiography ; the life of an individual narreted by himself" Encyclopaedia Americana, Vol, II, P. 639.
5. "That department of literature which treats of the individual lives of men or women and also a prose narrative detailing the history and unfolding the character of an individual whose history is told. it is called an autobiography," The New Gresham Encyclopaedia Vol. II, P. 68.
6. 'Encyclopaedia Britannica', P. 783.
7. "The best autobiographies are those which dwell upon the movement of a man's inner life. "Cassell's Encyclopaedia of Literature Vol, I, P. 65.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ਲੇਸ਼ਣਾਤਮਕ ਅਧਿਐਨ

ਦੂਸਰੀ ਸੀਤਾ

'ਦੂਸਰੀ ਸੀਤਾ' ਦਲੀਪ ਕੌਰ ਟਿਵਾਣਾ ਦੀ ਇਕ ਪ੍ਰਤੀਨਿਧ ਰਚਨਾ ਹੈ। ਅੱਠ ਕਾਂਡਾਂ ਵਿਚ ਲਿਖਿਆ ਗਿਆ ਇਹ ਨਾਵਲ ਮਰਦ-ਪ੍ਰਧਾਨ ਅਤੇ ਬੇਰਹਿਮ ਸਮਾਜ ਵਿਚ ਇਕ ਸੰਵੇਦਨਸ਼ੀਲ ਨਾਰੀ ਦੇ ਸੰਤਾਪ ਦਾ ਇਕ ਬੜਾ ਤ੍ਰਾਸਦਕ ਚਿਤਰ ਪੇਸ਼ ਕਰਦਾ ਹੈ। ਆਪਣੀਆਂ ਕੁਝ ਮੁਢਲੀਆਂ ਰਚਨਾਵਾਂ ਵਾਂਗ ਇਹ ਨਾਵਲ ਵੀ ਟਿਵਾਣਾ ਨੇ ਆਪਣੇ ਦੇਖੇ-ਭਾਲੇ ਭੂਗੋਲਿਕ ਖੇਤਰ ਵਿਚੋਂ ਹੀ ਉਭਰਿਆ ਹੈ। ਲੁਧਿਆਣੇ ਜ਼ਿਲੇ ਵਿਚ 'ਰੱਬੋਂ' ਨਾਮ ਦਾ ਇਕ ਛੋਟਾ ਜਿਹਾ ਪਿੰਡ ਹੈ ਜਿੱਥੇ ਸਾਡੀ ਇਸ ਲੇਖਕਾ ਦਾ ਜਨਮ ਹੋਇਆ ਅਤੇ ਬਚਪਨ ਦੀਆਂ ਦਹਿਲੀਜ਼ਾਂ ਪਾਰ ਕਰਦਿਆਂ ਜਿਥੇ ਉਸਨੇ ਕੁਝ ਅਜਿਹੇ ਸੰਸਕਾਰ ਗ੍ਰਹਿਣ ਕੀਤੇ ਜਿਹੜੇ ਉਹਦੀਆਂ ਲਿਖਤਾਂ ਵਿਚ ਮਾਨਵਵਾਦੀ ਕਦਰਾਂ-ਕੀਮਤਾਂ ਦਾ ਸੰਚਾਲਨ ਕਰਦੇ ਆਏ ਹਨ। 'ਨੰਗੇ ਪੈਰਾਂ ਦਾ ਸਫ਼ਰ' ਵਿਚ ਲੇਖਕਾ ਨੇ ਇਸ ਪਿੰਡ ਦੀ ਭੂਗੋਲਕ ਰੂਪਰੇਖਾ ਪੇਸ਼ ਕਰਨ ਦੇ ਨਾਲ-ਨਾਲ ਇਸ ਦੀ ਆਤਮਿਕ ਤਸਵੀਰ ਵੀ ਪੇਸ਼ ਕੀਤੀ ਹੈ। ਹਥਲੇ ਨਾਵਲ ਦੀ ਕਾਰਜ-ਭੂਮੀ ਨਾਲ ਸੰਬੰਧਿਤ ਪਿੰਡ ਵੀ 'ਰੱਬੋਂ' ਦਾ ਹੀ ਇਕ ਗਾਲਪਨਿਕ ਪ੍ਰਸਤੁਤੀਕਰਣ ਹੈ। ਇਸ ਪਿੰਡ (ਲਸਾੜਾ) ਦਾ ਵਿਵਰਣ 'ਰੱਬੋਂ' ਪਿੰਡ ਦੇ ਅਨੁਰੂਪ ਹੀ ਹੋਇਆ ਹੈ। ਲੇਖਕਾ ਇਸ ਪਿੰਡ ਦਾ ਪਰਿਚਯ ਦੇਂਦੀ ਹੋਈ ਲਿਖਦੀ ਹੈ, "ਕਿਸੇ ਸਾਈਂ ਲੋਕ ਨੇ ਮੋੜ੍ਹੀ ਗੱਡੀ ਸੀ ਏਸ ਪਿੰਡ ਦੀ, ਤਾਂ ਹੀ ਕਦੇ ਕੋਈ ਵਿਘਨ ਨਹੀਂ ਹੋਇਆ। ਅਜ ਥਾਈਂ ਪਿੰਡ 'ਚ ਨਾ ਕਦੇ ਖ਼ੂਨ ਹੋਇਐ, ਨਾ ਕਿਸੇ ਦੀ ਧੀ ਭੈਣ ਨੇ ਕਲੰਕ ਖੱਟਿਐ, ਨਾ ਕਿਸੇ ਦੇ ਡਾਕਾ ਪਿਐ, ਨਾ ਕੋਈ ਗਲ ਫਾਹਾ ਲੈ ਕੇ ਮਰਿਐ, ਨਾ ਕਿਸੇ ਨੇ ਧੀ ਦੇ ਪੈਸੇ ਲਏ ਨੇ।" (ਪੰਨਾ 6)

ਦਲੀਪ ਕੌਰ ਟਿਵਾਣਾ ਨੇ 'ਰੱਬੋਂ' ਪਿੰਡ ਦੇ ਇਕ ਵਾਸਤਵਿਕ ਵਸਨੀਕ ਸੰਤੇ ਨਾਈ ਦੇ ਪਰਿਵਾਰ ਦਾ ਗਲਪੀਕਰਣ ਕਰਕੇ ਹੀ ਆਪਣੇ ਇਸ ਨਾਵਲ ਦੀ ਰਚਨਾ ਦਾ ਸੂਤਰਪਾਤ ਕੀਤਾ ਹੈ। ਇਸ ਨਾਵਲ ਦੀ ਕਥਾ ਦੇ ਕੁਝ ਇਕ ਮਹਤਵਪੂਰਨ ਸੂਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਸਥਿਤੀਆਂ ਇਸ ਪ੍ਰਕਾਰ ਹਨ :

ਮਲੌਂਦ, ਡੇਲ੍ਹੋਂ ਅਤੇ ਸਲਾਰ ਆਦਿਕ ਪਿੰਡਾਂ, ਕਸਬਿਆਂ ਦੇ ਨੇੜੇ ਵੱਸੇ ਇਕ ਪਿੰਡ 'ਲਸਾੜੇ' ਵਿਚ ਸੰਤਾ ਨਾਈ ਅਤੇ ਉਸਦਾ ਪਰਿਵਾਰ ਘੁੱਗ ਵਸਦਾ ਸੀ। ਪਿੰਡਾਂ ਵਿਚ ਰਹਿਣ ਵਾਲੇ ਰਾਜੇ-ਪਰਿਵਾਰਾਂ (ਨਾਈਆਂ) ਵਾਂਗ ਸੰਤਾ ਵਿਆਹ-ਸ਼ਾਦੀ ਦੇ ਦਿਨਾਂ ਵਿਚ ਲੋਕਾਂ ਦੇ ਘਰੀਂ ਕੰਮ ਕਰਦਾ, ਉਨ੍ਹਾਂ ਦੇ ਸੁਖ-ਸੁਨੇਹੇ ਇਕ ਥਾਂ ਤੋਂ ਦੂਜੀ ਥਾਂ ਤਕ ਪਹੁੰਚਾਉਂਦਾ ਅਤੇ ਉਨ੍ਹਾਂ ਦੇ ਦੁੱਖ-ਸੁਖ ਵਿਚ ਕੰਮ ਆਉਂਦਾ। ਵਕਤ-ਕਟੀ ਲਈ ਉਹ ਹਿਕਮਤ ਦਾ ਕੰਮ ਵੀ ਕਰਦਾ ਸੀ। ਪਿੰਡ ਦੇ ਲੋਕਾਂ ਦੀ ਦਵਾ-ਦਾਰੂ ਕਰ ਛੱਡਦਾ ਅਤੇ ਵਿਹਲੇ ਸਮੇਂ ਆਪਣੀ ਹੱਟੀ ਵਿਚ ਬੈਠਾ ਅਧਿਆਤਮਕ ਗ੍ਰੰਥ ਉਚੀ-ਉਚੀ ਬੋਲ ਕੇ ਪੜ੍ਹਦਾ ਰਹਿੰਦਾ। ਲੇਖੂ ਬਾਣੀਏਂ ਵਰਗੇ ਪਿੰਡ ਦੇ ਘੱਟ-ਗਿਣਤੀ ਫ਼ਿਰਕੇ ਦੇ ਲੋਕ ਸੰਤੇ ਪਾਸੋਂ ਅਧਿਆਤਮਕ ਗ੍ਰੰਥਾਂ ਦਾ ਪਾਠ ਸੁਣ-ਸੁਣਾ ਕੇ ਆਪਣੀ ਸ਼ਨਾਖਤ ਦੇ ਕੁਝ ਬਾਹਰਮੁਖੀ ਪ੍ਰਮਾਣ ਢੂੰਡਦੇ ਰਹਿੰਦੇ।

ਸੰਤਾ ਇਕ ਬਜ਼ੁਰਗ ਵਿਅਕਤੀ ਸੀ। ਪਿੰਡ ਦੇ ਬਹੁਤੇ ਲੋਕ ਉਸਦੀ ਬਜ਼ੁਰਜੀ ਦਾ ਲਿਹਾਜ਼ ਕਰਦੇ ਸਨ। ਉਸਦੀ ਪਤਨੀ 'ਰੱਖੀ' ਨੇ ਪਿੰਡ ਵਿਚ ਕਾਫ਼ੀ ਬਣਾ ਕੇ ਰੱਖੀ ਸੀ। ਉਸਨੇ ਵੀ ਸੰਤੇ ਵਾਂਗ ਆਪਣੀ ਸਾਰੀ ਉਮਰ ਲੋਕਾਂ ਦੀ ਸੇਵਾ ਵਿਚ ਲੰਘਾ ਛੱਡੀ ਸੀ। ਨਾਥ ਨਾਮ ਦਾ ਇਕੋ-ਇਕ ਨੌਜਵਾਨ ਪੁਤਰ ਸੀ ਸੰਤੇ ਅਤੇ ਰੱਖੀ ਦਾ, ਜਿਸਦਾ ਵਿਆਹ 'ਸਲਾਰ' ਪਿੰਡ ਦੀ ਧੀ ਸੀਤਾ ਨਾਲ ਹੋਇਆ ਸੀ। ਸੀਤਾ ਇਕ ਆਦਰਸ਼ਕ ਵਹੁਟੀ ਸੀ। ਉਸਨੇ ਨਾਥ ਵਾਸਤੇ ਇਕ ਪੁੱਤਰ ਵੀ ਜੰਮਿਆ ਸੀ, ਜਿਸਦਾ ਨਾਮ ਸੀ ਦਿਆਲ। ਸੀਤਾ ਦਾ ਨਾਥ ਨਾਲ ਵਿਆਹ ਪੂਰੀ ਸਮਾਜਿਕ ਮਰਯਾਦਾ ਨਾਲ ਹੋਇਆ ਸੀ। ਉਸਦਾ ਕਾਲਜ ਵਿਚ ਪੜ੍ਹਦਾ 'ਮੇਘ' ਨਾਮ ਦਾ ਇਕ ਸੰਵੇਦਨਸ਼ੀਲ ਭਰਾ ਵੀ ਸੀ। ਸੀਤਾ ਨੂੰ ਸੱਸ-ਸਹੁਰਾ, ਪਤੀ ਅਤੇ ਪੁੱਤਰ ਸਾਰੇ ਚੰਗੇ ਮਿਲੇ ਸਨ। ਉਸਨੂੰ ਪ੍ਰਚਲਿਤ ਸਮਾਜਿਕ ਮਰਯਾਦਾ ਵੀ ਪ੍ਰਾਪਤ ਸੀ। ਉਸਦੇ ਵਿਆਹ ਨੂੰ ਪੰਜ-ਸੱਤ ਸਾਲ ਹੋ ਚੱਲੇ ਸਨ ਪਰ ਅਜੇ ਤਕ ਉਸਦੀ ਜ਼ਿੰਦਗੀ ਵਿਚ ਕੋਈ ਮੁਸ਼ਕਿਲ ਅਤੇ ਚਣੌਤੀਪੂਰਨ ਘੜੀ ਨਹੀਂ ਸੀ ਆਈ। ਉਸਦੀ ਜ਼ਿੰਦਗੀ ਪਿੰਡ ਦੀਆਂ ਹੋਰ ਬਹੂਆਂ-ਧੀਆਂ ਵਾਂਗ ਬੜੇ ਸਹਿਜ-ਸੁਭਾਵਿਕ ਢੰਗ ਨਾਲ ਬਤੀਤ ਹੋ ਰਹੀ ਸੀ।

ਪਰ ਅਸੂ-ਕੱਤੇ ਦੀ ਇਕ ਸ਼ਾਮ, ਜਿਸ ਦਿਨ ਕਰੁੱਤੇ ਹੀ ਬੱਦਲ ਹੋਏ ਖੜੇ ਸਨ, ਸੀਤਾ ਬਾਹਰ ਖੇਤਾਂ ਕੰਨੀਂ ਗਈ ਪਰ ਵਾਪਸ ਨਾ ਮੁੜੀ। ਜ਼ੈਲਦਾਰਾਂ ਦੇ ਵੈਲੀ ਪੁੱਤਰ ਬਲਦੇਵ ਸਿੰਘ ਨੇ ਆਪਣੀ ਹਵਸ ਪੂਰੀ ਕਰਨ ਲਈ ਸੀਤਾ ਨੂੰ ਆਪਣੇ ਕੁਝ ਬੰਦਿਆਂ ਤੋਂ ਚਕਵਾ ਲਿਆ। ਸੀਤਾ ਦੇ ਮੂੰਹ ਵਿਚ ਕੱਪੜਾ ਤੁੰਨ ਕੇ ਖੂਹ ਤੇ ਬਣੇ ਕਮਰੇ ਵਿਚ ਸਾਰੀ ਰਾਤ ਉਸ ਨਾਲ ਜ਼ਬਰਦਸਤੀ ਕੀਤੀ ਅਤੇ ਫਿਰ ਸ਼ੇਰ ਸਿੰਘ ਨਾਮ ਦੇ ਇਕ ਡਰਾਈਵਰ ਨਾਲ ਉਸਨੂੰ ਤੋਰ ਦਿਤਾ ਤਾਂ ਕਿ ਉਹ ਸੀਤਾ ਨੂੰ ਕਿਧਰੇ ਉਰੇ-ਪਰੇ ਕਰ ਦੇਵੇ। ਸ਼ੇਰ ਸਿੰਘ ਦਾ ਇਹੋ ਜਿਹੇ ਬੰਦਿਆਂ ਨਾਲ ਬਹਿਣ-ਉੱਠਣ ਸੀ ਜਿਹੜੇ ਤੀਵੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਭੁਚਲਾ ਕੇ ਲੈ ਜਾਂਦੇ ਹਨ ਅਤੇ ਕੁਝ ਦਿਨ ਆਪਣੇ ਪਾਸ ਰੱਖ ਕੇ ਫਿਰ ਅੜੇ-ਥੁੜੇ ਬੰਦਿਆਂ ਕੋਲ ਵੇਚ ਦਿੰਦੇ ਹਨ। ਸ਼ੇਰ ਸਿੰਘ ਧੂਰੀ ਰਹਿੰਦੇ ਆਪਣੇ ਇਕ ਇਹੋ ਜਿਹੇ ਮਿੱਤਰ ਮਾਘੀ ਪਾਸ ਗਿਆ ਤਾਂ ਜੋ ਉਹ ਸੀਤਾ ਨੂੰ ਵੀ ਕਿਧਰੇ ਵੇਚ ਵੱਟ ਕੇ ਪੈਸੇ ਖਰੇ ਕਰ ਲਵੇ। ਉਸਨੇ ਆਪਣੀ ਪਹਿਲੀ ਜ਼ਨਾਨੀ ਨੂੰ ਵੀ ਇਉਂ ਹੀ ਕਿਧਰੇ ਉਰੇ-ਪਰੇ ਕਰ ਦਿਤਾ ਸੀ ਅਤੇ ਆਪ ਹੁਣ ਇਉਂ ਹੀ ਉਧਲ ਕੇ ਲਿਆਂਦੀ ਦੂਜੀ ਜ਼ਨਾਨੀ ਦਿਆਲੋ ਨਾਲ ਰਹਿੰਦਾ ਸੀ।

ਸ਼ੇਰ ਸਿੰਘ ਦੇ ਧੂਰੀ ਜਾਣ ਤੋਂ ਬਾਅਦ ਦਿਆਲੋ ਅਗਲੇ ਦਿਨ ਸਵੇਰੇ ਸੀਤਾ ਵਾਸਤੇ ਚਾਹ ਲੈ ਕੇ ਖੂਹ ਤੇ ਜਾਂਦੀ ਹੈ। ਸ਼ੇਰਾ ਇਸ ਕਮਰੇ ਨੂੰ ਬਾਹਰੋਂ ਜਿੰਦਰਾ ਲਗਾ ਕੇ ਚਾਬੀ ਦਿਆਲੋ ਨੂੰ ਫੜਾ ਗਿਆ ਸੀ। ਸੀਤਾ ਦੀ ਭੋਲੀ ਅਤੇ ਮਾਸੂਮ ਸੂਰਤ ਵੇਖਕੇ ਦਿਆਲੋ ਨੂੰ ਉਸ ਉਤੇ ਤਰਸ ਆ ਜਾਂਦਾ ਹੈ। ਕੁਝ ਉਸਨੂੰ ਆਪਣੀ ਬੀਤੀ ਹੋਈ ਜ਼ਿੰਦਗੀ ਦੇ ਅਕਸ ਵੀ ਚੇਤੇ ਆ ਜਾਂਦੇ ਹਨ। ਉਹ ਜਾਣਦੀ ਹੁੰਦੀ ਹੈ ਕਿ ਇੰਝ ਉਧਲ ਕੇ ਲਿਆਂਦੀਆਂ ਔਰਤਾਂ ਦੀ ਜ਼ਿੰਦਗੀ ਸਦਾ ਦੁੱਭਰ ਹੋਈ ਰਹਿੰਦੀ ਹੈ। ਉਸਨੂੰ ਇਹ ਵੀ ਡਰ ਹੁੰਦਾ ਹੈ ਕਿ 'ਮੂਨ ਵਰਗੀਆਂ ਡਰੀਆਂ ਅੱਖਾਂ ਵਾਲੀ ਇਹ ਸੋਹਣੀ-ਸੁਣੱਖੀ ਮੁਟਿਆਰ' ਕਿਧਰੇ ਘਰ ਵਿਚ ਹੀ ਉਸਦੀ ਜਗ੍ਹਾ ਨਾ ਲੈ ਲਵੇ। ਸ਼ੇਰ ਸਿੰਘ ਸੀਤਾ ਨੂੰ ਘਰ ਪਾ ਲਵੇ ਅਤੇ ਉਸਨੂੰ ਹੀ ਕਿਧਰੇ ਹੋਰ ਚੱਲਦਾ ਕਰ ਦੇਵੇ। ਦਿਆਲੋ ਨੂੰ ਕਿਹੜਾ ਪਿੰਡ ਵਿਚ ਕੋਈ ਸਮਾਜਿਕ ਮਰਯਾਦਾ ਪ੍ਰਾਪਤ ਸੀ। ਉਸਨੂੰ ਵੀ ਤਾਂ ਸ਼ੇਰਾ ਇਵੇਂ ਵਿਚ ਭੁਚਲਾ ਕੇ ਹੀ ਲਿਆਇਆ ਸੀ। ਦਿਆਲੋ ਉਸਨੂੰ ਬਾਹਰ ਜਾਣ ਦਾ ਰਸਤਾ ਦੱਸ ਦਿੰਦੀ ਹੈ ਅਤੇ ਚੇਤਾਵਨੀ ਵੀ ਦੇ ਦਿੰਦੀ ਹੈ ਕਿ ਜੇ ਅੱਜ ਰਾਤ ਨੂੰ ਹੀ ਉਹ ਇਸ ਕਮਰੇ ਵਿਚੋਂ ਬਾਹਰ ਨਿਕਲ ਕੇ ਪਿੰਡੋਂ ਦੋ-ਢਾਈ ਕੋਹ ਦੀ ਦੂਰੀ ਬਣੇ ਰੇਲਵੇ ਸਟੇਸ਼ਨ ਤੋਂ ਗੱਡੀ ਨਾ ਚੜ੍ਹੀ ਤਾਂ ਸ਼ੇਰੇ ਨੇ ਉਸਨੂੰ ਕਿਧਰੇ ਦੂਰ ਲੈ ਜਾ ਕੇ ਵੇਚ-ਵੱਟ ਦੇਣਾ ਹੈ। ਸੀਤਾ ਦੇ ਮਨ ਵਿਚ ਆਪਣੇ ਪੁੱਤਰ ਦਿਆਲੇ ਦਾ ਮੋਹ ਜਾਗਿਆ, ਆਪਣੇ ਪਤੀ ਨਾਥ ਬਾਰੇ ਚਿੰਤਾ ਦੇ ਭਾਵ ਜਾਗੇ ਅਤੇ ਉਹ ਉਸੇ ਰਾਤ ਨੂੰ ਸਟੇਸ਼ਨ ਤੋਂ ਹਰਦੁਆਰ ਦੀ ਗੱਡੀ ਵਿਚ ਸਵਾਰ ਹੋ ਗਈ।

ਸੀਤਾ ਜਾਣਾ ਤਾਂ ਆਪਣੇ ਪਿੰਡ ਲਸਾੜੇ ਹੀ ਚਾਹੁੰਦੀ ਸੀ ਪਰ ਹੁਣ ਉਹ ਪਿੰਡ ਕਿਹੜੇ ਮੂੰਹ ਨਾਲ ਜਾਵੇ। ਉਸ ਉਪਰ ਲਈ ਹੋਈ ਮਰਯਾਦਾ ਦੀ ਚਾਦਰ ਤਾਂ ਕਦੋਂ ਦੀ ਲੀਰਾਂ-ਲੀਰਾਂ ਹੋ ਚੁਕੀ ਸੀ। ਫੱਟੀ ਅਤੇ ਦਾਗੀ ਚਾਦਰ ਲੈ ਕੇ ਉਹ ਪਿੰਡ ਕਿਹੜੇ ਮੂੰਹ ਨਾਲ ਅਤੇ ਫਿਰ ਇਕੱਲੀ ਕਿਵੇਂ ਜਾਵੇ ? ਉਹ ਇਹ ਵੀ ਜਾਣਦੀ ਸੀ ਕਿ ਪਿੰਡ ਵਿਚ ਜਾ ਕੇ ਜ਼ੈਲਦਾਰ ਬਲਦੇਵ ਸਿੰਘ ਦਾ ਨਾਮ ਲਿਆਂ ਵੀ ਉਸਦਾ ਪਤੀ ਨਾਥ ਕੁਝ ਨਹੀਂ ਕਰ ਸਕੇਗਾ। ਉਲਟਾ ਹੋਰ ਖ਼ੂਨ ਖਰਾਬਾ ਹੋ ਸਕਦਾ ਹੈ। ਉਸਦਾ ਪਤੀ ਮਾਰਿਆ ਵੀ ਜਾ ਸਕਦਾ ਹੈ। ਉਹ ਸੋਚ ਕੇ ਉਹ ਹਰਦੁਆਰ ਜਾਣ ਵਾਲੇ ਇਕ ਪਿਉ-ਧੀ ਨਾਲ ਹੀ ਹਰਦੁਆਰ ਵੱਲ ਤੁਰ ਪਈ ਪਰ ਉਸਨੇ ਟਿਕਟ ਨਹੀਂ ਸੀ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਈ। ਰਾਹ ਵਿਚ ਹੀ ਇਕ ਟਿਕਟ ਚੈਕਰ ਉਹਨੂੰ ਘੇਰ ਕੇ ਕਿਸੇ ਸਟੇਸ਼ਨ ਤੇ ਉਤਾਰ ਲੈਂਦਾ ਹੈ ਅਤੇ ਕੁਝ ਚਿਰ ਉਹੀ ਸੀਤਾ ਨੂੰ ਆਪਣੇ ਘਰ ਰੱਖਣ ਵਿਚ ਕਾਮਯਾਬ ਹੋ ਜਾਂਦਾ ਹੈ।

ਹੁਣ ਸੀਤਾ ਆਪਣੇ ਆਪ ਨੂੰ ਪੂਰੀ ਤਰ੍ਹਾਂ ਪਤਿਤ ਸਮਝਣ ਲੱਗਦੀ ਹੈ। ਉਹ ਵਾਪਸ ਆਪਣੇ ਘਰ ਜਾਣ ਦਾ ਵਿਚਾਰ ਪੂਰੀ ਤਰ੍ਹਾਂ ਤਰਕ ਕਰ ਦੇਂਦੀ ਹੈ। ਹਰਦੁਆਰ ਪਹੁੰਚ ਕੇ ਉਹ ਕਿਸੇ ਬਜ਼ੁਰਗ ਸਾਧੂ ਦੀ ਕੁਟੀਆ ਵਿਚ ਪਨਾਹ ਲੈ ਲੈਂਦੀ ਹੈ ਅਤੇ ਆਪਣਾ ਪਰਲੋਕ ਸੰਵਾਰਨ ਦਾ ਫ਼ਿਕਰ ਕਰਨ ਲੱਗਦੀ ਹੈ। ਉਹ ਜਾਣ ਲੈਂਦੀ ਹੈ ਕਿ ਉਸਦਾ ਇਹ ਲੋਕ ਤਾਂ ਹੁਣ ਪੂਰੀ ਤਰ੍ਹਾਂ ਬਰਬਾਦ ਹੋ ਗਿਆ ਹੈ। ਦੂਸਰੇ ਪਾਸੇ ਪਿੰਡ ਦੇ ਕੁਝ ਲੋਕ ਉਸੇ ਰਾਤ ਸੰਤੇ ਅਤੇ ਨਾਥ ਨਾਲ ਮਿਲਕੇ ਸੀਤਾ ਨੂੰ ਲੱਭਣ ਦੀ ਪੂਰੀ-ਪੂਰੀ ਕੋਸ਼ਿਸ਼ ਕਰਦੇ ਹਨ। ਇਸੇ ਕੋਸ਼ਿਸ਼ ਵਿਚ ਉਹ ਜ਼ੈਲਦਾਰ ਬਲਦੇਵ ਸਿੰਘ ਦੇ ਖੂਹ ਦੇ ਬਿਲਕੁਲ ਨੇੜੇ ਵੀ ਆ ਜਾਂਦੇ ਹਨ ਪਰ ਦੂਜੇ ਪਾਸਿਉਂ ਇਕ ਹਵਾਈ ਫ਼ਾਇਰ ਹੁੰਦਾ ਹੈ। ਇਹ ਦੇਖਕੇ ਉਹ ਕੁਝ ਘਬਰਾ ਜਾਂਦੇ ਹਨ। ਉਹ ਜ਼ੈਲਦਾਰ ਉਪਰ ਸ਼ੱਕ ਕਰਕੇ ਆਪਣੇ ਆਪ ਨੂੰ ਖ਼ਤਰੇ ਵਿਚ ਨਹੀਂ ਪਾਉਣਾ ਚਾਹੁੰਦੇ। ਇਸ ਲਈ ਉਹ ਹੋਰ ਇਧਰ-ਉਧਰ ਦੇਖਕੇ ਵਾਪਸ ਆਪਣੇ ਘਰਾਂ ਨੂੰ ਪਰਤ ਜਾਂਦੇ ਹਨ।

ਅਗਲੇ ਦਿਨ ਨਾਥ ਦਾ ਇਕ ਧਰਮ-ਭਰਾ ਬਚਨਾ (ਬਚਨੇ ਨੇ ਆਪਣੀ ਮਾਂ ਦੀ ਮੌਤ ਪਿਛੋਂ ਰੱਖੀ ਦਾ ਦੁੱਧ ਚੁੰਘਿਆ ਸੀ) ਬਦਰਾ ਚੌਂਕੀਦਾਰ, ਸੰਤਾ ਅਤੇ ਨਾਥ ਠਾਣੇ ਰੀਪੋਰਟ ਦਰਜ ਕਰਾਉਣਾ ਚਾਹੁੰਦੇ ਹਨ ਪਰੰਤੂ ਜ਼ੈਲਦਾਰ ਬਲਦੇਵ ਸਿੰਘ ਦੇ ਬੰਦੇ ਪਹਿਲਾਂ ਹੀ ਠਾਣੇਦਾਰ ਦੀ ਮੁੱਠੀ ਗਰਮ ਕਰ ਗਏ ਹੁੰਦੇ ਹਨ, ਇਸ ਲਈ ਉਹ ਸੰਤਾ ਸਿੰਘ ਦੀ ਰੀਪੋਰਟ ਹੀ ਦਰਜ ਨਹੀਂ ਕਰਦਾ। ਨਿਰਾਸ਼ ਹੋ ਕੇ ਸਾਰੇ ਵਾਪਸ ਮੁੜ ਆਉਂਦੇ ਹਨ। ਸੀਤਾ ਦੇ ਭਰਾ ਮੇਘ ਨੂੰ ਜਦੋਂ ਸਾਰੀ ਸਥਿਤੀ ਦਾ ਪਤਾ ਚੱਲਦਾ ਹੈ ਤਾਂ ਉਹ ਆਪਣੇ ਪਿਤਾ ਨਾਲ ਸੀਤਾ ਦੇ ਸਹੁਰੇ ਪਿੰਡ ਪਹੁੰਚਦਾ ਹੈ। ਪੰਚਾਇਤ ਜੁੜ ਬੈਠਦੀ ਹੈ ਪਰ ਇਥੇ ਵੀ ਕੋਈ ਇਨਸਾਫ਼ ਨਹੀਂ ਹੁੰਦਾ। ਉਲਟਾ ਸੀਤਾ ਨੂੰ ਹੀ ਦੋਸ਼ੀ ਕਰਾਰ ਦਿਤਾ ਜਾਂਦਾ ਹੈ। ਸਰਦਾਰ ਬਲਦੇਵ ਸਿੰਘ ਭਰੀ ਪੰਚਾਇਤ ਵਿਚ ਸੰਤਾ ਸਿੰਘ ਨੂੰ ਵੀ ਬੁਰਾ ਭਲਾ ਕਹਿੰਦਾ ਹੈ, "ਜੇ ਆਪਣੇ ਈ ਧੀ ਪੁੱਤ ਵਿਚ ਖੋਟ ਹੋਵੇ ਫੇਰ ਨੀ ਕਿਸੇ ਨੇ ਕੁਸ਼ ਆਖਿਆ ਜਾਂਦਾ ਹੁੰਦਾ। ਉਸ ਨੇ ਪਿੰਡ ਦਾ ਨੱਕ ਵੱਢਣਾ ਸੀ ਵੱਢ ਤਾ। ਬਾਕੀ ਤੂੰ ਤਾਂ ਮੁੰਡੇ ਨੂੰ ਹੋਰਥੇ ਵਿਆਹ ਲੇਂਗਾ। ਇਜ਼ਤ ਤਾਂ ਪੱਟਤੀ ਫੇਰ ਪਿੰਡ ਦੀ ਰੁਲਗੀ ਤੈਨੂੰ ਕੌਣ ਜਾਣਦੈ ?" (ਪੰਨਾ 32) ਮੇਘ ਅਤੇ ਉਸਦਾ ਪਿਤਾ ਪੰਚਾਇਤ ਤੋਂ ਨਿਰਾਸ਼ ਹੋ ਕੇ ਆਪਣੇ ਪਿੰਡ ਮੁੜਨ ਲੱਗਦੇ ਹਨ। ਰਾਹ ਵਿਚ ਮੇਘ ਆਪਣੇ ਪਿਤਾ ਪਾਸ ਬਦਲੇ ਦੀ ਭਾਵਨਾ ਪ੍ਰਗਟ ਕਰਦਾ ਹੈ ਪਰ ਪਿਤਾ ਜਾਣਦਾ ਹੈ ਕਿ ਮੇਘ ਵਰਗੇ ਸਮਾਜਿਕ ਤੌਰ ਤੇ ਛੋਟੇ ਲੋਕ ਵੱਡੇ-ਵੱਡੇ ਸਰਦਾਰਾਂ ਅਤੇ ਜਾਗੀਰਦਾਰਾਂ ਦਾ ਕੁਝ ਨਹੀਂ ਵਿਗਾੜ ਸਕਦੇ ਸਗੋਂ ਉਹ ਕਹਿੰਦਾ ਹੈ, "ਕਮਲਾ ਨੀ ਬਣੀਦਾ। ਹੋਣੀ ਨੀ ਮਿਟਦੀ ਕਿਸੇ ਤੋਂ, ਹੁਣ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ੋ ਉਸਦਾ ਪਤਾ ਵੀ ਲੱਗ ਜੇ ਨਾ ਉਸ ਦੇ ਸਹੁਰੇ ਰੱਖ ਸਕਣ ਤੇ ਨਾ ਆਪਾਂ ਰੱਖ ਸਕੀਏ...ਤੂੰ ਤਾਂ ਘਤਲੀਆਂ ਮਾਰੀ ਜਾਨੈ। ਰੱਬ ਜੱਗ ਵੀ ਤਾਂ ਰੱਖਣਾ ਹੁੰਦੈ।" (ਪੰਨਾ 34) ਪਰ ਮੇਘ ਉਤੇ ਆਪਣੇ ਪਿਤਾ ਦੀਆਂ ਦਲੀਲਾਂ ਦਾ ਕੋਈ ਅਸਰ ਨਹੀਂ ਹੁੰਦਾ। ਉਹ ਪਿਤਾ ਨੂੰ ਪਿੰਡ ਦੇ ਅੱਡੇ ਤੇ ਉਤਾਰ ਕੇ ਆਪ ਡੇਲੋਂ ਵਾਲੇ ਠਾਣੇਦਾਰ ਨੂੰ ਮਿਲਣ ਚਲਾ ਜਾਂਦਾ ਹੈ। ਪਿਤਾ ਆਪਣੇ ਕਰਮਾਂ ਨੂੰ ਕੋਸਦਾ ਘਰ ਪਹੁੰਚ ਜਾਂਦਾ ਹੈ।

ਇਸ ਅਰਸੇ ਦੌਰਾਨ ਸਾਰੇ ਪਿੰਡ ਨੂੰ ਪਤਾ ਚੱਲ ਜਾਂਦਾ ਹੈ ਕਿ ਸੀਤਾ ਨੂੰ ਉਧਾਲਣ ਵਿਚ ਸਰਦਾਰ ਬਲਦੇਵ ਸਿੰਘ ਦਾ ਹੱਥ ਹੈ। ਪਰ ਪਿੰਡ ਦਾ ਕੋਈ ਵੀ ਬੰਦਾ ਇਸ ਸਥਿਤੀ ਵਿਚ ਨਹੀਂ ਹੈ ਕਿ ਉਹ ਬਲਦੇਵ ਸਿੰਘ ਤੋਂ ਪੁੱਛ-ਗਿਛ ਕਰ ਸਕੇ। ਨਾਥ ਪਿੰਡੋਂ ਬਾਹਰ ਬਾਵੇ ਗਿਆਨ ਦਾਸ ਦੀ ਕੁਟੀਆ ਵਿਚ ਭੰਗ ਖਾ ਕੇ ਪਿਆ ਰਹਿੰਦਾ ਹੈ। ਸੰਤੇ ਦੇ ਵੈਸੇ ਹੀ ਤੌਰ ਚੁਕੇ ਜਾਂਦੇ ਹਨ। ਉਹ 'ਵਰਤਮਾਨ' ਵਿਚ ਜਿਉਣਾ ਬੰਦ ਕਰਕੇ 'ਅਤੀਤ' ਵਿਚ ਪਨਾਹ ਲੈ ਲੈਂਦਾ ਹੈ। ਉਸਨੂੰ ਹਾਲ ਦੀਆਂ ਗੱਲਾਂ ਵਿਚ ਕੋਈ ਦਿਲਚਸਪੀ ਹੀ ਨਹੀਂ ਰਹਿੰਦੀ। ਰੱਖੀ ਆਪਣੇ ਪੋਤੇ ਦਿਆਲੇ ਦਾ ਦਿਲ ਹੋਰ ਪਾਸੇ ਲਾਉਣ ਲਈ ਉਸ ਨੂੰ ਸਕੂਲ ਵਿਚ ਦਾਖਲ ਕਰਵਾ ਦੇਂਦੀ ਹੈ। ਉਹ ਇਹ ਵੀ ਸੋਚਦੀ ਹੈ ਕਿ ਹੁਣ ਉਨ੍ਹਾਂ ਵਰਗੇ ਲੋਕਾਂ ਦਾ ਪਿੰਡਾਂ ਵਿਚ ਰਹਿਕੇ ਇੱਜ਼ਤ-ਮਾਨ ਬਚਾਈ ਰੱਖਣਾ ਅਸੰਭਵ ਹੋ ਜਾਵੇਗਾ। ਇਸ ਲਈ ਜੇ ਦਿਆਲਾ ਚਾਰ-ਅੱਖਰ ਪੜ੍ਹ ਜਾਵੇ ਤਾਂ ਸ਼ਹਿਰਾਂ ਵਿਚ ਉਸਦੀ ਸਮਾਈ ਹੋ ਸਕਦੀ ਹੈ। ਪਰ ਦਿਆਲੇ ਨੂੰ ਉਸਦੇ ਸਾਥੀ ਮੁੰਡੇ ਸਾਰਾ ਦਿਨ ਛੇੜਦੇ ਰਹਿੰਦੇ ਹਨ: "ਦਿਆਲੇ ਦੀ ਮਾਂ ਭੱਜਗੀ ਓਇ, ਦਿਆਲੇ ਦੀ ਮਾਂ ਭੱਜਗੀ।' ਜੇ ਉਹ ਮੁੰਡਿਆਂ ਨੂੰ ਇਹ ਕਹਿਣੋਂ ਵਰਜਦਾ ਹੈ ਤਾਂ ਸਾਰੇ ਇਕੱਠੇ ਹੋ ਕੇ ਉਸਨੂੰ ਬੁਰੀ ਤਰ੍ਹਾਂ ਕੁੱਟਦੇ ਹਨ। ਆਖਰ ਕੁਝ ਦਿਨਾਂ ਵਿਚ ਹੀ ਦਿਆਲਾ ਸਕੂਲ ਛੱਡਣ ਲਈ ਮਜਬੂਰ ਹੋ ਜਾਂਦਾ ਹੈ।

ਉੱਧਰ ਬਚਨਾ, ਨਾਥ ਨੂੰ ਦਿਲ ਧਾਰਨ ਲਈ ਬਥੇਰਾ ਪ੍ਰੇਰਦਾ ਹੈ ਪਰ ਨਾਥ ਨੂੰ ਹੁਣ ਆਪਣੀ ਜ਼ਿੰਦਗੀ ਵਿਚ ਕੋਈ ਦਿਲਚਸਪੀ ਨਹੀਂ ਸੀ ਰਹੀ। ਇਕ ਦਿਨ ਉਹ ਦਾਰੂ ਦੀ ਬੋਤਲ ਲੈ ਕੇ ਨਾਥ ਨੂੰ ਮਿਲਣ ਬਾਵੇ ਗਿਆਨ ਦਾਸ ਦੇ ਡੇਰੇ ਜਾਂਦਾ ਹੈ। ਦੋਵੇਂ ਰੱਜ ਕੇ ਪੀਂਦੇ ਨੇ ਅਤੇ ਸੀਤਾ ਦੀਆਂ ਗੱਲਾਂ ਕਰਦੇ ਹਨ। ਨਾਥ ਗੱਲਾਂ-ਗੱਲਾਂ ਵਿਚ ਉਸਨੂੰ ਇਹ ਜਤਾ ਦਿੰਦਾ ਹੈ ਕਿ ਉਹ ਜਾਣਦਾ ਹੈ ਕਿ ਸੀਤਾ ਨੂੰ ਕਢਵਾਉਣ ਵਿਚ ਜ਼ੈਲਦਾਰਾਂ ਦਾ ਹੱਥ ਹੈ। ਬਚਨਾ ਜ਼ੈਲਦਾਰ ਨੂੰ ਦੋ-ਚਾਰ ਗਾਲ੍ਹਾਂ ਕੱਢਦਾ ਹੈ ਅਤੇ ਪਿੰਡ ਨੂੰ ਵਗ ਤੁਰਦਾ ਹੈ। ਰਾਹ ਵਿਚ ਜ਼ੈਲਦਾਰ ਅਤੇ ਉਸਦਾ ਇਕ ਬਦਮਾਸ਼ ਨੌਕਰ ਭਾਨਾ, ਬਚਨੇ ਨੂੰ ਮਾਰ ਮੁਕਾਉਂਦੇ ਹਨ। ਕੁਝ ਸਮਾਂ ਬਾਅਦ ਸੰਤਾ ਨਾਈ ਵੀ ਚਲਾਣਾ ਕਰ ਜਾਂਦਾ ਹੈ। ਰੱਖੀ ਆਪਣੇ ਪੋਤੇ ਦਿਆਲ ਨੂੰ ਲੈ ਕੇ ਉਸਦੇ ਫੁੱਲ ਪਾਉਣ ਹਰਦੁਆਰ ਜਾਂਦੀ ਹੈ ਤਾਂ ਉਥੇ ਉਸਦੀ ਮੁਲਾਕਾਤ ਸੀਤਾ ਨਾਲ ਹੋ ਜਾਂਦੀ ਹੈ। ਦੋਵੇਂ ਇਕ ਦੂਜੇ ਦੀ ਸੁਖ-ਸਾਂਦ ਅਜਨਬੀਆਂ ਵਾਂਗ ਪੁੱਛਦੀਆਂ ਹਨ। ਰੱਖੀ ਉਸਨੂੰ ਪੁੱਛਣ ਹੀ ਲੱਗਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਕਿ ਉਹ ਆਪਣੀ ਮਰਜ਼ੀ ਨਾਲ ਗਈ ਸੀ ਕਿ ਕੋਈ ਮੱਲੋਜ਼ੋਰੀ ਉਸਨੂੰ ਲੈ ਗਏ ਸਨ। ਸੀਤਾ ਜਵਾਬ ਦਿੰਦੀ ਹੈ, "ਬੇਬੇ ਇਕੋ ਭਰਾ ਜੱਗੋਂ ਖਟਿਐ ਓਸੇ ਦੀ ਸਹੁੰ, ਦਿਆਲ ਦੀ ਸਹੁੰ, ਭਾਮੇਂ ਆਵਦੇ ਪੁੱਤ ਦੀ ਸਹੁੰ ਖਵਾ ਲੈ...ਡਰਦੀ ਸੀ ਬਈ ਖੂਨ ਹੋ ਜਾਣਗੇ। ਨਾਲੇ ਪਤਾ ਵੀ ਕੀ ਉਪੜਦਾ ਕਰਦੀ।" (ਪੰਨਾ 74) ਸੀਤਾ ਉਸਨੂੰ ਇਹ ਵੀ ਕਹਿੰਦੀ ਹੈ ਕਿ ਉਹ ਇਕ ਵਾਰ ਉਸਨੂੰ ਆਪਣੇ ਨਾਲ ਪਿੰਡ ਹੀ ਲੈ ਚਲੇ ਪਰ ਰੱਖੀ ਆਪਣੀ ਅਸਮਰੱਥਾ ਜ਼ਾਹਿਰ ਕਰ ਦਿੰਦੀ ਹੈ :

> "ਬੇਬੇ ਮੈਨੂੰ ਨਾਲ ਲੈ ਚੱਲੇਂਗੀ, ਮੇਰਾ ਤੇਰੇ ਪੁਤ ਨੂੰ ਦੇਖਣ ਨੂੰ ਬਲਾਈਂ ਚਿਤ ਕਰਦੈ ?"
>
> "ਲੋਕ ਪੁੱਛਣਗੇ ਇਹ ਏਨੇ ਚਿਰ ਮਗਰੋਂ ਕਿਥੋਂ ਆ ਗੀ ਕੀ ਦਸੂੰਗੀ ?" ਰੱਖੀ ਹੌਕਾ ਭਰ ਕੇ ਬੋਲੀ। (74)

ਇਹ ਸੁਣਦਿਆਂ ਸਾਰ ਸੀਤਾ, ਰੱਖੀ ਦੇ ਪੈਰਾਂ ਨੂੰ ਹੱਥ ਲਾ ਕੇ ਉਸ ਤੋਂ ਵਿਦਾ ਮੰਗਦੀ ਹੈ ਅਤੇ ਗੰਗਾ ਨਦੀ ਵੱਲ ਤੁਰ ਪੈਂਦੀ ਹੈ। ਥੋੜੀ ਦੂਰ ਪਰੇ ਜਾ ਕੇ ਉਹ ਗੰਗਾ ਵਿਚ ਛਾਲ ਮਾਰ ਕੇ ਆਤਮ ਹੱਤਿਆ ਕਰ ਲੈਂਦੀ ਹੈ। ਰੱਖੀ ਵਿਚਾਰੀ ਇਹ ਸਭ ਕੁਝ ਵੇਖ ਰਹੀ ਹੁੰਦੀ ਹੈ ਪਰ ਉਹ ਕੁਝ ਨਹੀਂ ਕਰ ਸਕਦੀ। ਸੀਤਾ ਨਦੀ ਵਿਚ ਰੁੜ੍ਹ ਜਾਂਦੀ ਹੈ ਅਤੇ ਰੱਖੀ ਕਿਨਾਰੇ ਤੇ ਬੈਠੀ ਵੈਣ ਪਾਉਂਦੀ ਰਹਿ ਜਾਂਦੀ ਹੈ। ਇਉਂ ਸਾਡੇ ਦੌਰ ਦੀ ਇਕ 'ਸੀਤਾ' ਆਪਣੇ ਤ੍ਰਾਸਦਕ ਪਰੰਤੂ ਅਣਗੌਲੇ ਅੰਤ ਨੂੰ ਪਹੁੰਚਦੀ ਹੈ।

(ੳ) ਯਥਾਰਥ-ਬੋਧ

ਡਾ. ਦਲੀਪ ਕੌਰ ਟਿਵਾਣਾ ਨੂੰ ਸਮਕਾਲੀ ਪੇਂਡੂ-ਯਥਾਰਥ ਦੇ ਵਿਰੋਧਾਂ ਅਤੇ ਵਿਸੰਗਤੀਆਂ ਦਾ ਬੜਾ ਤੀਖਣ ਅਨੁਭਵ ਪ੍ਰਾਪਤ ਹੈ। ਉਸ ਨੇ ਅਜਿਹੇ ਪੇਂਡੂ ਪਰਿਵੇਸ਼ ਨਾਲ ਸੰਬੰਧਿਤ ਇਕ ਨਿਮਨ ਜਾਤੀ ਦੀ ਸੰਵੇਦਨਸ਼ੀਲ ਅਤੇ ਮਰਯਾਦਾਬੱਧ ਔਰਤ ਦੀ ਤ੍ਰਾਸਦਕ ਸਥਿਤੀ ਦੀ ਇਕ ਬੜੀ ਕਰੁਣਾਮਈ ਤਸਵੀਰ ਪੇਸ਼ ਕੀਤੀ ਹੈ। ਇਸ ਨਾਵਲ ਵਿਚ ਪ੍ਰਸਤੁਤ ਕੁਝ ਇਕ ਪ੍ਰਤੀਨਿਧ ਜੁੱਟ-ਵਿਰੋਧ ਇਸ ਪ੍ਰਕਾਰ ਹਨ :

ਲਾਣੇਦਾਰ : ਲਾਗੀ

ਨਾਵਲ ਵਿਚ ਪਹਿਲਾ ਅਤੇ ਪ੍ਰਮੁਖ ਜੁੱਟ-ਵਿਰੋਧ ਲਾਣੇਦਾਰ : ਲਾਗੀ ਜਾਂ ਜੱਟ : ਲਾਗੀ ਦਾ ਹੈ। ਭੂਮੀ ਦਾ ਮਾਲਕ ਹੋਣ ਕਾਰਨ ਜੱਟ ਉਤਪਾਦਕ ਹੈ। ਲਾਗੀ ਪਾਸ ਸਰੀਰਕ ਮਿਹਨਤ ਤੋਂ ਬਿਨਾਂ ਹੋਰ ਕੁਝ ਨਹੀਂ। ਜੱਟ, ਲਾਗੀ ਤੋਂ ਤਰ੍ਹਾਂ ਤਰ੍ਹਾਂ ਦੇ ਕੰਮ ਲੈਂਦਾ ਹੈ ਅਤੇ ਬਦਲੇ ਵਿਚ ਉਸਨੂੰ ਕੁਝ ਜਿਣਸ ਦੇ ਦਿੰਦਾ ਹੈ। ਇਹ ਜਿਣਸ, ਲਾਗੀ ਅਤੇ ਉਸਦੇ ਪਰਿਵਾਰ ਦੇ ਜੀਵਨ ਦਾ ਆਧਾਰ ਬਣਦੀ ਹੈ। ਲਾਗੀ ਆਪਣੇ ਜੀਵਨ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਸੁਰੱਖਿਆ ਲਈ ਜੱਟ ਉਤੇ ਆਧਾਰਤ ਰਹਿੰਦੇ ਹਨ। ਇਸੇ ਲਈ ਜੱਟ, ਸਭਿਆ-ਚਾਰ ਦੇ ਜੀਵਨ-ਮੁੱਲਾਂ ਦਾ ਵੀ ਆਪ ਨਿਰਮਾਤਾ ਬਣ ਬਹਿੰਦਾ ਹੈ। ਕਿਸੇ ਵਾਸਤੇ ਕੀ ਚੰਗਾ ਹੈ ਅਤੇ ਕੀ ਮਾੜਾ ਹੈ, ਇਸਦਾ ਫੈਸਲਾ ਕਰਨ ਦਾ ਹੱਕ ਵੀ ਜੱਟ ਆਪਣੇ ਪਾਸ ਹੀ ਰੱਖਦਾ ਹੈ। ਜਦੋਂ ਤਕ ਤਾਂ ਫਿਊਡਲ ਨਿਜ਼ਾਮ ਕਾਬਜ਼ ਰਹਿੰਦਾ ਹੈ, ਉਸ ਸਮੇਂ ਤਕ ਤਾਂ ਜੱਟ ਵੀ ਇਕ ਤਰ੍ਹਾਂ ਦਾ ਲਾਗੀ ਹੈ। ਜ਼ਮੀਨ ਦੀ ਮਲਕੀਅਤ ਰਜਵਾੜਿਆਂ ਪਾਸ ਹੈ। ਜੱਟ ਸਿਰਫ਼ ਖੇਤੀ ਦਾ ਕੰਮ ਕਰਦਾ ਹੈ। ਰਜਵਾੜਾ ਆਪਣੀ ਮਰਜ਼ੀ ਨਾਲ ਉਸਨੂੰ ਖੇਤੀ ਦੇ ਕੰਮ ਵਿਚੋਂ ਕੁਝ ਹਿੱਸਾ ਦੇ ਛੱਡਦਾ ਹੈ ਪਰੰਤੂ ਜਦੋਂ ਰਜਵਾੜਾਸ਼ਾਹੀ ਟੁੱਟਦੀ ਹੈ ਅਤੇ ਇਸਦੀ ਥਾਂ ਸਰਮਾਏਦਾਰੀ ਮੱਲ ਬੈਠਦੀ ਹੈ ਤਾਂ ਜੱਟ ਜ਼ਮੀਨ ਦਾ ਖ਼ੁਦ ਮਾਲਕ ਬਣ ਬੈਠਦਾ ਹੈ। ਸਰਮਾਏਦਾਰੀ ਦੇ ਆਗਮਨ ਨਾਲ ਮਾਰਕਿਟ ਦਾ ਸੰਕਲਪ ਪੈਦਾ ਹੁੰਦਾ ਹੈ। ਹੁਣ ਜੱਟ ਆਪਣੀ ਜਿਣਸ ਦਾ ਵੱਧ ਤੋਂ ਵੱਧ ਮੁੱਲ ਵੱਟਣਾ ਚਾਹੁੰਦਾ ਹੈ ਅਤੇ ਸੀਰੀਆਂ-ਲਾਗੀਆਂ ਨੂੰ ਉਹ ਘੱਟ ਤੋਂ ਘੱਟ ਰਕਮ/ਹਿੱਸਾ ਦੇਣ ਦੀ ਕੋਸ਼ਿਸ਼ ਕਰਦਾ ਹੈ। ਇੰਜ ਸਰਮਾਏਦਾਰੀ ਮਾਨਵੀ ਰਿਸ਼ਤਿਆਂ ਨੂੰ ਅੰਨ੍ਹੇ ਬਣਾ ਦਿੰਦੀ ਹੈ।

'ਦੂਸਰੀ ਸੀਤਾ' ਇਕ ਤਰ੍ਹਾਂ ਮਾਨਵੀ ਰਿਸ਼ਤਿਆਂ ਦੇ ਅੰਨ੍ਹੇ ਹੋ ਜਾਣ ਦੀ ਹੀ ਕਹਾਣੀ ਹੈ। ਉਹੀ ਸੰਤਾ ਜੋ ਸਾਰੀ ਜ਼ਿੰਦਗੀ ਪਿੰਡ ਦੇ ਜੱਟਾਂ ਦਾ ਗੋਲਾਧੰਦਾ ਕਰਦਾ ਰਿਹਾ ਅਤੇ ਜਿਸਨੂੰ ਕਦੇ ਕੋਈ ਵੀ ਉੱਚਾ ਨਹੀਂ ਸੀ ਬੋਲਿਆ, ਆਪਣੀ ਆਖਰੀ ਉਮਰ ਵਿਚ ਸਰਦਾਰ ਬਲਦੇਵ ਸਿੰਘ ਵਰਗੇ ਜ਼ੈਲਦਾਰਾਂ ਪਾਸੋਂ ਬੜੀ ਬੁਰੀ ਤਰ੍ਹਾਂ ਬੇਇੱਜ਼ਤ ਹੁੰਦਾ ਹੈ। ਬਲਦੇਵ ਸਿੰਘ ਕਿਸਾਨ ਤੋਂ ਜ਼ਿਮੀਦਾਰ ਬਣਿਆ ਵਿਅਕਤੀ ਹੈ। ਉਸਨੇ ਸਰਮਾਏਦਾਰੀ ਵਾਲੇ ਹਥਕੰਡੇ ਵਰਤ ਕੇ ਆਪਣੇ ਪਾਸ ਕਾਫ਼ੀ ਦੌਲਤ ਜਮ੍ਹਾਂ ਕਰ ਲਈ ਹੈ। ਹੁਣ ਪਿੰਡ ਵਿਚ ਸਾਰੇ ਜੀਵਨ-ਮੁੱਲਾਂ ਦਾ ਨਿਰਮਾਤਾ ਉਹ ਆਪ ਬਣਿਆ ਲੋਚਦਾ ਹੈ। ਇਸੇ ਲਈ ਉਹ ਸੰਤੇ ਦੀ ਨੂੰਹ ਨਾਲ ਬਲਾਤਕਾਰ ਵੀ ਕਰਦਾ ਹੈ ਅਤੇ ਪਿੰਡ ਦੇ ਕਿਸੇ ਵਿਅਕਤੀ ਨੂੰ ਆਪਣੇ ਸਾਂਹਵੇਂ ਉਭਾਸਰਣ ਵੀ ਨਹੀਂ ਦੇਣਾ ਚਾਹੁੰਦਾ। ਬਚਨੇ ਵਰਗੇ ਕਿਸਾਨ ਅਜੇ ਜ਼ਿਮੀਦਾਰ ਨਹੀਂ ਬਣੇ। ਇਸੇ ਲਈ ਸੰਤੇ ਅਤੇ ਨਾਥ ਵਰਗੇ ਲਾਗੀਆਂ ਨਾਲ ਉਨ੍ਹਾਂ ਦੀ ਸਾਂਝ ਅਜੇ ਟੁੱਟੀ ਨਹੀਂ ਅਤੇ ਸ਼ਾਇਦ ਇਸੇ ਲਈ ਉਹ ਬਲਦੇਵ ਸਿੰਘ ਵਰਗੇ ਜ਼ਿਮੀਦਾਰਾਂ ਦੇ ਜ਼ੁਲਮ ਦਾ ਸ਼ਿਕਾਰ ਵੀ ਬਣਦੇ ਹਨ। ਸੀਤਾ ਦੇ ਉਧਾਲੇ ਜਾਣ ਮਗਰੋਂ ਕੋਈ ਵੀ ਜ਼ਿਮੀਦਾਰ, ਸੰਤੇ ਦੇ ਪਰਿਵਾਰ ਲਈ ਹਾਅ ਦਾ ਨਾਅਰਾ ਨਹੀਂ ਮਾਰਦਾ। ਇਕ ਬਦਰਾ ਚੌਕੀਦਾਰ ਹੈ ਅਤੇ ਦੂਜਾ ਬਚਨਾ ਕਿਸਾਨ। ਬਚਨਾ ਕਿਸਾਨ ਵੀ ਆਪਣੀ ਪਤਨੀ ਦੀਆਂ ਅੱਖਾਂ ਵਿਚ ਰੜਕਦਾ ਹੈ। ਉਸਦੀ ਪਤਨੀ ਜੀਤੋ ਭਾਵੇਂ ਸੰਤੇ ਦੇ ਪਰਿਵਾਰ ਨਾਲ ਪੂਰੀ ਸਾਂਝ ਬਣਾ ਕੇ ਰੱਖਦੀ ਹੈ ਪਰ ਤਾਂ ਵੀ ਉਸਨੂੰ ਬਚਨੇ ਦਾ ਚੱਤੇ-ਪਹਿਰ ਸੰਤੇ ਦੀ ਹਾਮੀ ਓਟਣਾ ਚੰਗਾ ਨਹੀਂ ਲੱਗਦਾ। ਉਹ ਜਾਣਦੀ ਹੈ ਕਿ ਲਾਗੀ ਲੋਕ ਕਦੇ ਵੀ ਲਾਣੇਦਾਰਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਇਸੇ ਲਈ ਉਹ ਇਕ ਦਿਨ ਬਚਨੇ ਨੂੰ ਟੋਕਦੀ ਹੋਈ ਕਹਿੰਦੀ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਮਖਾਂ ਤੂੰ ਜੀ ਕਾਹਨੂੰ ਏਨਾ ਭੱਜਿਆ ਫਿਰਦੈਂ ਬਾਕੀ ਵੀ ਤਾਂ ਸਾਰਾ ਪਿੰਡ ਵਸਦੈ ।" ਜੀਤੋ ਇਕ ਹੋਰ ਫੁਲਕਾ ਥਾਲੀ ਵਿਚ ਧਰਦੀ ਹੋਈ ਬੋਲੀ ।

"ਆਪਾਂ ਸਾਰੇ ਪਿੰਡ ਨਾਲ ਰਲਗੇ ? ਜਾਣਦੀਓ ਐਂ ਬਈ ਬੇਬੇ ਮਰੀ ਤੋਂ ਤਾਈ ਰੱਖੀ ਨੇ ਮੈਨੂੰ ਆਪਣਾ ਦੁੱਧ ਚੁੰਘਾ ਕੇ ਪਾਲਿਆ । ਅੱਧਾ ਨਾਥ ਨੂੰ ਚੁੰਘਾਉਂਦੀ ਸੀ ਤੇ ਅੱਧਾ ਮੈਨੂੰ । ਆਪਾਂ ਓਸ ਦੀ ਦੇਣੀ ਦੇ ਸਕਦੇ ਆਂ ।"

"ਫੇਰ ਤਾਂ ਜੀ ਤੂੰ ਅੱਧਾ ਨਾਈ ਹੋਇਆ ।" ਜੀਤੋ ਨੇ ਮਖੌਲ ਕੀਤਾ । (ਪੰਨਾ 26)

ਪਿੰਡ ਦਾ ਹੋਰ ਕੋਈ ਵਿਅਕਤੀ ਸੰਤੇ ਦੇ ਪਰਿਵਾਰ ਨਾਲ ਦਿਲੀ ਹਮਦਰਦੀ ਨਹੀਂ ਰੱਖਦਾ । ਇਕ ਵਾਰ ਰੱਖੀ ਜਦੋਂ ਜੈਕੁਰ ਕੋਲ ਉਲਾਂਭਾ ਲੈ ਕੇ ਜਾਂਦੀ ਹੈ ਕਿ ਉਸਦਾ ਪਿੱਲੂ, ਦਿਆਲੇ ਨੂੰ ਤੰਗ ਕਰਦਾ ਰਹਿੰਦਾ ਹੈ ਤਾਂ ਉੱਤੋਂ-ਉੱਤੋਂ ਤਾਂ ਜੈਕੁਰ ਉਸਦੀ ਹਾਂ ਵਿਚ ਹਾਂ ਮਿਲਾ ਦਿੰਦੀ ਹੈ ਪਰ ਉਸਦੇ ਪਿੱਠ ਮੋੜਦਿਆਂ ਹੀ ਭੁੜਕ ਪੈਂਦੀ ਹੈ, "ਦੇ ਤਾਂ ਕੀ ਚੋਚਲੇ ਕਰਦੀ ਐ ਜਾ ਵੱਢੀ ਨੈਣ । ਇਉਂ ਤਾਂ ਜਾਣੀ ਲੋਕਾਂ ਦਾ ਮੂੰਹ ਬੰਦ ਕਰਲੂ । ਲੋਕ ਤਾਂ ਆਖਣਗੇ ਈ ਉਧਲ ਮਾਂ ਦਾ ਪੁੱਤ । ਹੋਰ ਕੀ ਉਹ ਦੁੱਧ ਧੋਤੀ ਦਾ ਪੁੱਤ ਹੋ ਜੂ ।" ਰੱਖੀ ਆਪ ਵੀ ਆਪਣੀ ਨਿਮਨ ਸਮਾਜਿਕ ਹੈਸੀਅਤ ਤੋਂ ਜਾਣੂ ਹੈ । ਪੰਚਾਇਤ ਦੇ ਵਤੀਰੇ ਤੋਂ ਨਿਰਾਸ਼ ਹੋ ਕੇ ਜਦੋਂ ਸੰਤਾ ਵਰਤਮਾਨ ਦੇ ਸਾਰੇ ਕੰਮ ਧੰਦੇ ਛੱਡ ਕੇ ਅਤੀਤ ਵਿਚ ਪਨਾਹ ਲੈ ਲੈਂਦਾ ਹੈ ਤਾਂ ਰੱਖੀ ਉਸਨੂੰ ਸਮਝਾਉਂਦੀ ਹੋਈ ਕਹਿੰਦੀ ਹੈ, "ਮੈਂ ਆਖਦੀ ਆਂ ਇਉਂ ਕਿਮੇਂ ਦਿਨ ਟੁੱਟਣਗੇ ? ਨਾ ਹੁਣ ਤੂੰ ਕਿਸੇ ਦੇ ਪੁੜੀਆਂ ਦੇਣ ਜਾਨੈ ਨਾ ਨਹੁੰ ਲਾਹੁਣ । ਜੈਲਦਾਰਾਂ ਨੇ ਗੱਠਾਂ ਦੇ ਆਉਣ ਲਈ ਕਿਹਾ ਤਾਂ ਤੈਂ ਜਵਾਬ ਦੇ ਤਾ । ਭਲਕੇ ਖਲਵਾੜੇ ਲਈ ਕਿਹੜੇ ਮੂੰਹ ਨਾਲ ਜਾ ਕੇ ਖੜੇਂਗਾ । ਹੋਰ ਕੀ ਆਪਣੇ ਜਗੀਰਾਂ ਨੇ ਬਈ ਬੈਠੇ ਖਾਈ ਜਾਮਾਂਗੇ । ਸਿਉਂ ਸਾਰਾ ਦਿਨ ਹੱਟੀ ਵਿਚ ਭੁੰਜੇ ਪਏ ਰਹਿਣ ਨਾਲ ਤਾਂ ਨੀ ਸਰਨਾ ।" (ਪੰਨਾ 54)

ਰੱਖੀ ਅਤੇ ਸੀਤਾ ਦੇ ਬਾਪ ਵਰਗੇ ਲਾਗੀ ਜਾਣਦੇ ਹੁੰਦੇ ਹਨ ਕਿ ਉਹ ਆਰਥਿਕ ਸੋਮਿਆਂ ਉਪਰ ਕਾਬਜ਼ ਜ਼ਿਮੀਦਾਰ ਜਮਾਤ ਨਾਲ ਆਢਾ ਨਹੀਂ ਲਾ ਸਕਦੇ । ਪਿੰਡ ਵਿਚ ਰਹਿੰਦਿਆਂ ਹੋਇਆਂ ਉਹ ਆਪਣੇ ਲਈ ਜ਼ਿਮੀਦਾਰ ਜਮਾਤ ਵੱਲੋਂ ਨਿਸ਼ਚਿਤ ਕੀਤੇ ਮੁੱਲ-ਵਿਧਾਨ ਦਾ ਵਿਰੋਧ ਨਹੀਂ ਕਰ ਸਕਦੇ । ਮੇਘ ਕਿਉਂਕਿ ਕਾਲਜ ਪੜ੍ਹਦਾ ਵਿਦਿਆਰਥੀ ਹੈ ਅਤੇ ਕਾਲਜ ਸ਼ਹਿਰਾਂ ਵਿਚ ਹੀ ਹੁੰਦੇ ਹਨ, ਇਸ ਲਈ ਉਹ ਸ਼ਹਿਰੀ ਸਮਾਜ ਦੇ ਕਥਿਤ ਸਮਾਨਤਾ ਵਾਲੇ ਮੁੱਲ-ਵਿਧਾਨ ਦਾ ਸਮਰਥਕ ਹੈ । ਉਹ ਲਾਗੀਆਂ ਲਈ ਨਿਸ਼ਚਿਤ ਕੀਤੇ ਜ਼ਿਮੀਦਾਰਾਂ ਮੁੱਲ-ਵਿਧਾਨ ਨੂੰ ਚੁਨੌਤੀ ਦੇਣ ਲਈ ਵਿਆਕੁਲ ਹੈ । ਉਸਦੀ ਅਜਿਹੀ ਵਿਆਕੁਲਤਾ ਨੂੰ ਪੇਂਡੂ ਸਮਾਜ ਅਤੇ ਮੁੱਲ-ਵਿਧਾਨ ਵਿਚ ਵਿਸ਼ਵਾਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੱਖਣ ਵ ਲਾ ਉਸਦਾ ਲਾਗੀ ਪਿਤਾ ਨਹੀਂ ਸਮਝ ਸਕਦਾ। ਆਪਣੇ ਪੁੱਤਰ ਦੇ ਬਦਲੇ ਤੇਵਰ ਵੇਖਕੇ ਉਹ ਬੜੀ ਨਿਰਾਸ਼ਾ ਵਿਚ ਆਪਣੇ ਆਪ ਨੂੰ ਕਹਿੰਦਾ ਹੈ, "ਇਹ ਧੀ ਤੇ ਪੁੱਤ ਮੇਰੇ ਨਹੀਂ ਹੋ ਸਕਦੇ.. ਮੇਰੇ ਨਹੀਂ ਹੋ ਸਕਦੇ। ਕੰਜਰਦੀ ਖਬਰਨੀ ਕਿਥੇ ਕਿਥੇ ਖੇਹ ਖਾਂਦੀ ਰਹੀ ਹੋਣੀ ਐ।" (ਪੰਨਾ 35)

ਇਸੇ ਤਰ੍ਹਾਂ ਜਦੋਂ ਸੀਤਾ ਤੀਸਰੇ ਦਿਨ ਹੀ ਦਿਆਲੇ ਦੀ ਮਦਦ ਨਾਲ ਸ਼ੇਰੇ ਡਰਾਈਵਰ ਦੀ ਕੈਦ ਤੋਂ ਮੁਕਤ ਹੋ ਜਾਂਦੀ ਹੈ ਤਾਂ ਉਹ ਚਾਹੁੰਦੀ ਹੋਈ ਵੀ ਆਪਣੇ ਪਿੰਡ ਨਹੀਂ ਪਹੁੰਚ ਸਕਦੀ। ਉਹ ਜਾਣਦੀ ਹੈ ਕਿ ਪੇਂਡੂ ਸਭਿਆਚਾਰ ਨੇ ਹੁਣ ਉਹਨੂੰ ਪ੍ਰਵਾਨ ਨਹੀਂ ਕਰਨਾ। ਉਸਨੂੰ ਇਹ ਵੀ ਪਤਾ ਹੈ ਕਿ ਉਸਦੀ ਮਾਸੂਮੀਅਤ ਬਾਰੇ ਬਾਣੀ-ਸਮਝ ਕੇ ਵੀ ਉਸਦੇ ਲਾਗੀ ਪਰਿਵਾਰ ਨੇ ਜ਼ਿਮੀਦਾਰ ਬਲਦੇਵ ਸਿੰਘ ਵਿਰੁੱਧ ਕੁਝ ਨਹੀਂ ਕਰ ਸਕਣਾ। ਉਲਟਾ ਉਸਦੇ ਪਰਿਵਾਰ ਦੀ ਹੋਰ ਬਦਨਾਮੀ ਅਤੇ ਵੱਧ ਬਰਬਾਦੀ ਹੋਵੇਗੀ। ਇਹ ਸੋਚ ਕੇ ਉਹ ਹਰਦੁਆਰ ਚਲੀ ਜਾਂਦੀ ਹੈ। ਇਕ ਵਾਰ ਆਪਣੇ ਪਰਿਵਾਰ ਦੇ ਕਿਸੇ ਜੀਅ ਨੂੰ ਮਿਲ ਲੈਣ ਦੀ ਤਮੰਨਾ ਉਸਨੂੰ ਜੀਵਿਤ ਰੱਖਦੀ ਹੈ ਅਤੇ ਜਦੋਂ ਉਹ ਹਰਦੁਆਰ ਵਿਚ ਰੱਖੀ ਨੂੰ ਮਿਲ ਲੈਂਦੀ ਹੈ ਤਾਂ ਉਹਨੂੰ ਸਪਸ਼ਟ ਹੋ ਜਾਂਦਾ ਹੈ ਕਿ ਹੁਣ ਉਸ ਲਈ ਕਿਤੇ ਵੀ ਸੱਚਾ/ਝੂਠਾ ਆਸਰਾ ਨਹੀਂ ਹੈ। ਉਸ ਲਈ ਜ਼ਿੰਦਗੀ ਹੈ ਸਾਰੇ ਦਰਵਾਜ਼ੇ ਬੰਦ ਹੋ ਚੁਕੇ ਹਨ। ਇਸੇ ਲਈ ਉਹ ਮੌਤ ਦੇ ਦਰਵਾਜ਼ੇ ਖਟਖਟਾਉਂਦੀ ਹੈ ਪਰ ਉਹ ਤਾਂ ਸਿਰਫ਼ ਭੇੜਿਆ ਹੋਇਆ ਸੀ। ਉਹ ਝੱਟ ਖੁਲ੍ਹ ਜਾਂਦਾ ਹੈ ਅਤੇ ਸੀਤਾ ਇਸ ਦਰਵਾਜ਼ਿਉਂ ਮਲਕ ਦੇਣੇ ਲੰਘ ਜਾਂਦੀ ਹੈ।

ਵੈਰਾਗੀ : ਅਨੁਰਾਗੀ :: ਸੁੰਨ : ਸੁਚੇਤ

ਇਸ ਨਾਵਲ ਵਿਚ ਵਿਉਂਤਬੱਧ ਇਕ ਹੋਰ ਜੁੱਟ-ਵਿਰੋਧ ਵੈਰਾਗੀ : ਅਨੁਰਾਗੀ :: ਸੁੰਨ : ਸੁਚੇਤ ਦਾ ਹੈ। ਜਦੋਂ ਇਹ ਨਾਵਲ ਸ਼ੁਰੂ ਹੁੰਦਾ ਹੈ ਤਾਂ ਇਸਦੇ ਸਾਰੇ ਮੁੱਖ ਪਾਤਰ ਅਨੁਰਾਗੀ ਅਤੇ ਸੁਚੇਤ ਹੁੰਦੇ ਹਨ ਪਰ ਜਿਵੇਂ-ਜਿਵੇਂ ਉਹ ਅਸੰਭਵ ਅਤੇ ਹੱਲ ਨਾ ਹੋ ਸਕਣ ਯੋਗ ਸਥਿਤੀਆਂ ਦੇ ਰੂ-ਬ-ਰੂ ਹੁੰਦੇ ਚਲੇ ਜਾਂਦੇ ਹਨ ਉਨ੍ਹਾਂ ਦਾ ਵੈਰਾਗੀਪਣ ਅਤੇ ਸੁੰਨਯਤਾ ਵਧਦੀ ਚਲੀ ਜਾਂਦੀ ਹੈ। ਇਹ ਪਾਤਰ ਵਿਪਰੀਤ ਸਥਿਤੀਆਂ ਦੇ ਵਿਰੁੱਧ ਸੰਘਰਸ਼ ਨਹੀਂ ਕਰਦੇ ਸਗੋਂ ਵੈਰਾਗੀ ਅਤੇ ਸੁੰਨ ਹੋ ਜਾਂਦੇ ਹਨ :

ਲੇਖਕਾ ਨੇ ਸੁੰਨਯਤਾ ਦੀ ਸਭ ਤੋਂ ਪਹਿਲੀ ਸ਼ਿਕਾਰ ਸੀਤਾ ਨੂੰ ਬਣਾਇਆ ਹੈ ਅਤੇ ਸੀਤਾ ਜਿਸ ਵਸਤੂ-ਸਥਿਤੀ ਵਿਚ ਪਹੁੰਚ ਕੇ ਸੁੰਨਯ ਹੋਈ ਹੈ। ਉਹੀ ਸਥਿਤੀ ਨਾਥ, ਸੰਤੇ ਅਤੇ ਰੱਖੀ ਨੂੰ ਵੀ ਸੁੰਨਯਤਾ ਵਿਚ ਲੈ ਜਾਂਦੀ ਹੈ। ਨਾਥ ਜੋ ਪਹਿਲਾਂ ਜ਼ਿੰਦਗੀ ਦੇ ਹਰ ਮੇਲ਼ੇ-ਠੇਲੇ ਵਿਚ ਸ਼ਾਮਿਲ ਹੁੰਦਾ ਹੈ, ਸੀਤਾ ਦੇ ਉਧਾਲੇ ਉਪਰੰਤ ਸੁੰਨ ਅਤੇ ਬੇਹਿੱਸ ਜਿਹਾ ਹੋ ਜਾਂਦਾ ਹੈ। ਪਹਿਲੇ ਦ੍ਰਿਸ਼ ਵਿਚ ਉਹ ਬਚਨੇ ਦੇ ਸੰਗੀਆਂ-ਸਾਥੀਆਂ ਦੀ ਸੇਵਾ ਕਰ ਰਿਹਾ ਹੈ। ਪਰ ਜਦੋਂ ਹੀ ਉਸਨੂੰ ਸੀਤਾ ਦੇ ਅਚਾਨਕ ਗੁੰਮ ਹੋ ਜਾਣ ਦਾ ਬੋਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦਾ ਹੈ ਤਾਂ ਜੀਵਨ ਲਈ ਉਸਦਾ ਸਾਰਾ ਅਨੁਰਾਗ, ਵੈਰਾਗ ਵਿਚ ਤਬਦੀਲ ਹੋ ਜਾਂਦਾ ਹੈ। ਉਹ ਗਿਆਨ ਦਾਸ ਦੇ ਡੇਰੇ ਤੇ ਜਾ ਕੇ ਪਿਆ ਰਹਿੰਦਾ ਹੈ ਅਤੇ ਜਾਂ ਫਿਰ ਇਸ ਡੇਰੇ ਦੁਆਲੇ ਸਬਜ਼ੀ-ਭਾਜੀ ਦੀਆਂ ਕਿਆਰੀਆਂ ਸਿੰਜਦਾ ਰਹਿੰਦਾ ਹੈ। ਉਹ ਭਾਵੇਂ ਗਿਆਨ ਦਾਸ ਕੋਲੋਂ ਪ੍ਰਸ਼ਾਦ ਵੀ ਨਹੀਂ ਲੈਂਦਾ ਬਲਕਿ ਸੁੱਖਾ ਪੀ ਕੇ ਆਪਣੀ ਚੇਤਨਾ ਨੂੰ ਬੇਹਿੱਸ ਕਰਨ ਦੇ ਯਤਨ ਵਿਚ ਲੀਨ ਰਹਿੰਦਾ ਹੈ। ਮਾਂ ਦੇ ਵਾਰ-ਵਾਰ ਇਸਰਾਰ ਕਰਨ ਤੇ ਵੀ ਉਹ ਘਰ ਜਾਣਾ ਸਵੀਕਾਰ ਨਹੀਂ ਕਰਦਾ; ਘਰ ਜੋ ਅਨੁਰਾਗ ਅਤੇ ਮੋਹ ਮਾਇਆ ਦਾ ਕੇਂਦਰ ਹੁੰਦਾ ਹੈ। ਸਗੋਂ ਉਹ ਅੱਕ ਕੇ ਮਾਂ ਨੂੰ ਇਥੋਂ ਤਕ ਆਖ ਦਿੰਦਾ ਹੈ ਕਿ ਜੇ ਉਸ ਨਾਲ ਜ਼ਿੱਦ ਕੀਤੀ ਤਾਂ ਉਹ ਹੋਰ ਵੀਹ-ਤੀਹ ਕੋਹ ਅਗਾਂਹ ਲੰਘ ਜਾਵੇਗਾ। ਨਾਵਲ ਦੇ ਅੰਤ ਵਿਚ ਜਦੋਂ ਰੱਖੀ ਅਤੇ ਸੀਤਾ ਦੀ ਮੁਲਾਕਾਤ ਹੁੰਦੀ ਹੈ ਤਾਂ ਰੱਖੀ ਉਸਨੂੰ ਨਾਥ ਬਾਰੇ ਇਉਂ ਦੱਸਦੀ ਹੈ, "ਓਸ ਦਰਵੇਸ਼ ਦਾ ਅੱਡ ਬੁਰਾ ਹਾਲ ਐ। ਜਦੋਂ ਦੀ ਨੇ ਤੂੰ ਘਰੋਂ ਪੈਰ ਪਟਿਐ ਉਹ ਤਾਂ ਜਾਣੀ ਪਹਿਲਾਂ ਆਲਾ ਨਾਥ ਈ ਨਹੀਂ ਰਿਹਾ। ਸੁੱਖਾ ਪੀ ਕੇ ਸਾਰਾ ਦਿਨ ਗਿਆਨ ਦਾਸ ਦੇ ਡੇਰੇ ਪਿਆ ਰਹਿੰਦੈ। ਬਥੇਰਾ ਰੋਈ ਪਿਟੀ ਬਈ ਘਰ ਚੱਲ। ਬੋਲਿਆ-'ਔਖਾ ਕਰੇਂਗੀ ਤਾਂ ਹੋਰ ਵੀਹ ਤੀਹ ਕੋਹ ਰਾਹਾਂ ਲੰਘ ਜੂੰਗਾ? ਸੋਚਿਆ ਮਨਾ ਚਲ ਉਹ ਜਾਣੇ ਏਥੇ ਅੱਖਾਂ ਮੂਹਰੇ ਤਾਂ ਐ। ਦੂਜੇ ਚੌਥੇ ਦਿਨ ਜਦੋਂ ਜੀ ਉਠਦੈ ਦੇਖ ਤਾਂ ਜਾਨੀ ਆਂ।" (ਪੰਨਾ 72)

ਸੰਤਾ ਵੀ ਆਪਣੇ ਨਾਲ ਵਾਪਰੇ ਦੁਖਾਂਤ ਦਾ ਮੁਕਾਬਲਾ ਸੂਨਯ ਸਥਿਤੀ ਦੁਆਰਾ ਹੀ ਕਰਦੀ ਹੈ। ਸ਼ਾਇਦ ਇਹ ਲੱਛਣ ਪ੍ਰਕ੍ਰਿਤੀ ਦਾ ਹੀ ਹੈ। ਵਿਅਕਤੀ ਅਸਹਿ ਪੀੜਾ ਦੇ ਬੋਧ ਸਮੇਂ ਸੂਨਯ ਹੋ ਜਾਂਦਾ ਹੈ। ਸੀਤਾ ਨੂੰ ਜਿਸ ਸਮੇਂ ਉਧਾਲ ਲਿਆ ਜਾਂਦਾ ਹੈ ਤਾਂ ਉਹ ਪਹਿਲਾਂ-ਪਹਿਲ ਅ ਪਣੀ ਮਰਯਾਦਾ ਦੀ ਰਖਵਾਲੀ ਪੂਰੇ ਜੀ-ਜਾਨ ਨਾਲ ਕਰਦੀ ਹੈ। ਬਲਦੇਵ ਸਿੰਘ ਦੇ ਬੰਦੇ ਉਸ ਨੂੰ ਡਾਢੀ ਮੁਸ਼ਕਿਲ ਨਾਲ ਕਾਬੂ ਕਰਦੇ ਹਨ। ਅਗਲੀ ਰਾਤ ਜਦੋਂ ਉਸਨੂੰ ਸ਼ੇਰ ਸਿੰਘ ਡਰਾਈਵਰ ਆਪਣੇ ਨਾਲ ਕਿਸੇ ਹੋਰ ਪਿੰਡ ਲੈ ਜਾਂਦਾ ਹੈ ਤਾਂ ਵੀ ਉਹ ਮਰਨ-ਮਾਰਨ ਤੇ ਉਤਾਰੂ ਹੋ ਜਾਂਦੀ ਹੈ। ਉਹ ਆਪਣੇ ਸਿਰ੍ਹਾਣੇ ਪਈ ਖਾਲੀ ਬੋਤਲ ਚੁਕ ਲੈਂਦੀ ਹੈ ਅਤੇ ਸੋਚਦੀ ਹੈ, "ਜਿਹੜਾ ਵੀ ਹੋਇਆ ਸਿਰ ਪਾੜ ਦੇਣੈ, ਰਾਤ ਢਾ ਢਾ ਕੇ ਮੂੰਹ 'ਚ ਸ਼ਰਾਬ ਪਾਈ ਰੁੜ੍ਹ ਜਾਣਿਆਂ ਦੈਂਤਾਂ ਨੇ।" ਪਰ ਜਿਵੇਂ ਜਿਵੇਂ ਉਸਨੂੰ ਆਪਣੀ ਸਥਿਤੀ ਦਾ ਬੋਧ ਹੁੰਦਾ ਚਲਾ ਜਾਂਦਾ ਹੈ ਉਹ ਸੁਚੇਤ ਤੋਂ ਸੂਨਯ ਅਵਸਥਾ ਵਿਚ ਪਹੁੰਚਦੀ ਚਲੀ ਜਾਂਦੀ ਹੈ। ਰੇਲ ਗੱਡੀ ਵਿਚ ਬੈਠਿਆਂ ਜਦ ਟਿਕਟ-ਬਾਬੂ ਉਸਨੂੰ ਬਿਨਾਂ ਟਿਕਟ ਹੋਣ ਕਾਰਣ ਹੇਠਾਂ ਉੱਤਰਨ ਲਈ ਕਹਿੰਦਾ ਹੈ ਤਾਂ ਉਹ ਆਪਣੀ ਕੋਈ ਸਫ਼ਾਈ ਪੇਸ਼ ਨਹੀਂ ਕਰਦੀ, ਨਾ ਕੋਈ ਵਿਰੋਧ ਕਰਦੀ ਹੈ, ਬਲਕਿ ਉਸਦੇ ਕਹੇ ਹੇਠਾਂ ਉਤਰ ਜਾਂਦੀ ਹੈ ਅਤੇ ਕੁਝ ਦਿਨ ਉਸ ਨਾਲ ਰਹਿਣਾ ਪ੍ਰਵਾਨ ਕਰ ਲੈਂਦੀ ਹੈ। ਹਰਦੁਆਰ ਪਹੁੰਚ ਕੇ ਉਸਦੀ ਸੂਨਯ ਸਥਿਤੀ ਹੋਰ ਵੀ ਮੁਕੰਮਲ ਹੋ ਜਾਂਦੀ ਹੈ। ਇਥੇ ਹੀ ਜਦ ਰੱਖੀ ਨਾਲ ਉਸਦੀ ਮੁਲਾਕਾਤ ਹੁੰਦੀ ਹੈ ਤਾਂ ਉਹ ਨੱਠ ਕੇ ਉਸਨੂੰ ਮਿਲਣ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਸ਼ਿਸ਼ ਨਹੀ ਕਰਦੀ ਸਗੋਂ ਉਸਦੇ ਸਾਹਮਣੇ ਖੜ ਜਾਂਦੀ ਹੈ ਅਤੇ ਨਿਰਲੇਪ ਭਾਵ ਨਾਲ ਉਸਨੂੰ ਦੇਖਦੀ ਰਹਿੰਦੀ ਹੈ। ਦਿਆਲ ਨੂੰ ਗਲਵਕੜੀ ਵਿਚ ਲੈਣ ਜਾਂ ਚੁੰਮਣ-ਚੱਟਣ ਦਾ ਕੋਈ ਭਾਵੁਕ ਜਿਹਾ ਪ੍ਰਯਤਨ ਨਹੀਂ ਕਰਦੀ ਬਲਕਿ ਜਦ ਉਹ ਉਸਨੂੰ ਨਹੀਂ ਪਹਿਚਾਣਦਾ ਤਾਂ ਭਵੰਤਰ ਕੇ ਪਿਛਾਂਹ ਹੋ ਜਾਂਦੀ ਹੈ। ਆਪਣੇ ਪਤੀ ਦੀ ਦੁਖਤ-ਸਥਿਤੀ ਅਤੇ ਬਚਨੇ ਦੀ ਮੌਤ ਵਰਗੀਆਂ ਤ੍ਰਾਸਦਕ ਸਥਿਤੀਆਂ ਵੀ ਉਸਦੀ ਸੁੰਨ-ਅਵਸਥਾ ਨੂੰ ਭੰਗ ਨਹੀਂ ਕਰ ਸਕਦੀਆਂ। ਉਹ ਰੱਖੀ ਨੂੰ ਇਕ ਵਾਰ ਜ਼ਰੂਰ ਕਹਿੰਦੀ ਹੈ ਕਿ ਉਹ ਉਸਨੂੰ ਇਕ ਵਾਰ ਪਿੰਡ ਵਿਖਾ ਲਿਆਵੇ ਪਰ ਜਦ ਰੱਖੀ ਆਪਣੀ ਦੁਬਿਧਾ ਸਾਹਮਣੇ ਰੱਖਦੀ ਹੈ ਤਾਂ ਸੀਤਾ ਚੁਪ ਕਰ ਰਹਿੰਦੀ ਹੈ। ਉਹ ਰੱਖੀ ਦੇ ਪੈਰੀਂ ਹੱਥ ਲਾਉਂਦੀ ਹੈ ਅਤੇ ਗੰਗਾ ਦੇ ਕੰਢੇ-ਕੰਢੇ ਇਕ ਪਾਸੇ ਨੂੰ ਤੁਰ ਪੈਂਦੀ ਹੈ। ਗੰਗਾ ਸਾਂ-ਸਾਂ ਕਰਦੀ ਵਗੀ ਜਾ ਰਹੀ ਸੀ। ਇਥੇ ਪਹੁੰਚ ਕੇ ਸੀਤਾ ਦੀ ਸੁੰਨ-ਅਵਸਥਾ ਭੰਗ ਹੁੰਦੀ ਹੈ। ਹੁਣ ਉਹ ਦੂਜਿਆਂ ਲਈ ਜਿਉਣਾ ਬੰਦ ਕਰਨ ਦਾ ਫੈਸਲਾ ਕਰ ਲੈਂਦੀ ਹੈ ਅਤੇ ਪੂਰੀ ਚੇਤਨਾ ਨਾਲ ਆਤਮ ਹੱਤਿਆ ਦੇ ਮਾਰਗ ਵੱਲ ਵਧਦੀ ਹੈ। ਦੂਰ ਸਾਰੇ ਜਾ ਕੇ ਸੀਤਾ ਆਸੇ ਪਾਸੇ ਵੇਖਦੀ ਹੈ, ਕਿਧਰੇ ਕੋਈ ਨਹੀਂ ਹੁੰਦਾ। ਇਸੇ ਥਾਂ ਤੋਂ ਉਹ ਗੰਗਾ ਵਿਚ ਛਾਲ ਮਾਰ ਕੇ ਰੁੜ੍ਹ ਜਾਂਦੀ ਹੈ। ਜ਼ਿੰਦਗੀ ਵਿਚ ਇਹ ਸ਼ਾਇਦ ਪਹਿਲਾ ਫ਼ੈਸਲਾ ਸੀ ਜੋ ਉਸਨੇ ਪੂਰੀ ਤਰ੍ਹਾਂ ਸੁਤੰਤਰ ਅਤੇ ਸੁਚੇਤ ਹੋ ਕੇ ਆਪਣੇ ਲਈ ਕੀਤਾ ਸੀ। ਇਹ ਫ਼ੈਸਲਾ ਦਲੀਪ ਕੌਰ ਟਿਵਾਣਾ ਦੀਆਂ ਰਚਨਾਵਾਂ ਵਿਚ ਸੁਤੰਤਰਤਾ, ਸ੍ਵੈ-ਇਛਾ ਅਤੇ ਚੇਤਨਾ ਦੇ ਸੰਕਲਪ ਨੂੰ ਲੋੜੀਂਦਾ ਆਕਾਰ-ਪ੍ਰਕਾਰ ਦਿੰਦਾ ਹੈ। ਮਰਦ-ਪ੍ਰਧਾਨ ਸਮਾਜ ਵਿਚ ਰਹਿੰਦਿਆਂ ਉਸਦੀਆਂ ਸੰਵੇਦਨਸ਼ੀਲ ਅਤੇ ਚੇਤੰਨ ਨਾਰੀਆਂ ਪਹਿਲਾਂ-ਪਹਿਲ ਆਪਣੇ ਆਲੇ-ਦੁਆਲੇ ਵਿਚਰਦੇ ਆਦਮੀਆਂ ਦੀ ਖੁਸ਼ੀ ਲਈ ਸ਼ੂਨਯ ਅਵਸਥਾ ਵਿਚ ਪਹੁੰਚ ਜਾਂਦੀਆਂ ਹਨ। ਆਪਣੀ ਸੁਤੰਤਰਤਾ ਅਤੇ ਸ੍ਵੈ ਇੱਛਾ ਦੇ ਦਮਨ ਲਈ ਉਹ ਵੈਰਾਗ ਦੀ ਸਥਿਤੀ ਧਾਰਣ ਕਰ ਲੈਂਦੀਆਂ ਹਨ ਪਰ ਜਦੋਂ ਇਹ ਚੱਕਰ ਸੰਪੂਰਣ ਹੋ ਜਾਂਦਾ ਹੈ, ਮਰਦ-ਪ੍ਰਧਾਨ ਸਮਾਜ ਵਿਚ ਉਨ੍ਹਾਂ ਸਾਸਤੇ ਆਸ਼ਾ ਦੀ ਕੋਈ ਨਿਕੀ-ਨੰਨ੍ਹੀ ਕਿਰਣ ਵੀ ਨਹੀਂ ਬਚਦੀ। ਤਾਂ ਉਹ ਪੂਰੀ ਚੇਤਨਾ ਅਤੇ ਦ੍ਰਿੜ੍ਹ-ਵਿਸ਼ਵਾਸ ਨਾਲ ਮਰਦ ਦੀ ਇਸ ਦੁਨੀਆਂ ਦਾ ਪਰਤਿਆਗ ਕਰ ਦਿੰਦੀਆਂ ਹਨ। ਟਿਵਾਣਾ ਦੀਆਂ ਗਲਪ-ਰਚਨਾਵਾਂ ਦੇ ਅੰਤ ਵਿਚ ਨਾਰੀ ਦੀ ਅਜਿਹੀ ਚੇਤਨਾ ਉਸਨੂੰ ਇਕ ਸੁਚੇਤ ਅਤੇ ਨਾਰੀਵਾਦੀ ਲੇਖਕਾ ਦੇ ਰੂਪ ਵਿਚ ਸਥਾਪਿਤ ਕਰ ਦਿੰਦੀ ਹੈ।

ਪ੍ਰਕ੍ਰਿਤੀ : ਸੰਸਕ੍ਰਿਤੀ

ਦਲੀਪ ਕੌਰ ਟਿਵਾਣਾ ਦੇ ਗਲਪ-ਜਗਤ ਵਿਚ ਪ੍ਰਕ੍ਰਿਤੀ : ਸੰਸਕ੍ਰਿਤੀ ਦਾ ਜੁੱਟ-ਵਿਰੋਧ ਵੀ ਬੜੇ ਨਿੱਖੜਵੇਂ ਰੂਪ ਵਿਚ ਸਾਹਮਣੇ ਆਉਂਦਾ ਹੈ। ਪ੍ਰਕ੍ਰਿਤੀ ਸੁਭਾਵਿਕ ਅਤੇ ਸੁਤੰਤਰ ਹੈ ਜਦੋਂ ਕਿ ਸੰਸਕ੍ਰਿਤੀ ਸੰਕਲਪਗਤ ਅਤੇ ਸ੍ਵੈ-ਨਿਰਮਿਤ ਹੈ। ਇਨ੍ਹਾਂ ਦੋਹਾਂ ਦਾ ਵਿਰੋਧ ਅਨਾਦਿ ਅਤੇ ਅਖੁੱਟ ਹੈ। ਨਾਵਲ ਦੇ ਆਰੰਭ ਵਿਚ ਹੀ ਲੇਖਕਾ ਇਸ ਵਿਰੋਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਬੜਾ ਸਪਸ਼ਟ ਪਰਿਚਯ ਦੇਣਾ ਸ਼ੁਰੂ ਕਰ ਦਿੰਦੀ ਹੈ। ਜਿਸ ਦਿਨ ਇਸ ਨਾਵਲ ਦੀ ਪ੍ਰਥਮ ਘਟਨਾ ਵਾਪਰਦੀ ਹੈ ਅਰਥਾਤ ਸੀਤਾ ਦਾ ਉਧਾਲਾ ਹੁੰਦਾ ਹੈ, ਉਸ ਦਿਨ ਅਸਮਾਨ ਵਿਚ ਕਰੂੱਤੇ ਹੀ ਬੱਦਲ ਹੋਏ ਖੜੇ ਸਨ। ਇਨ੍ਹਾਂ ਨੂੰ ਵੇਖ ਕੇ ਲੇਖੂ ਬਾਣੀਏ ਅਤੇ ਸੰਤੇ ਦੇ ਮਨਾਂ ਵਿਚ ਕਿਸੇ ਅਣਹੋਣੀ ਅਤੇ ਅਣਕਿਆਸੀ ਦੁਰਘਟਨਾ ਪੂਰਵਾਭਾਸ ਹੋ ਜਾਂਦਾ ਹੈ। ਇਸੇ ਆਭਾਸ ਨੂੰ ਦਰਸਾਉਣ ਲਈ ਹੀ ਦੋਵੇਂ ਇਕ ਸੰਵਾਦ ਵਿਚ ਰੁੱਝ ਜਾਂਦੇ ਹਨ ਜਿਹੜਾ ਪ੍ਰਕ੍ਰਿਤੀ ਅਤੇ ਮਾਨਵੀ ਸੰਸਕ੍ਰਿਤੀ ਦੇ ਵਿਰੋਧ ਨੂੰ ਹੋਰ ਵੀ ਸਪਸ਼ਟਤਾ ਨਾਲ ਪੇਸ਼ ਕਰਦਾ ਹੈ :

> "ਕਰੂੱਤੇ ਈ ਬੱਦਲ ਹੋਏ ਖੜੇ ਨੇ" ਸੰਤੇ ਨੇ ਮੱਥੇ ਉਤੇ ਹੱਥ ਧਰਕੇ ਅਸਮਾਨ ਵੱਲ ਝਾਕਦਿਆ ਕਿਹਾ।
>
> 'ਹੁਣ ਤਾਂ ਸਮੋਈ ਬਦਲਗੀ ਸੰਤਾ ਸਿਆਂ, ਕਣਕ ਜਿਹੜੀ ਰੁਪਈਏ ਦੀ ਮਣ ਹੁੰਦੀ ਸੀ ਸੇਰਾਂ ਦੇ ਭਾ ਵਿਕਣ ਲਾਗੀ। ਫਾਰਮੀ ਘਿਓ ਨੂੰ ਕੋਈ ਜਾਣਦਾ ਨੀ ਸੀ ਹੁੰਦਾ। ਐਸ ਚਾਹ ਨੇ ਤਾਂ ਊਈਂ ਲੋਕਾਂ ਦੇ ਕਾਲਜੇ ਫੂਕਤੇ। ਤਾ ਹੀ ਤਾਂ ਏਨੇ ਹਰਖ ਵਧਗੇ। ਵਧਾਵੇ ਕੇ ਕੰਜਰ ਮਲਕੀਤੇ ਨੇ ਅਖੇ ਪਿਓ ਨੂੰ ਗਾਲ੍ਹਾਂ ਕੱਢੀਆਂ। ਅਖੇ ਕੁੜੀ ਨੂੰ ਜੇ ਜਮੀਨ 'ਚੋਂ ਹਿੱਸਾ ਦੇਣੈ ਫੇਰ ਵਿਆਹ ਤੇ ਖਰਚ ਕਾਸਨੂੰ ਕਰਨੈ।"
>
> "ਦੇਖ ਨਾ ਲੇਖੂ ਕਲੇਸ ਤਾਂ ਆਪੇ ਪੈਣਾ ਹੋਇਆ ਬਈ ਹੁਣ ਉਹ ਥੋੜੇ ਰਹਿਗੀ ਸ਼ਰੀਕਣੀ ਹੋਗੀ।"
>
> "ਪਰ ਸੰਤਾ ਸਿਆਂ ਬੰਦੇ ਨੂੰ ਬਹੁਤੀ ਤਮਾਂ ਨੀ ਵਧਾਉਣੀ ਚਾਹੀਦੀ। ਬਹੁਤੀ ਮਾਇਆ ਤਾਂ ਨਰਕ ਦਾ ਸਮਾਨਾ ਹੁੰਦੈ। ਦੇਖਿਆ ਨੀ ਰੌਣ ਦਾ ਹਾਲ। ਅਖੇ ਸੋਨੇ ਦੀ ਲੰਕਾ ਸੀ। ਜੈਲਦਾਰਾਂ ਦੇ ਦੇਖ ਲੈ..." (ਪੰਨਾ 6)

ਇਹ ਸੰਘਰਸ਼ ਹੌਲੀ-ਹੌਲੀ ਤਿਖੇ ਤੋਂ ਤਿਖੇਰਾ ਹੁੰਦਾ ਜਾਂਦਾ ਹੈ। ਸੰਤਾ ਸਿੰਘ, ਗੀਤਾ ਵਿਚੋਂ ਕੁਝ ਪ੍ਰਮਾਣ ਜੁਟਾ ਕੇ ਇਸ ਸੰਘਰਸ਼ ਦੀ ਡਾਇਲੈਕਟਿਕਸ ਨੂੰ ਪ੍ਰਗਟ ਕਰਦਾ ਹੈ। ਉਸ ਅਨੁਸਾਰ, "ਪੱਕਾ ਫੁਲ ਟਾਹਣੀ ਨਾਲੋਂ ਟੁੱਟ ਪੈਂਦਾ ਹੈ ਤਾਂ ਜੋ ਹੋਰ ਕਿਧਰੇ ਜਾ ਕੇ ਆਪਣੀ ਯਾਤਰਾ ਪੂਰੀ ਕਰੇ। ਨੌ ਮਹੀਨੇ ਮਾ ਬੱਚੇ ਨੂੰ ਆਪਣੇ ਗਰਭ ਵਿਚ ਰੱਖਦੀ ਹੈ ਤੇ ਅਖੀਰ ਤਿਆਗ ਦਿੰਦੀ ਹੈ, ਆਪਣੀ ਤੇ ਬੱਚੇ ਦੀ ਭਲਾਈ ਲਈ। ਸੰਨਿਆਸ ਅਤੇ ਤਿਆਗ ਦਾ ਭਾਵ ਇਹੀ ਹੈ।" ਇਸ ਨਾਵਲ ਦੇ ਸਾਰੇ ਪਾਤਰ ਪ੍ਰਕ੍ਰਿਤੀ ਅਤੇ ਸੰਸਕ੍ਰਿਤੀ ਦੇ ਸੰਘਰਸ਼ ਵਿਚ ਰੁੱਝੇ ਹੋਏ ਦੇਖੇ ਜਾ ਸਕਦੇ ਹਨ। ਸੀਤਾ ਆਪਣੇ ਨਾਲ ਵਾਪਰੇ ਦੁਖਾਂਤ ਦੇ ਮੁਢਲੇ ਦਿਨਾਂ ਵਿਚ ਸੰਸਕ੍ਰਿਤੀ ਦਾ ਸਹਾਰਾ ਟੋਲਦੀ ਹੈ ਪਰੰਤੂ ਜਦੋਂ ਇਹ ਸਹਾਰਾ ਉਸਨੂੰ ਮਿਥਿਆ ਅਤੇ ਅਸਥਾਈ ਜਾਪਦਾ ਹੈ ਤਾਂ ਉਹ ਪ੍ਰਕ੍ਰਿਤੀ ਦੀ ਅਡੋਲਤਾ ਅਤੇ ਸਹਿਜਤਾ ਵਿਚ ਜਾ ਸਮਾਉਂਦੀ ਹੈ। ਆਪਣੀ ਇਸ ਮੁਦਰਾ ਨੂੰ ਵਧੇਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਲਵਾਨ ਅਤੇ ਸਥਾਈ ਬਣਾਉਣ ਲਈ ਉਹ ਹਰਦੁਆਰ ਵਿਚ ਗੰਗਾ ਨਦੀ ਦੇ ਕਿਨਾਰੇ ਨੂੰ ਹੀ ਚੁਣਦੀ ਹੈ। ਜ਼ਿਲਾ ਲੁਧਿਆਣਾ ਦੇ ਪਿੰਡਾਂ ਵਿਚ ਰਹਿੰਦੀ ਇਕ ਸਧਾਰਣ ਜਹੀ ਲਾਗੀਆਂ ਦੀ ਔਰਤ ਵਿਚ ਹਰਦੁਆਰਾ ਜਾਣ ਦਾ ਸੰਕਲਪ ਕਿਵੇਂ ਪੈਦਾ ਹੋਇਆ ? ਸਪਸ਼ਟ ਹੈ ਕਿ ਸਾਡੇ ਹਰ ਭਾਰਤੀ ਦੇ ਮਨ ਵਿਚ ਪ੍ਰਕ੍ਰਿਤੀ, ਸੰਸਕ੍ਰਿਤੀ ਨਾਲੋਂ ਵਧੇਰੇ ਬਲਵਾਨ ਅਤੇ ਅਟੱਲ ਹੈ। ਪ੍ਰਕ੍ਰਿਤੀ ਨੂੰ ਹੀ ਹੋਣੀ ਦਾ ਨਾਗ ਹੀ ਦਿਤਾ ਗਿਆ ਹੈ, ਇਸੇ ਲਈ ਕਿ ਇਹ ਹੋ ਕੇ ਰਹਿੰਦੀ ਹੈ ਅਤੇ ਸੰਸਕ੍ਰਿਤੀ ਦੁਆਰਾ ਟਿਤਵੇ ਅਤੇ ਸਾਜੇ ਹੋਏ ਸੁਪਨਿਆਂ ਨੂੰ ਜਦੋਂ ਮਰਜ਼ੀ ਨਸ਼ਟ ਕਰਨ ਦੇ ਸਮਰੱਥ ਹੈ।

ਇਸ ਤਰ੍ਹਾਂ ਮਾਨਵੀ ਸੰਸਕ੍ਰਿਤੀ ਦੇ ਤਕਾਜ਼ੇ ਪੂਰੇ ਕਰਦਾ-ਕਰਦਾ ਅਚਾਨਕ ਹੀ ਨਾਥ ਜਦੋਂ ਹੋਣੀ ਦੇ ਮੂੰਹ ਜਾ ਪੈਂਦਾ ਹੈ ਤਾਂ ਸੰਸਕ੍ਰਿਤੀ ਦੇ ਸਾਰੇ ਬੰਧਨਾਂ ਨੂੰ ਤੋੜਕੇ ਉਹ ਬਾਵਾ ਗਿਆਨ ਦੇ ਡੇਰੇ ਵਿਚ, ਪ੍ਰਕ੍ਰਿਤੀ ਦੀ ਵਿਸ਼ਾਲ, ਨਿਰਲੇਪ ਅਤੇ ਸਰਵਸਾਂਝੀ ਗੋਦ ਵਿਚ ਜਾ ਪਨਾਹ ਲੈਂਦਾ ਹੈ। ਉਸਦੀ ਮਾਂ ਰੱਖੀ ਅਤੇ ਮਿਤਰ ਬਚਨਾ ਲੱਖ ਵਾਹ ਲਾਉਂਦੇ ਹਨ ਪਰ ਉਹ ਪਿੰਡ ਵਾਪਸ ਜਾ ਕੇ ਸੰਸਕ੍ਰਿਤੀ ਦੇ ਤਕਾਜ਼ੇ ਪੂਰੇ ਕਰਨ ਦੇ ਰੌਂਅ ਵਿਚ ਨਹੀਂ ਆਉਂਦਾ। ਬਚਨਾ ਵੀ ਉਹਨੂੰ ਸੰਸਕ੍ਰਿਤੀ ਅਤੇ ਸੰਘਰਸ਼ ਦਾ ਪਾਠ ਪੜ੍ਹਾਉਂਦਾ ਹੋਇਆ ਇਕ ਅਨ੍ਹੇਰੀ ਰਾਤ ਨੂੰ ਬਲਦੇਵ ਅਤੇ ਉਹਦੇ ਗੁੰਡਿਆਂ ਹੱਥੋਂ ਮਾਰਿਆ ਜਾਂਦਾ ਹੈ। "ਲੋਕ ਨਿੱਘੀਆਂ ਰਜ਼ਾਈਆਂ ਵਿਚ ਸੁਤੇ ਪਏ ਸਨ। ਬਚਨਾ, ਗਿਆਨ ਦਾਸ ਦੇ ਡੇਰੇ ਨੂੰ ਜਾਣ ਵਾਲੀ ਡੰਡੀ ਉਤੇ ਠੰਢਾ ਹੋਇਆ ਪਿਆ ਸੀ।" ਇਸ ਤਰ੍ਹਾਂ ਸੰਸਕ੍ਰਿਤੀ ਤੋਂ ਪ੍ਰਕ੍ਰਿਤੀ ਵੱਲ ਅਤੇ ਪ੍ਰਕ੍ਰਿਤੀ ਤੋਂ ਦੋਬਾਰਾ ਸੰਸਕ੍ਰਿਤੀ ਵੱਲ ਉਸਦੀ ਯਾਤਰਾ ਵੀ ਸੰਪੂਰਣ ਹੋ ਗਈ ਸੀ।

ਆਪਣੇ ਆਖਰੀ ਦਿਨਾਂ ਵਿਚ ਸੰਤਾ ਵੀ ਸੰਸਕ੍ਰਿਤੀ ਨਾਲੋਂ ਟੁੱਟ ਕੇ ਪ੍ਰਕ੍ਰਿਤੀ ਵਿਚ ਹੀ ਪਨਾਹ ਢੂੰਡਦਾ ਹੈ। ਜਦੋਂ ਰੱਖੀ ਉਸਨੂੰ ਸਮਝਾਉਂਦੀ ਹੈ ਕਿ ਜਿਉਂਦੇ ਰਹਿਣ ਲਈ ਉਸਨੂੰ ਸੰਸਕ੍ਰਿਤੀ ਨਾਲ ਜੁੜਿਆਂ ਹੀ ਸਰੇਗਾ ਤਾਂ ਉਹ ਬੜੀ ਸਪਪਸ਼ਟਤਾ ਨਾਲ ਕਹਿੰਦਾ ਹੈ, "ਸਾਰੀ ਉਮਰ ਈ ਕੰਮ ਕੀਤੈ ਰੱਖੀ, ਦਿਨ ਨੂੰ ਦਿਨ ਨਹੀਂ ਸਮਝਿਆ, ਰਾਤ ਨੂੰ ਰਾਤ ਨੀ। ਪਰ ਹੁਣ ਮੇਰੇ ਕੋਲੋਂ ਉਠਿਆ ਨਹੀਂ ਜਾਂਦਾ। ਮੇਰਾ ਕਿਸੇ ਦੇ ਮੂੰਹ ਲੱਗਣ ਨੂੰ ਚਿੱਤ ਨਹੀਂ ਕਰਦਾ।" ਇਉਂ ਇਸ ਨਾਵਲ ਦੇ ਸਾਰੇ ਪ੍ਰਮੁੱਖ ਪਾਤਰ ਆਪਣੇ ਵਿੱਤ ਤੋਂ ਵਡੀ ਦੁਰਘਟਨਾ ਦਾ ਸ਼ਿਕਾਰ ਹੋ ਕੇ ਖਪਣ-ਖ੍ਰਿਝਣ ਦੀ ਬਜਾਇ ਪ੍ਰਕ੍ਰਿਤੀ ਦੀ ਵਿਸ਼ਾਲਤਾ ਵਿਚ ਜਾ ਸਹਾਰਾ ਢੂੰਢਦੇ ਹਨ। ਸੰਸਕ੍ਰਿਤੀ ਉਨ੍ਹਾਂ ਦੇ ਮੇਚ ਨਹੀਂ ਆਉਂਦੀ। ਇਸ ਲਈ ਉਹ ਸੰਸਕ੍ਰਿਤੀ ਤੋਂ ਪਲਾਇਣ ਕਰਦੇ ਹੋਏ ਦੇਖੇ ਜਾ ਸਕਦੇ ਹਨ। ਪਰ ਇਸ ਪਲਾਇਣ ਵਿਚ ਉਨ੍ਹਾਂ ਦੀ ਸ੍ਵੈ ਇਛਾ ਅਤੇ ਸ੍ਵੈ ਚੋਣ ਸਦਾ ਬਰਕਰਾਰ ਰਹਿੰਦੀ ਹੈ। ਇਸੇ ਕਾਰਣ ਡਾ. ਦਲੀਪ ਕੌਰ ਟਿਵਾਣਾ ਦੀਆਂ ਗਲਪ-ਰਚਨਾਵਾਂ ਮਨੁਖੀ ਜੀਵਨ ਨੂੰ ਅਸਤਿਤਵਵਾਦੀ ਦ੍ਰਿਸ਼ਟੀ ਤੋਂ ਆਪਣੇ ਅਧਿਐਨ-ਵਿਸ਼ਲੇਸ਼ਣ ਦਾ ਵਿਸ਼ੈ ਬਣਾਉਂਦੀਆਂ ਨਜ਼ਰ ਆਉਂਦੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਅ) ਵਿਅੰਗ—ਸਿਰਜਣਾ

'ਦੂਸਰੀ ਸੀਤਾ' ਵਿਚ ਡਾ. ਦਲੀਪ ਕੌਰ ਟਿਵਾਣਾ ਨੇ ਵਿਅੰਗ ਨੂੰ ਸੰਰਚਨਾ ਦੀ ਇਕ ਵਿਧੀ ਵਜੋਂ ਇਸਤੇਮਾਲ ਕੀਤਾ ਹੈ। ਬਰੁਕਸ ਅਨੁਸਾਰ ਕਥਨ ਨੂੰ ਪ੍ਰਸੰਗ ਰਾਹੀਂ ਅਸਿੱਧਾ/ਪੁੱਠਾ ਕਰਨਾ ਹੀ ਵਿਅੰਗ ਹੈ। (20 th Century Criticism : 'The Mejor Siatments', Ed. O J. Handy, Max Westbrook, P. 62) ਦੋ ਅਤੇ ਦੋ ਚਾਰ ਹੁੰਦੇ ਹਨ, ਇਹ ਕਥਨ ਕਿਸੇ ਵੀ ਪ੍ਰਸੰਗ ਤੋਂ ਪ੍ਰਭਾਵਿਤ ਨਹੀਂ। ਇਸ ਕਥਨ ਵਿਚਲਾ ਸਚ ਜਾਂ ਝੂਠ ਹਰ ਇਕ ਪ੍ਰਸੰਗ ਵਿਚ ਇੱਕੋ ਹੀ ਰਹਿੰਦਾ ਹੈ। ਇਹ ਕਥਨ ਸਥੂਲ ਹੈ ਅਤੇ ਇਸ ਵਿਚਲੇ ਸ਼ਬਦ ਕੇਵਲ ਬੋਧਕ (denotative) ਹਨ। ਪਰੰਤੂ ਇਸਦੇ ਉਲਟ ਸਾਹਿੱਤ ਵਿਚ ਕਦੇ ਵੀ ਅਜਿਹਾ ਪ੍ਰਸੰਗ-ਮੁਕਤ, ਕੇਵਲ ਬੋਧਕ ਸਥੂਲ ਕਥਨ ਨਹੀਂ ਹੋ ਸਕਦਾ। ਸਾਹਿੱਤ ਵਿਚਲਾ ਹਰ ਕਥਨ ਇਕ ਵਿਸ਼ੇਸ਼ ਪ੍ਰਸੰਗ ਦੇ ਦਬਾਉ ਹੇਠ ਆਪਣੀ ਸਾਰਥਿਕਤਾ ਗ੍ਰਹਿਣ ਕਰਦਾ ਹੈ ਅਤੇ ਪ੍ਰਸੰਗ ਹੀ ਉਸਦੇ ਸਮੁਚੇ ਅਰਥ ਨੂੰ ਢਾਲਦਾ ਹੈ।

ਪ੍ਰਸੰਗ ਦੇ ਦਬਾਉ ਹੇਠ ਅਰਥਾਂ ਦੇ ਇਸ ਉਲਟਾਉ ਨੂੰ 'ਵਿਅੰਗ ਵਜੋਂ ਸਥਾਪਿਤ ਕਰਨ ਤੋਂ ਛੁੱਟ ਕਲਿੰਥ ਬਰੁਕਸ ਨੇ 'ਵਿਅੰਗ' ਨੂੰ ਇਕ ਹੋਰ ਤਰ੍ਹਾਂ ਨਾਲ ਪਰਿਭਾਸ਼ਾ ਬੱਧ ਕਰਨ ਦਾ ਯਤਨ ਵੀ ਕੀਤਾ ਹੈ। ਇਕ ਥਾਂ ਉਸਨੇ ਵਿਅੰਗ-ਕਥਨ ਨੂੰ ਆਪਣੇ ਪ੍ਰਤੀਤ ਹੋਣ ਵਾਲੇ ਪ੍ਰਗਟ ਅਰਥ ਤੋਂ ਉਲਟ ਅਰਥਾਂ ਦਾ ਸੰਕੇਤ ਕਰਨ ਵਾਲਾ ਕਥਨ ਕਿਹਾ ਹੈ। ਇਕ ਵਿਅੰਗ ਘਟਨਾ ਜਾਂ ਸਥਿਤੀ ਉਹ ਹੁੰਦੀ ਹੈ ਜਿਥੇ ਆਸ ਅਤੇ ਸਿੱਟੇ/ਕੋਸ਼ਿਸ਼ ਅਤੇ ਨਤੀਜੇ ਵਿਚ ਫ਼ਰਕ ਹੋਵੇ। (ਉਹੀ ਰਚਨਾ, ਪੰਨਾ 60) ਕਥਨ ਅਤੇ ਘਟਨਾ ਦੇ ਵਿਅੰਗ ਵਿਚ ਹਮੇਸ਼ਾਂ ਟਾਕਰੇ ਦਾ ਤੱਤ ਹੁੰਦਾ ਹੈ। ਸਾਹਿੱਤ ਵਿਚ ਦੋਵੇਂ ਕਿਸਮਾਂ ਦਾ ਵਿਅੰਗ ਹੋ ਸਕਦਾ ਹੈ। ਪਰੰਤੂ ਸਾਹਿਤ ਲਈ ਕਥਨ, ਲਹਿਜੇ ਅਤੇ ਰਵੱਈਏ ਦਾ ਵਿਅੰਗ ਅਧਿਕ ਜ਼ਰੂਰੀ ਹੈ। ਵਿਅੰਗਾਤਮਕ ਪ੍ਰਭਾਵ ਦਾ ਸਫ਼ਲ ਸੰਗਠਨ ਇਕ ਸਾਹਿੱਤਕਾਰ ਦੀ ਵੱਡੀ ਸਮਸਿਆ ਹੁੰਦੀ ਹੈ। ਸਾਧਾਰਣ ਗੱਲਬਾਤ ਵਿਚ ਤਾਂ ਇਹ ਵਿਅੰਗ ਮੁਦਰਾਵਾਂ, ਆਵਾਜ਼ ਦੇ ਲਹਿਜੇ ਆਦਿ ਨਾਲ ਪ੍ਰਗਟ ਕੀਤਾ ਜਾ ਸਕਦਾ ਹੈ ਪਰੰਤੂ ਕਵਿਤਾ ਵਿਚ ਅਜਿਹੇ ਵਿਅੰਗ ਨੂੰ ਪ੍ਰਗਟ ਕਰਨ ਲਈ ਹੋਰ ਤਰ੍ਹਾਂ ਦੇ ਸਾਧਨ ਵਰਤਣੇ ਪੈਂਦੇ ਹਨ। (ਡਾ. ਰਵਿੰਦਰ ਸਿੰਘ ਰਵੀ, **ਅਮਰੀਕਾ ਦੀ ਨਵੀਨ ਆਲੋਚਨਾ ਪ੍ਰਣਾਲੀ,** ਪੰਨਾ 91)

'ਦੂਸਰੀ ਸੀਤਾ' ਪ੍ਰਸੰਗ ਦੇ ਦਬਾਉ ਹੇਠ ਅਰਥਾਂ ਦੇ ਉਲਟ ਜਾਣ ਦੁਆਰਾ ਪੈਦਾ ਹੋਈ ਵਿਅੰਗ-ਰਚਨਾ ਹੈ। ਇਹ ਰਚਨਾ ਰਾਮ ਅਤੇ ਸੀਤਾ ਦੀ ਪੌਰਾਣਿਕ ਕਥਾ ਦੇ ਆਧਾਰ ਤੇ ਸਿਰਜੀ ਗਈ ਹੈ। ਪੌਰਾਣਿਕ ਕਥਾ ਅਨੁਸਾਰ ਜਦੋਂ ਰਾਮ ਦੀ ਸੀਤਾ ਨੂੰ ਰਾਵਣ ਹਰ ਕੇ ਲੈ ਜਾਂਦਾ ਹੈ ਤਾਂ ਉਹ ਉਸ ਨਾਲ ਬਲਾਤਕਾਰ ਨਹੀਂ ਕਰ ਸਕਦਾ। ਸੀਤਾ ਦਾ ਸ਼ੀਲ, ਸੰਜਮ ਅਤੇ ਸਤ ਰਾਵਣ ਦੇ ਬਾਹੂਬਲ ਨੂੰ ਉਸ ਉਤੇ ਹਾਵੀ ਨਹੀਂ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਣ ਦਿੰਦੇ। ਉਹ ਪਹਿਲਾਂ ਵਾਂਗ ਹੀ ਸਤੀ-ਸਵਿਤਰੀ ਬਣੀ ਰਹਿੰਦੀ ਹੈ। ਸੀਤਾ-ਹਰਨ ਉਪਰੰਤ ਸ੍ਰੀ ਰਾਮ ਵੀ ਬਹੁਤ ਚਿੰਤਿਤ ਹੋ ਜਾਂਦਾ ਹੈ। ਪਰੰਤੂ ਉਸਨੂੰ ਹਨੂੰਮਾਨ ਵਰਗਾ ਵਿਸ਼ਵਾਸ-ਪਾਤਰ ਅਤੇ ਨਿਸ਼ਕਾਮ ਸੇਵਕ ਮਿਲ ਜਾਂਦਾ ਹੈ। ਹਨੂੰਮਾਨ ਅਸ਼ੋਕ-ਵਾਟਿਕਾ ਵਿਚ ਸੀਤਾ ਦੀ ਤਲਾਸ਼ ਕਰ ਲੈਂਦਾ ਹੈ। ਬਾਅਦ ਵਿਚ ਸ੍ਰੀ ਰਾਮ ਇਕ ਸ਼ਕਤੀਸ਼ਾਲੀ ਵਾਨਰ-ਸੈਨਾ ਲੈ ਕੇ ਲੰਕਾ ਉਤੇ ਚੜ੍ਹਾਈ ਕਰ ਦਿੰਦੇ ਹਨ। ਰਾਵਣ ਦਾ ਇਕ ਭਾਈ ਵਿਭੀਸ਼ਣ ਵੀ ਸ੍ਰੀ ਰਾਮ ਨਾਲ ਮਿਲਦਾ ਹੈ। ਸਾਰੇ ਮਿਲਕੇ ਰਾਵਣ ਅਤੇ ਉਸਦੇ ਸਹਿਯੋਗੀ ਰਾਕਸ਼ਾਂ ਦੀ ਹੱਤਿਆ ਕਰ ਦਿੰਦੇ ਹਨ। ਸੀਤਾ, ਸ੍ਰੀ ਰਾਮ ਨੂੰ ਵਾਪਸ ਮਿਲ ਜਾਂਦੀ ਹੈ ਅਤੇ ਇਉਂ ਇਸ ਕਹਾਣੀ ਦੇ ਪ੍ਰਥਮ ਭਾਗ ਦਾ ਸੁਖਦ-ਅੰਤ ਹੁੰਦਾ ਹੈ। ਇਸ ਕਹਾਣੀ ਵਿਚ ਸ੍ਰੀ ਰਾਮ ਦਾ ਪੌਰੁਸ਼, ਮਹਿਮਾ ਅਤੇ ਤੇਜ ਸਦਾ ਬਰਕਰਾਰ ਰਹਿੰਦਾ ਹੈ। ਸੀਤਾ ਵੀ ਹਰ ਲਏ ਜਾਣ ਦੇ ਬਾਵਜੂਦ ਕਲੰਕਿਤ ਦਿਖਾਈ ਨਹੀਂ ਦਿੰਦੀ।

ਡਾ. ਟਿਵਾਣਾ ਨੇ ਸੀਤਾ ਦੀ ਕਥਾ ਨਾਲ ਸੰਬੰਧਿਤ ਉਕਤ ਪ੍ਰਸੰਗ ਦੇ ਅਨੁਰੂਪ ਆਪਣੀ ਇਕ ਵੱਖਰੀ ਕਥਾ ਦੀ ਸਿਰਜਣਾ ਕੀਤੀ ਹੈ। ਬਰੂਕਸ ਦੇ ਕਥਨ ਅਨੁਸਾਰ ਇਸ ਵਿਅੰਗ-ਸਿਰਜਣਾ ਲਈ ਉਸਨੇ ਕੇਵਲ ਪ੍ਰਸੰਗ ਬਦਲ ਦਿਤੇ ਹਨ। ਸ੍ਰੀ ਰਾਮ ਲੰਕਾ ਦੇ ਸੂਰਜਵੰਸ਼ੀ ਰਾਜੇ ਦਸ਼ਰਥ ਦਾ ਜੇਠਾ ਪੁੱਤਰ ਸੀ ਅਤੇ ਦਸ਼ਰਥ ਤੋਂ ਬਾਅਦ ਉਸੇ ਦਾ ਰਾਜ ਅਭਿਸ਼ੇਖ ਹੋਣਾ ਸੀ। ਪਰ ਇਥੇ ਨਾਥ (ਰਾਮ) ਲੁਧਿਆਣੇ ਜ਼ਿਲੇ ਦੇ ਇਕ ਮਾਮੂਲੀ ਨਾਈ (ਰਾਜੇ) ਸੰਤੇ ਦਾ ਪੁੱਤਰ ਹੈ। ਸੰਤਾ ਲਾਗ ਕਮਾ ਕੇ ਆਪਣੇ ਪਰਿਵਾਰ ਦੀ ਉਦਰ-ਪੂਰਤੀ ਕਰਦਾ ਹੈ। ਬਾਅਦ ਵਿਚ ਨਾਥ ਅਤੇ ਉਸਦੇ ਪੁੱਤਰ ਦਿਆਲੇ ਨੂੰ ਵੀ ਇਹੀ ਕੰਮ ਕਰਕੇ ਆਪਣਾ ਪੇਟ ਪਾਲਣਾ ਪੈਣਾ ਹੈ। ਦਲੀਪ ਕੌਰ ਟਿਵਾਣਾ ਨੇ ਪ੍ਰਸੰਗ ਵਿਚ ਇਕ ਛੋਟੀ ਜਹੀ ਤੱਥਗਤ ਤਬਦੀਲੀ ਕਰਕੇ ਸਾਰੇ ਸੰਦਰਭਾਰਥ ਹੀ ਬਦਲ ਦਿਤੇ ਹਨ।

ਸ੍ਰੀ ਰਾਮ ਵਾਂਗ ਹੀ ਨਾਥ ਦੀ ਸੁੰਦਰ ਅਤੇ ਸੁਸ਼ੀਲ ਪਤਨੀ ਸੀਤਾ ਨੂੰ ਵੀ ਪਿੰਡ ਦਾ ਇਕ ਵਿਗੜਿਆ ਜਾਗੀਰਦਾਰ ਹਰ ਕੇ ਲੈ ਜਾਂਦਾ ਹੈ। ਇਹ ਸੀਤਾ ਆਪਣੇ ਸ਼ੀਲ ਅਤੇ ਸਭ ਦੇ ਬਾਵਜੂਦ ਪਹਿਲਾਂ ਜਾਗੀਰਦਾਰ ਅਤੇ ਬਾਅਦ ਵਿਚ ਉਸਦੇ ਹੋਰ ਬਹੁਤ ਸਾਰੇ ਗੁੰਡਿਆਂ ਦੀ ਹਵਸ ਦਾ ਸ਼ਿਕਾਰ ਬਣਦੀ ਹੈ। ਸ੍ਰੀ ਰਾਮ ਵਾਂਗ ਨਾਥ ਨੂੰ ਵੀ ਇਕ ਵਿਸ਼ਵਾਸਪਾਤਰ ਮਿਤਰ ਬਚਨਾ ਮਿਲਿਆ ਹੋਇਆ ਹੈ। ਉਹ ਬਥੇਰੀ ਵਾਹ ਲਾਉਂਦਾ ਹੈ ਪਰ ਸੀਤਾ ਦੀ ਉੱਘ-ਸੁੱਘ ਨਹੀਂ ਕੱਢ ਸਕਦਾ। ਅੰਤ ਵਿਚ ਉਹ ਜਾਗੀਰਦਾਰ ਦੇ ਗੁੰਡਿਆਂ ਹੱਥੋਂ ਮਾਰਿਆ ਵੀ ਜਾਂਦਾ ਹੈ। ਰਾਮਾਇਣ ਵਿਚ ਸ੍ਰੀ ਰਾਮ ਨੂੰ ਬਨਬਾਸ ਆਪਣੇ ਪਿਤਾ ਦੇ ਵਚਨ ਦੀ ਪੂਰਤੀ ਵਾਸਤੇ ਕੱਟਣਾ ਪੈਂਦਾ ਹੈ ਪਰੰਤੂ ਨਾਥ ਨੂੰ ਇਸ ਵਾਸਤੇ ਬਨਬਾਸ ਭੋਗਣਾ ਪੈਂਦਾ ਹੈ ਕਿਉਂਕਿ ਸੀਤਾ ਤੋਂ ਬਿਨਾ ਉਹ ਸਮਾਜਿਕ ਮਰਯਾਦਾ ਵਿਚ ਰਹਿਣ ਦਾ ਚਾਹਵਾਨ ਨਹੀਂ ਹੈ। ਨਾਵਲ ਦੇ ਅੰਤ ਵਿਚ ਸੀਤਾ ਲੱਭ ਵੀ ਜਾਂਦੀ ਹੈ ਪਰ ਕਿਉਂਕਿ ਉਸ ਨੇ ਸਮਾਜਿਕ ਮਰਯਾਦਾ ਗੁਆ ਲਈ ਹੈ, ਇਸ ਲਈ ਉਹ ਵਾਪਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੀ ਅਯੁੱਧਿਆ (ਸਹੁਰੇ ਪਿੰਡ) ਨਹੀਂ ਪਰਤ ਸਕਦੀ। ਉਚਨੂੰ ਗੰਗਾ ਨਦੀ ਵਿਚ ਕੁੱਦ ਕੇ ਆਤਮ ਹੱਤਿਆ ਕਰਨੀ ਪੈਂਦੀ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਦਲੀਪ ਕੌਰ ਟਿਵਾਣਾ ਨੇ ਰਾਮਾਇਣ ਦੀ ਚਿਹਨਕ-ਜੁਗਤ ਵਿਚ ਕੁਝ ਅਜਿਹੀਆਂ ਤਬਦੀਲੀਆਂ ਕਰਕੇ, ਜਿਹੜੀਆਂ ਅਜੋਕੇ ਸਮਾਜਿਕ-ਆਰਥਿਕ ਪ੍ਰਬੰਧ ਦੀ ਪ੍ਰਤੀਨਿਧਤਾ ਕਰਦੀਆਂ ਹਨ, ਇਸ ਨਾਵਲ ਦਾ ਸਮੁੱਚਾ ਭਾਵ ਜਗਤ ਹੀ ਬਦਲ ਦਿਤਾ ਹੈ।

ਦਲੀਪ ਕੌਰ ਟਿਵਾਣਾ ਦੁਆਰਾ ਸਿਰਜੀ ਗਈ ਇਹ ਕਹਾਣੀ ਕੇਵਲ ਸਤਹੀ-ਸੰਰਚਨਾ (surface-structure) ਉਪਰ ਹੀ ਵਿਅੰਗ ਦੀ ਸਿਰਜਣਾ ਨਹੀਂ ਕਰਦੀ ਬਲਕਿ ਇਹ ਗਹਿਣ-ਸੰਰਚਨਾ (deep-structure) ਵਿਚ ਅਰਥਾਂ ਦੀ ਪੱਧਰ ਤੇ ਵੀ ਇਕ ਮਹੱਤਵਪੂਰਨ ਵਿਅੰਗ ਦੀ ਸਿਰਜਣਾ ਕਰਦੀ ਹੈ। ਇਸ ਤਰ੍ਹਾਂ ਇਸ ਨਾਵਲ ਵਿਚ ਪੇਸ਼ ਹੋਇਆ ਵਿਅੰਗ, ਚਿਹਨ-ਜੁਗਤ ਅਤੇ ਭਾਵ-ਜੁਗਤ, ਦੋਹਾਂ ਧਰਾਤਲਾਂ ਤੇ ਪ੍ਰਭਾਵਿਤ ਕਰਦਾ ਹੈ। ਚਿਹਨ-ਜੁਗਤ ਦੀ ਪੱਧਰ ਤੇ ਚਿਹਨਕਾਂ ਨੂੰ ਆਪਣੇ ਰਵਾਇਤੀ ਸਥਾਨ ਤੋਂ ਰਤਾ ਇੱਧਰ-ਉੱਧਰ ਕਰਕੇ ਦਲੀਪ ਕੌਰ ਟਿਵਾਣਾ ਨੇ ਇਸਤ੍ਰੀ ਦੁਆਰਾ ਭੋਗੇ ਜਾਣ ਵਾਲੇ ਸੰਤਾਪ ਦਾ ਉਲੇਖ ਦੋਹਾਂ ਇਸਤ੍ਰੀਆਂ ਦੀ ਸਮਾਜਿਕ ਹੈਸੀਅਤ ਦੁਆਰਾ ਕੀਤਾ ਹੈ। ਉਸਨੇ ਬੜੀ ਪ੍ਰਵੀਣਤਾ ਨਾਲ ਇਹ ਸਪਸ਼ਟ ਕਰ ਦਿਤਾ ਹੈ ਕਿ ਜੇ ਨਾਥ ਵੀ ਨਾਈ (ਰਾਜਾ) ਹੋਣ ਦੀ ਥਾਂ ਸਚਮੁਚ ਦਾ ਰਾਜਾ ਹੁੰਦਾ ਤਾਂ ਕੋਈ ਕਾਰਣ ਨਹੀਂ ਸੀ ਕਿ ਬਲਦੇਵ ਸਿੰਘ ਵਰਗਾ ਰਾਮਣੀ-ਰੁਚੀਆਂ ਦਾ ਰਾਕਸ਼ ਉਸਦੀ ਸੀਤਾ ਨੂੰ ਹੱਥ ਪਾ ਸਕਦਾ। ਜੇ ਕਿਧਰੇ ਉਹ ਇਹੋ ਜਿਹੀ ਜੁੱਰਅਤ ਕਰ ਵੀ ਬੈਠਦਾ ਤਾਂ ਨਾਥ ਅਤੇ ਉਸਦੇ ਸਾਥੀਆਂ ਵਲੋਂ ਉਸਦੀ ਹੱਤਿਆ ਯਕੀਨੀ ਸੀ। ਪਿੰਡ ਦੀਆਂ ਹੋਰ ਨੂੰਹਾਂ-ਕੁੜੀਆਂ ਨੂੰ ਛੱਡ ਕੇ ਬਲਦੇਵ ਸਿੰਘ ਨੇ ਨਾਈਆਂ ਦੀ ਨੂੰਹ ਸੀਤਾ ਨੂੰ ਇਸੇ ਵਾਸਤੇ ਚੁਕਵਾ ਲਿਆ ਕਿਉਂਕਿ ਉਹ ਜਾਣਦਾ ਸੀ ਕਿ ਸੰਤੇ ਅਤੇ ਨਾਥ ਵਰਗੇ ਗਰੀਬ ਅਤੇ ਸਮਾਜਿਕ ਹੈਸੀਅਤ ਤੋਂ ਕੋਰੇ ਬੰਦੇ ਉਸਦਾ ਕੁਝ ਨਹੀਂ ਵਿਗਾੜ ਸਕਦੇ।

ਭਾਵ ਜੁਗਤ ਦੀ ਪੱਧਰ ਤੇ ਵੀ 'ਦੂਸਰੀ ਸੀਤਾ' ਇਕ ਬੜੇ ਸਾਰਥਿਕ ਵਿਅੰਗ ਦੀ ਸਿਰਜਣਾ ਕਰਦੀ ਹੈ। ਇਸ ਪੱਧਰ ਉਤੇ ਲੇਖਕਾ ਨੇ ਇਹ ਸਿੱਧ ਕੀਤਾ ਹੈ ਕਿ ਚਾਹੇ ਪੌਰਾਣਿਕ ਅਤੇ ਆਧੁਨਿਕ ਸੀਤਾ ਦੀ ਸਮਾਜਿਕ ਸਥਿਤੀ ਵਿਚ ਢੇਰ ਅੰਤਰ ਹੈ। ਇਕ ਮਹਾਰਾਣੀ ਅਤੇ ਦੇਸ਼ ਦੀ ਸਵਾਮਿਨੀ ਹੈ ਜਦੋਂ ਕਿ ਦੂਜੀ ਇਕ ਨਾਇਣ ਅਤੇ ਲਾਗੀ ਔਰਤ ਹੈ। ਪਰ ਤਾਂ ਵੀ ਭਾਰਤ ਵਰਗੇ-ਮਰਦ-ਪ੍ਰਧਾਨ ਦੇਸ ਵਿਚ ਦੋਹਾਂ ਨਾਰੀਆਂ ਦੀ ਹੋਣੀ ਵਿਚ ਕੋਈ ਬੁਨਿਆਦੀ ਅੰਤਰ ਨਹੀਂ ਹੈ। ਦੋਹਾਂ ਨਾਲ ਜੁੜੇ ਹੋਏ ਕੁਝ ਉਪਰਲੇ ਅਤੇ ਓਪਰੇ ਵੇਰਵਿਆਂ ਵਿਚ ਹੀ ਅੰਤਰ ਹੈ। ਇਹ ਠੀਕ ਹੈ ਕਿ ਰਾਵਣ, ਸੀਤਾ ਨੂੰ ਆਪਣੀ ਹਵਸ ਦਾ ਸ਼ਿਕਾਰ ਨਾ ਬਣਾ ਸਕਿਆ। ਇਹ ਵੀ ਠੀਕ ਹੈ ਕਿ ਸ੍ਰੀ ਰਾਮ ਨੇ ਰਾਵਣ ਦੀ ਹੱਤਿਆ ਕਰਕੇ ਸੀਤਾ ਨੂੰ ਵਾਪਸ ਆਪਣੇ ਨਾਲ ਅਯੁੱਧਿਆ ਲੈ ਆਂਦਾ। ਪਰ ਇਸਦੇ ਬਾਵਜੂਦ ਵੀ ਕੀ ਸੀਤਾ ਅਯੁੱਧਿਆ ਵਿਚ ਆਪਣੀ ਮਾਨ-ਮਰਯਾਦਾ ਸਥਾਪਿਤ ਰੱਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕੀ ? ਨਹੀਂ, ਸ੍ਰੀ ਰਾਮ ਨੂੰ ਵੀ ਸਮਾਜਿਕ ਦਬਾਉ ਦੇ ਹੇਠ ਝੁਕਣਾ ਪਿਆ। ਅਗਨੀ-ਪਰੀਖਿਆ ਦੇ ਕੇ ਵੀ ਸੀਤਾ, ਅਯੁੱਧਿਆ ਵਾਸੀਆਂ ਦੀ ਦ੍ਰਿਸ਼ਟੀ ਵਿਚ ਸਤੀ ਅਤੇ ਸੁੱਚੀ ਸਿੱਧ ਨਾ ਹੋ ਸਕੀ। ਰਾਮ ਨੂੰ ਉਸਦਾ ਪਰਿਤਿਆਗ ਕਰਨਾ ਹੀ ਪਿਆ। ਹਾਲਾਂਕਿ ਸ੍ਰੀ ਰਾਮ ਇਕ ਪ੍ਰਤਾਪੀ ਰਾਜਾ ਸੀ। ਉਸਦੇ ਦੁਖ-ਸੁਖ ਜਨਤਾ ਦੇ ਦੁਖ-ਸੁਖ ਸਨ ਅਤੇ ਕਿਸੇ ਵੀ ਆਮ ਜਾਂ ਖਾਸ ਨੂੰ ਸ੍ਰੀ ਰਾਮ ਦੀ ਮਰਯਾਦਾ ਦੇ ਵਿਰੁੱਧ ਬੋਲਣ ਦਾ ਸਾਹਸ ਹੀ ਪੈਦਾ ਨਹੀਂ ਸੀ ਹੋ ਸਕਦਾ। ਪਰ ਤਾਂ ਵੀ ਅਯੁੱਧਿਆ ਦੇ ਇਕ ਧੋਬੀ ਵਰਗੇ ਨਗੂਣੇ ਸ਼ਖ਼ਸ ਦੀ ਆਪਣੀ ਹੀ ਪਤਨੀ ਨੂੰ ਮਾਰੀ ਬੋਲੀ ਹੀ ਸੀਤਾ ਦੇ ਨਿਰਵਾਸਨ ਦਾ ਕਾਰਣ ਬਣੀ। ਇਕ ਵਾਰ ਰਾਵਣ ਦੀ ਕੈਦ ਵਿਚ ਰਹਿ ਆਉਣ ਤੋਂ ਬਾਅਦ ਉਹ ਵੀ ਆਪਣੇ ਪਤੀ ਅਤੇ ਸਮਾਜ ਦੀਆਂ ਨਜ਼ਰਾਂ ਵਿਚ ਸਦਾ ਲਈ ਪਤਿਤ ਹੋ ਗਈ ਸੀ।

ਇਹੀ ਕੁਝ 'ਦੂਸਰੀ ਸੀਤਾ' ਦੀ ਨਾਇਕਾ ਸੀਤਾ ਨਾਲ ਵਾਪਰਿਆ। ਬੇਸ਼ੱਕ ਉਸਨੂੰ ਗੈਰ-ਲੋਕਾਂ ਦੀ ਹਵਸ ਦੀ ਸ਼ਿਕਾਰ ਬਣਨਾ ਪਿਆ ਪਰ ਕਿਸੇ ਨੇ ਉਸਨੂੰ ਕੈਦ ਕਰਕੇ ਨਹੀਂ ਸੀ ਰੱਖਿਆ। ਆਜ਼ਾਦ ਹੋ ਕੇ ਉਹ ਆਪਣੇ ਘਰ ਵਾਪਸ ਜਾ ਸਕਦੀ ਸੀ ਪਰੰਤੂ ਉਹ ਸਮਾਜਿਕ ਦਬਾਉ ਤੋਂ ਭੈਭੀਤ ਹੋਣ ਕਾਰਣ ਹੀ ਵਾਪਸ ਆਪਣੇ ਘਰ ਨਾ ਗਈ। ਉਸਨੇ ਗੰਗਾ ਦੀ ਪਵਿੱਤਰ ਗੋਦ ਦਾ ਸਹਾਰਾ ਲਿਆ। ਇਥੇ ਹੀ ਉਸਦੀ ਆਪਣੀ ਸੱਸ ਰੱਖੀ ਨਾਲ ਮੁਲਾਕਾਤ ਵੀ ਹੋਈ। ਸੰਤੇ ਅਤੇ ਨਾਥ ਵਰਗੇ ਸਾਧਾਰਣ ਲਾਗੀਆਂ ਦੇ ਪਰਿਵਾਰ ਲਈ ਸਮਾਜਿਕ ਮਾਨ-ਮਰਯਾਦਾ ਦੇ ਵੀ ਉਤਨੇ ਵਡੇ ਅਰਥ ਨਹੀਂ ਹੁੰਦੇ। ਕਿਉਂਕਿ ਜਿਸਨੂੰ ਅਸੀਂ ਸਮਾਜਿਕ ਮਾਨ-ਮਰਯਾਦਾ ਕਹਿੰਦੇ ਹਾਂ, ਉਹ ਤਾਂ ਇਸ ਵਰਗ ਨੂੰ ਪਹਿਲਾਂ ਵੀ ਨਸੀਬ ਨਹੀਂ ਹੁੰਦੀ (ਲੋਕਗੀਤਾਂ ਵਿਚ ਅਜਿਹੇ ਗੀਤ ਆਮ ਮਿਲਦੇ ਹਨ ਜਿਥੇ ਨਾਈਆਂ ਦੀ ਸਮਾਜਿਕ ਸਥਿਤੀ ਦਾ ਉਪਹਾਸ ਉਡਾਇਆ ਗਿਆ ਹੈ ਜਿਵੇਂ : ਧੰਨ ਜੇਰਾ ਨਾਈਆਂ ਦਾ ਜਿਨ੍ਹਾਂ ਨਾਇਣ ਜੱਟਾਂ ਨਾਲ ਤੋਰੀ) ਪਰ ਤਾਂ ਵੀ ਰੱਖੀ, ਸੀਤਾ ਨੂੰ ਵਾਪਸ ਉਸਦੀ ਅਯੁੱਧਿਆ ਵਿਚ ਬਣਦਾ ਸਥਾਨ ਅਤੇ ਗੌਰਵ ਵਾਪਸ ਨਹੀਂ ਦਿਵਾ ਸਕਦੀ ਜੇ ਮਧਯੁਗੀਨ ਸੀਤਾ ਨੂੰ ਸਮਾਜਿਕ-ਸਭਿਆਚਾਰਕ ਕਦਰਾਂ ਕੀਮਤਾਂ ਹਥੋਂ ਅਪਮਾਨਿਤ ਹੋ ਕੇ ਧਰਤੀ ਵਿਚ ਸਮਾਉਣਾ ਪੈਂਦਾ ਹੈ ਤਾਂ ਆਧੁਨਿਕ ਸੀਤਾ ਨੂੰ ਇਨ੍ਹਾਂ ਕਦਰਾਂ-ਕੀਮਤਾਂ ਕਾਰਣ ਹੀ ਗੰਗਾ ਮਾਈ ਦੀ ਗੋਦ ਵਿਚ ਸਮਾਉਣਾ ਪਿਆ। ਦੋਹਾਂ ਦੇ ਸਮਾਜਿਕ-ਪਰਿਵਾਰਕ ਵੇਰਵਿਆਂ ਵਿਚ ਹੈਰਾਨੀਜਨਕ ਵਿਭਿੰਨਤਾ ਹੋਣ ਦੇ ਬਾਵਜੂਦ ਦੋਵੇਂ ਇਕੋ ਤਰ੍ਹਾਂ ਦੇ ਤ੍ਰਾਸਦਕ ਅੰਤ ਨੂੰ ਪਹੁੰਚੀਆਂ। ਅਜਿਹਾ ਅੰਤ ਡਾ. ਦਲੀਪ ਕੌਰ ਟਿਵਾਣਾ ਦੀ ਵਿਅੰਗ-ਵਿਧਾ ਦਾ ਸਭ ਤੋਂ ਸ਼ਕਤੀਸ਼ਾਲੀ ਅਤੇ ਮਹਤਵਪੂਰਣ ਪ੍ਰਮਾਣ ਹੈ।

(ੲ) ਕਰੁਣਾ-ਬੋਧ

ਦਲੀਪ ਕੌਰ ਟਿਵਾਣਾ ਦੀਆਂ ਹੋਰ ਰਚਨਾਵਾਂ ਵਾਂਗ 'ਦੂਸਰੀ-ਸੀਤਾ' ਵਿਚਲਾ ਕਰੁਣਾ-ਬੋਧ ਵੀ ਬੜਾ ਤਿੱਖਾ ਅਤੇ ਹਿਰਦੇਵੇਧਕ ਹੈ। ਇਸ ਪ੍ਰਸੰਗ ਵਿਚ ਉਹ ਭਾਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਤਿਕ ਵਿਰਸੇ ਨਾਲ ਪੂਰੇ ਤੌਰ ਤੇ ਜੁੜੀ ਹੋਈ ਹੈ। ਸਾਡੇ ਕਲਾਸਕੀ ਸਾਹਿੱਤ ਵਿਚ 'ਕਰੁਣ' ਸਾਹਿੱਤ ਦੇ ਹੋਰ ਰਸਾਂ ਦੀ ਤੁਲਣਾ ਵਿਚ ਵਧੇਰੇ ਪ੍ਰਵਾਨਿਤ ਅਤੇ ਪ੍ਰਿਯ ਰਿਹਾ ਹੈ। 'ਕਰੁਣਾ' ਦਾ ਸੰਬੰਧ ਵਿਜੋਗ ਨਾਲ ਹੈ। ਇਹ ਵਿਜੋਗ ਸਥਾਈ ਵੀ ਹੋ ਸਕਦਾ ਹੈ ਅਤੇ ਅਸਥਾਈ ਸੀ। ਇਸੇ ਤਰ੍ਹਾਂ ਕਰੁਣਾ ਦਾ ਉਤਪਾਦਕ ਅਤੇ ਉਤਪ੍ਰੇਰਕ ਤੱਤ ਲੌਕਿਕ ਵੀ ਹੋ ਸਕਦਾ ਹੈ ਅਤੇ ਅਲੌਕਿਕ ਸੀ। ਵੇਦਾਂ, ਉਪਨਿਸ਼ਦਾਂ ਅਤੇ ਪੁਰਾਣਾਂ ਵਿਚ ਕਰੁਣਾ ਦੇ ਇਹ ਸਾਰੇ ਤੱਤ ਅਤੇ ਲੱਛਣ ਆਪਣੀਆਂ ਸਗਲ ਸੰਭਾਵਨਾਵਾਂ ਸਹਿਤ ਰੂਪਮਾਨ ਹੋਏ ਦੇਖੇ ਜਾ ਸਕਦੇ ਹਨ।

ਗੁਰਮਤਿ ਕਾਵਿ ਧਾਰਾ, ਸੂਫ਼ੀ ਅਤੇ ਕਿੱਸਾ ਕਾਵਿ ਪਰੰਪਰਾ ਵਿਚ ਮਾਨਵੀ ਸਥਿਤੀ ਦੇ ਕਰੁਣ-ਪ੍ਰਸੰਗਾਂ ਦੀ ਪ੍ਰੋਸ਼ਕਾਰੀ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਗਈ ਹੈ। ਸੂਫ਼ੀ ਅਤੇ ਕਿੱਸਾ ਕਾਵਿ ਪਰੰਪਰਾ ਨੇ ਭਾਰਤੀ 'ਕਰੁਣ' ਪ੍ਰਸੰਗਾਂ ਨੂੰ ਦੁਖਾਂਤ ਨਾਲ ਜੋੜਕੇ ਇਸਦੇ ਪ੍ਰਭਾਵ ਨੂੰ ਵਧੇਰੇ ਸੰਘਣਾ ਅਤੇ ਸਥਾਈ ਬਣਾ ਦਿਤਾ। ਸੂਫ਼ੀ ਫ਼ਕੀਰਾਂ ਅਤੇ ਕਿੱਸਾ ਕਵੀਆਂ ਨੇ ਪੱਛਮੀ ਦੁਖਾਂਤ ਦੇ ਸੰਕਲਪ ਦਾ ਬੀਜਾਰੋਪਣ ਭਾਰਤੀ ਸਾਹਿੱਤ ਵਿਚ ਵੀ ਕਰ ਦਿੱਤਾ ਅਤੇ ਇਉਂ ਭਾਰਤ ਵਿਚ ਵੀ ਦੁਖਾਂਤ ਸਾਹਿਤ ਦੀ ਸਿਰਜਣਾ ਹੋਣ ਲੱਗੀ। ਇਨ੍ਹਾਂ ਤੋਂ ਪਹਿਲਾਂ ਭਾਰਤੀ ਸਾਹਿੱਤ ਵਿਚ ਦੁਖਾਂਤ ਦਾ ਅਭਾਵ ਹੀ ਸੀ। ਕਿਸੇ ਦੀ ਰਚਨਾ ਵਿਚ ਕਰੁਣ-ਪ੍ਰਸੰਗ ਤਾਂ ਕਾਫ਼ੀ ਵੱਡੀ ਮਾਤਰਾ ਵਿਚ ਮਿਲ ਜਾਂਦੇ ਸਨ ਪਰ ਕੋਈ ਰਚਨਾ ਦੁਖਾਂਤ ਦੇ ਰੂਪ ਵਿਚ ਸਥਾਪਿਤ ਨਹੀਂ ਸੀ ਹੁੰਦੀ। ਰਾਮਾਇਣ ਅਤੇ ਮਹਾਂ ਭਾਰਤ ਵਰਗੇ ਮਹਾਂਕਾਵਾਂ ਵਿਚ ਕਰੁਣਾ-ਬੋਧ ਤਾਂ ਥਾਂ-ਪੁਰ-ਥਾਂ ਅਨੁਭਵ ਕੀਤਾ ਜਾ ਸਕਦਾ ਹੈ ਪਰੰਤੂ ਇਨ੍ਹਾਂ ਰਚਨਾਵਾਂ ਵਿਚੋਂ ਦੁਖਾਂਤ-ਬੋਧ ਪ੍ਰਾਪਤ ਨਹੀਂ ਹੁੰਦਾ।

'ਦੂਸਰੀ ਸੀਤਾ' ਇਕ ਕਰੁਣਾਮਈ ਕਿਰਤ ਹੋਣ ਦੇ ਨਾਲ-ਨਾਲ ਇਕ ਦੁਖਾਂਤਿਕ ਰਚਨਾ ਵੀ ਹੈ। ਇਸ ਨਾਵਲ ਦੀ ਕਹਾਣੀ ਵਿਚ ਲੇਖਕਾ ਨੇ ਭਾਰਤੀ ਨਾਰੀ ਦੀ ਕਰੁਣ-ਸਥਿਤੀ ਨੂੰ ਇਸਦੇ ਇਤਿਹਾਸਕ ਪ੍ਰਸੰਗ ਵਿਚ ਰੱਖਕੇ ਵੇਖਣ ਦਾ ਇਕ ਸਫ਼ਲ ਪ੍ਰਯਤਨ ਕੀਤਾ ਹੈ। ਇਸ ਕਿਰਤ ਦੇ ਹਰ ਅਧਿਆਇ ਵਿਚ ਕਰੁਣਾ-ਬੋਧ ਡੂੰਘੇ ਤੋਂ ਡੂੰਘੇਰਾ ਹੁੰਦਾ ਚਲਾ ਗਿਆ ਹੈ। ਪਹਿਲੇ ਅਧਿਆਇ ਦਾ ਆਰੰਭ ਕੱਖਾਂ ਦੀ ਪੰਡ ਲਈ ਆ ਰਹੀ ਇਕ ਨਾਰੀ 'ਸੋਧਾਂ' ਦੇ ਜ਼ਿਕਰ ਨਾਲ ਹੁੰਦਾ ਹੈ। ਇਸ ਮਿਹਨਤਕਸ਼ ਨਾਰੀ ਦੀ ਕਰੁਣ-ਸਥਿਤੀ ਵੇਖਕੇ ਬਾਬਾ ਸੰਤਾ, ਲੇਖੂ ਬਾਣੀਏ ਨੂੰ ਕਹਿੰਦਾ ਹੈ, "ਏਸ ਲੜਕੀ ਨੇ ਵੀ ਕੋਈ ਪਿਛਲੇ ਜਨਮ ਦਾ ਕਰਜ਼ਾ ਦੇਣੈ ਏਸ ਘਰ ਦਾ ਲੇਖੂ।" ਅਜੇ ਉਹ ਆਪਸ ਵਿਚ ਪਰਮਾਰਥ ਦੀਆਂ ਗੱਲਾਂ ਕਰ ਹੀ ਰਹੇ ਹੁੰਦੇ ਹਨ ਕਿ ਰੱਖੀ, ਸੰਤੀ ਨੂੰ ਬੁਲਾਉਣ ਵਾਸਤੇ ਆ ਜਾਂਦੀ ਹੈ। ਰੱਖੀ ਨੂੰ ਫ਼ਿਕਰ ਹੋ ਜਾਂਦਾ ਹੈ ਕਿ ਕਾਫ਼ੀ ਦੇਰ ਦੀ ਬਾਹਰ ਗਈ ਸੀਤਾ ਅਜੇ ਤਕ ਵੀ ਘਰ ਵਾਪਸ ਕਿਉਂ ਨਹੀਂ ਪਰਤੀ। ਸੰਤੇ ਵਰਗੇ ਸਾਊ ਅਤੇ ਰੱਬ ਤੋਂ ਡਰਨ ਵਾਲੇ ਵਿਅਕਤੀ ਲਈ ਉਸਦੀ ਨੂੰਹ ਦੇ ਉਧਲ ਹੋ ਜਾਣ ਤੋਂ ਵੱਧ ਹੋਰ ਕਿਹੜੀ ਨਮੋਸ਼ੀ ਅਤੇ ਕਰੁਣਾ ਦੀ ਸਥਿਤੀ ਹੋ ਸਕਦੀ ਸੀ। ਇਥੋਂ ਹੀ ਸੀਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਤਲਾਸ਼ ਸ਼ੁਰੂ ਹੋ ਜਾਂਦੀ ਹੈ ਪਰ ਸੀਤਾ ਜੇ ਕਿਧਰੇ ਆਪ ਗਈ ਹੋਵੇ ਤਾਂ ਹੀ ਲੱਭੇ। ਉਸਨੂੰ ਤਾਂ ਪਿੰਡ ਦਾ ਹੀ ਵੈਲੀ ਜਾਗੀਰਦਾਰ ਚੁਕਵਾ ਕੇ ਆਪਣੇ ਖੂਹ ਤੇ ਲੈ ਗਿਆ ਹੈ। ਪਿੰਡ ਦੇ ਸ਼ਰੀਫ਼ ਲੋਕ ਹੱਥ ਵਿਚ ਲੈਲਟੈਣਾਂ ਪਕੜ ਕੇ ਸੀਤਾ ਨੂੰ ਰਾਹਾਂ ਅਤੇ ਖੇਤਾਂ ਵਿਚ ਲੱਭਦੇ ਫਿਰਦੇ ਹਨ ਜਦੋਂ ਕਿ ਸੀਤਾ ਦੀ ਇੱਜ਼ਤ ਪਿੰਡ ਵਿਚ ਹੀ ਇਕ ਜਾਗੀਰਦਾਰ ਹੱਥੋਂ ਜ਼ਬਰਦਸਤੀ ਲੁੱਟੀ ਜਾ ਰਹੀ ਹੈ। ਇਸ ਜਾਗੀਰਦਾਰਾਂ ਦਾ ਮੁਖਤਿਆਰ ,ਭਾਨ ਸਿੰਘ ਖੂਹ ਦੇ ਨਾਲ ਦੀ ਮੱਕੀ ਵਿਚ ਖੜਾ ਫ਼ਾਇਰ ਕਰੀ ਜਾ ਰਿਹਾ ਹੈ ਅਤੇ ਅਸਮਾਨ ਤੋਂ ਕਰੁੱਤਾ ਹੀ ਮੋਹਲੇਧਾਰ ਮੀਂਹ ਪੈ ਰਿਹਾ ਹੈ।

ਅਗਲੇ ਅਧਿਆਇ ਵਿਚ ਸੰਤਾ ਅਤੇ ਉਸਦਾ ਪੁੱਤਰ ਨਾਥ ਡੇਲੂੰ ਦੇ ਥਾਣੇ ਵਿਚ ਰੀਪੋਰਟ ਦਰਜ ਕਰਵਾਉਣ ਦਾ ਫੈਸਲਾ ਕਰ ਲੈਂਦੇ ਹਨ। ਉਨ੍ਹਾਂ ਦੇ ਨਾਲ ਪਿੰਡ ਦਾ ਕੋਈ ਚੌਧਰੀ ਨਹੀਂ ਤੁਰਦਾ। ਕੇਵਲ ਬਚਨਾ ਅਤੇ ਬਦਰਾ ਚੌਕੀਦਾਰ ਉਨ੍ਹਾਂ ਦੇ ਨਾਲ ਜਾਂਦੇ ਹਨ। ਰਾਹ ਵਿਚ ਉਨ੍ਹਾਂ ਨੂੰ ਜ਼ੈਲਦਾਰ ਦਾ ਮੁਖਤਿਆਰ ਭਾਨਾ ਮਿਲਦਾ ਹੈ ਜੋ ਉਨ੍ਹਾਂ ਦੇ ਜ਼ਖਮਾਂ ਤੇ ਨਮਕ ਛਿੜਕਦਾ ਹੈ। ਉਹ ਥਾਣੇਦਾਰ ਨੂੰ ਪਹਿਲਾਂ ਹੀ ਮਿਲਮਿਲਾ ਆਇਆ ਹੈ। ਜਿਸ ਕਾਰਣ ਪਹਿਲਾਂ ਤਾਂ ਥਾਣੇਦਾਰ ਸੰਤੇ ਹੋਰਾਂ ਨੂੰ ਮਿਲਣ ਵਾਸਤੇ ਵੀ ਰਾਜ਼ੀ ਨਹੀਂ ਹੁੰਦਾ। ਜਦੋਂ ਉਹ ਮਿੰਨਤ-ਤਰਲੇ ਕਰਕੇ ਉਸਦੇ ਪੇਸ਼ ਹੁੰਦੇ ਹਨ ਤਾਂ ਉਹ ਉਲਟਾ ਸੀਤਾ ਦੇ ਚਰਿਤਰ ਉਪਰ ਹੀ ਸ਼ੱਕ ਕਰਦਾ ਹੈ। ਚਾਰੇ ਜਣੇ ਸ਼ਰਮਿੰਦੇ ਹੋ ਕੇ ਵਾਪਸ ਆਪਣੇ ਪਿੰਡ ਮੁੜ ਆਉਂਦੇ ਹਨ। ਸੰਤਾ ਸੋਚਦਾ ਹੈ ਕਿ ਜੇ ਕਿਧਰੇ ਉਸਨੂੰ ਤਿੰਨ-ਚਾਰ ਸੌ ਰੁਪਏ ਮਿਲ ਜਾਣ ਤਾਂ ਹੋ ਸਕਦਾ ਹੈ, ਥਾਣੇਦਾਰ ਉਨ੍ਹਾਂ ਦੀ ਗੱਲ ਸੁਣ ਹੀ ਲਵੇ। ਉਹ ਆਪਣੀ ਹੱਟੀ, ਘਰ ਦਾ ਸਾਮਾਨ ਅਤੇ ਗਾਂ ਤਕ ਵੇਚਣ ਦਾ ਫ਼ੈਸਲਾ ਕਰ ਲੈਂਦਾ ਹੈ। ਪਰ ਉਹ ਜਾਣਦਾ ਸੀ ਕਿ ਇਹ ਸਾਰਾ ਕੁਝ ਵੇਚ ਕੇ ਵੀ ਤਿੰਨ-ਚਾਰ ਸੌ ਰੁਪਏ ਹੱਥ ਨਹੀਂ ਲੱਗਣੇ। ਆਧੁਨਿਕ ਸਰਮਾਏਦਾਰੀ ਅਰਥਚਾਰੇ ਵਿਚ ਇਕ ਆਮ ਆਦਮੀ ਦੀ ਮਜ਼ਬੂਰੀ ਨੂੰ ਲੇਖਕਾ ਨੇ ਡਾਢੇ ਕਰੁਣ-ਪਰਿਪੇਖ ਵਿਚ ਰੱਖਕੇ ਪੇਸ਼ ਕੀਤਾ ਹੈ।

ਤੀਜੇ ਅਧਿਆਇ ਵਿਚ ਸੰਤਾ ਆਪਣੇ ਪਿੰਡ ਦੀ ਪੰਚਾਇਤ ਇਕੱਠੀ ਕਰਕੇ ਆਪਣੀ ਨੂੰਹ ਨੂੰ ਲੱਭਣ ਦਾ ਵਾਸਤਾ ਪਾਉਂਦਾ ਹੈ। ਸਥਿਤੀ ਦੀ ਵਿਡੰਬਨਾ ਇਹ ਵੇ ਕਿ ਇਸ ਪੰਚਾਇਤ ਦਾ ਸਰਪੰਚ ਉਹੀ ਬਲਦੇਵ ਸਿੰਘ ਹੈ ਜਿਸਨੇ ਉਸਦੀ ਨੂੰਹ ਨੂੰ ਚੁਕਵਾਇਆ ਹੈ। ਉਹ ਸਗੋਂ ਉਹ ਭਰੀ ਪੰਚਾਇਤ ਵਿਚ ਸੰਤੇ ਨੂੰ ਹੀ ਬੁਰਾ ਭਲਾ ਬੋਲਦਾ ਹੈ। ਸੰਤਾ ਬੁਰੀ ਤਰ੍ਹਾਂ ਨਿਮੋਝੂਣਾ ਹੋ ਜਾਂਦਾ ਹੈ। ਪਤਾ ਲੱਗਣ ਤੇ ਸੀਤਾ ਦਾ ਕਾਲਜ ਪੜ੍ਹਦਾ ਭਰਾ ਮੇਘ ਅਤੇ ਉਸਦਾ ਪਿਤਾ ਵੀ ਆਉਂਦੇ ਹਨ। ਮੇਘ ਦੀ ਵਿਆ-ਕੁਲਤਾ ਵੇਖਿਆਂ ਹੀ ਬਣਦੀ ਹੈ ਪਰ ਪਿਤਾ ਉਸੇ ਨੂੰ ਝਿੜਕਣ ਲੱਗ ਪੈਂਦਾ ਹੈ। ਪਿਤਾ ਨੇ ਜ਼ਮਾਨਾ ਦੇਖਿਆ ਹੈ। ਉਹ ਜਾਣਦਾ ਹੈ ਕਿ ਮੇਘ ਵਰਗੇ ਆਰਥਿਕ ਤੇ ਸਮਾਜਿਕ ਤੌਰ ਤੇ ਟੁੱਟੇ ਹੋਏ ਲੋਕਾਂ ਦੀ ਭਲਾਈ ਇਸੇ ਵਿਚ ਹੈ ਕਿ ਉਹ ਅਜਰ ਨੂੰ ਜਰਨ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਸ਼ਿਸ਼ ਕਰਨ। ਉਸਨੂੰ ਪਤਾ ਹੈ ਕਿ ਇਕ ਵਿਅਕਤੀ ਨਾਲ ਤਾਂ ਲੜਿਆ ਜਾ ਸਕਦਾ ਹੈ ਪਰ ਪੂਰੇ ਮੁਆਸ਼ਰੇ ਨਾਲ ਜੰਗ ਲੜਨੀ ਅਸੰਭਵ ਹੈ।

ਚੌਥਾ ਅਧਿਆਇ ਸੀਤਾ ਦੇ ਕਰੁਣ-ਪ੍ਰਸੰਗ ਨਾਲ ਸ਼ੁਰੂ ਹੁੰਦਾ ਹੈ। ਸੀਤਾ ਆਪਣੇ ਖਿੰਡਦੇ ਹੱਡਾਂ ਅਤੇ ਪਾਟਦੇ ਸਿਰ ਨਾਲ ਅੱਖਾਂ ਉਘੜਦੀ ਹੋਈ ਆਪਣੇ ਆਲੇ-ਦੁਆਲੇ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰ ਰਹੀ ਹੈ। ਦਰਵਾਜ਼ਾ ਖੜਕਦਾ ਹੈ ਉਹ ਆਪਣੇ ਸਿਰ੍ਹਾਣੇ ਪਈ ਖਾਲੀ ਬੋਤਲ ਦੋਹਾਂ ਹੱਥਾਂ ਵਿਚ ਘੁੱਟ ਕੇ ਫੜ ਲੈਂਦੀ ਹੈ ਅਤੇ ਫ਼ੈਸਲਾ ਕਰ ਲੈਂਦੀ ਹੈ "ਜਿਹੜਾ ਵੀ ਹੋਇਆ ਸਿਰ ਪਾੜ ਦੇਣੈ, ਰਾਤ ਦਾ ਢਾ ਢਾ ਕੇ ਮੂੰਹ 'ਚ ਸ਼ਰਾਬ ਪਾਈ ਰੁੜ੍ਹ ਜਾਣਿਆਂ ਦੈਂਤਾਂ ਨੇ।" ਦਿਆਲੋ ਦੀ ਮਿਹਰਬਾਨੀ ਨਾਲ ਸੀਤਾ ਨੂੰ ਉਸ ਨਰਕ ਵਿਚੋਂ ਆਜ਼ਾਦੀ ਮਿਲਦੀ ਹੈ। ਇਸ ਪੜਾਉ ਤੇ ਲੱਗਦਾ ਹੈ ਜਿਵੇਂ ਸੀਤਾ ਦੀ ਯਾਤਨਾ ਸਮਾਪਤ ਹੋ ਗਈ ਹੋਵੇ। ਪਰ ਨਹੀਂ, ਸਰੀਰਕ ਯਾਤਨਾ ਭਾਵੇਂ ਖਤਮ ਹੋ ਜਾਂਦੀ ਹੈ ਪਰ ਮਾਨਸਿਕ ਯਾਤਨਾ ਤਾਂ ਅਜੇ ਸ਼ੁਰੂ ਹੋਣੀ ਹੈ। ਭ੍ਰਿਸ਼ਟ ਹੋ ਕੇ ਸੀਤਾ ਵਾਪਸ ਆਪਣੇ ਘਰ ਨਹੀਂ ਜਾ ਸਕਦੀ ਅਤੇ ਹਰਦੁਆਰ ਪਹੁੰਚ ਜਾਂਦੀ ਹੈ।

ਦੂਜੇ ਪਾਸੇ ਸੰਤੇ ਦਾ ਪਰਿਵਾਰ ਦਿਨੋ-ਦਿਨ ਰਸਾਤਲ ਵਿਚ ਡਿੱਗਦਾ-ਡੁੱਬਦਾ ਚਲਾ ਜਾਂਦਾ ਹੈ। ਮਾਂ-ਮਛੋਹਰ ਦਿਆਲੇ ਨੂੰ ਪਿੰਡ ਦੇ ਮੁੰਡੇ ਸਾਰਾ ਦਿਨ ਛੇੜਦੇ ਰਹਿੰਦੇ ਹਨ ਕਿ ਉਸਦੀ ਮਾਂ ਕਿਸੇ ਨਾਲ ਭੱਜ ਗਈ ਹੈ। ਜੇ ਉਹ ਕਿਸੇ ਮੁੰਡੇ ਨੂੰ ਕੁਝ ਕਹਿਣ ਦੀ ਕੋਸਿਸ਼ ਕਰਦਾ ਹੈ ਤਾਂ ਸਾਰੇ ਮਿਲਕੇ ਉਸਦੀ ਚਮੜੀ ਉਧੇੜ ਦਿੰਦੇ ਹਨ। ਸੰਤਾ ਆਪਣੀ ਸੁਰਤ ਗੁਆ ਬੈਠਦਾ ਹੈ। ਉਸਦੀ ਸ਼ਨਾਖਤ ਦੇ ਸਾਰੇ ਸੰਦਰਭ ਗੁਆਚ ਜਾਂਦੇ ਹਨ ਅਤੇ ਉਹ ਪੂਰੀ ਤਰ੍ਹਾਂ ਅਜਨਬੀ ਅਤੇ ਤਨਹਾ ਹੋ ਰਹਿੰਦਾ ਹੈ। ਇਸ ਅਧਿਆਇ (ਪੰਜਵੇਂ) ਵਿਚ ਇਕ ਮਾਸੂਮ ਬਾਲਕ ਅਤੇ ਇਕ ਸਿਆਣੇ ਬਜ਼ੁਰਗ ਦੀ ਯਾਤਨਾ ਦਾ ਵਰਣਨ ਕਰਕੇ ਲੇਖਕਾ ਨੇ ਪਾਠਕਾ ਦੀ ਕਰੁਣਾ-ਸੰਵੇਦਨਾ ਨੂੰ ਬਹੁਤ ਡੂੰਘਿਉਂ ਝੰਜੋੜ ਦਿਤਾ ਹੈ।

ਛੇਵੇਂ ਅਧਿਆਇ ਵਿਚ ਨਾਥ ਅਤੇ ਬਚਨੇ ਦੀਆਂ ਤ੍ਰਾਸਦਕ ਸਥਿਤੀਆਂ ਦਾ ਵਿਵਰਣ ਹੈ। ਨਾਥ, ਘਰ-ਬਾਰ ਛੱਡ ਕੇ ਗਿਆਨ ਦਾਸ ਦੇ ਡੇਰੇ ਵਿਚ ਜਾ ਪਲਾਇਣ ਲੱਭਦਾ ਹੈ। ਭਰੀਆਂ ਅੱਖਾਂ ਲੈ ਕੇ ਉਸਦੀ ਮਾਂ ਰੱਖੀ ਉਸਨੂੰ ਘਰ ਮੁੜਨ ਲਈ ਰੋਜ਼ ਕਹਿਣ ਆਉਂਦੀ ਹੈ ਪਰ ਉਸਦੇ ਦਿਲ ਵਿਚ ਹੁਣ ਇਸ ਦੁਨੀਆਂ ਲਈ ਅਨੁਰਾਗ ਦਾ ਕੋਈ ਭਾਵ ਨਹੀਂ ਰਿਹਾ। ਉਹ ਬੈਰਾਗੀ ਹੋ ਗਿਆ ਹੈ ਅਤੇ ਦੁਨੀਆਂ ਨੂੰ ਉਸਨੇ ਪੂਰੀ ਤਰ੍ਹਾਂ ਤਜ ਦਿਤਾ ਹੈ। ਬਚਨਾ ਉਸਨੂੰ ਸਮਝਾਉਣ ਲਈ ਤੇ ਬੇਰਹਿਮ ਦੁਨੀਆਂ ਦਾ ਮੁਕਾਬਲਾ ਕਰਨ ਲਈ ਅਤੇ ਉਸ ਵਿਚ ਦਲੇਰੀ ਦੇ ਭਾਵ ਜਾਗ੍ਰਿਤ ਕਰਨ ਲਈ ਇਕ ਦਿਨ ਕਿਧਰੋਂ ਸ਼ਰਾਬ ਦੀ ਬੋਤਲ ਲੈ ਆਉਂਦਾ ਹੈ। ਸ਼ਰਾਬ ਪੀਣ ਪਿਛੋਂ ਵੀ ਨਾਥ ਵਕਤੀ-ਦਲੇਰੀ ਨਹੀਂ ਫੜਦਾ। ਸਗੋਂ ਉਹ ਕਹਿੰਦਾ ਹੈ, "ਬਚਨਿਆਂ ਮੈਂ ਬਥੇਰਾ ਸਮਝਾਉਣਾ ਮਨ ਨੂੰ ਬਈ ਏਨਾ ਈ ਸੰਸਕਾਰ ਸੀ ਓਸਦਾ ਮੇਰਾ, ਪਰ ਜਾਣੀ ਅੱਖਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੂਹਰੇ ਆ ਖੜਦੀਐ ਓਦਰੀ ਜੀ–ਪਰ ਕੀ ਹੁਣ ਦਿਸੂਗੀਓਂ ਨੀ ਕਦੇ ਮੁੜਕੇ ? ਖਬਰਨੀ ਕਿਧਰ ਨੂੰ ਛਾਈਂ ਮਾਈਂ ਹੋਗੀ। ਆਖਦੀ ਹੁੰਦੀ ਸੀ ਕੋਟਲੇ ਚੱਲਾਂਗੇ ਫੋਟੂ ਲੁਹਾਉਣ। ਸਹੁਰਾ ਜਾਣਦੀ ਨਾ ਹੋਇਆ। ਹੁਣ ਮੂੰਹ ਦੇਖਣ ਨੂੰ ਵੀ ਚਿੱਤ ਤਰਸ ਗਿਐ। ਰੋਜ਼ ਯਾਦ ਕਰਕੇ ਸੌਨਾਂ ਕਦੇ ਸੁਪਨੇ 'ਚ ਈ ਦਿੱਸ ਜੇ। ਸਾਰੀ ਰਾਤ ਸੁਰਤੀ ਭਟਕਦੀ ਰਹਿੰਦੀ ਤੇ ਤੜਕੇ ਨੂੰ ਸਾਰਾ ਸਰੀਰ ਝੂਠਾ ਹੋਇਆ ਪਿਆ ਹੁੰਦੈ ਜਿਮੇਂ ਵੀਹ ਤੀਹ ਕੋਹ ਤੁਰ ਕੇ ਆਇਆ ਹੋਨਾਂ। ਕੀ ਕਰਾਂ ਬਚਨਿਆਂ ਚਿਤ ਕਿਮੇਂ ਖੜਦਾ ਈ ਨੀ ਸਹੁਰਾ।" (ਪੰਨਾ 61) ਇਸੇ ਅਧਿਆਇ ਵਿਚ ਬਚਨਾ ਵੀ ਜ਼ੈਲਦਾਰ ਦੀ ਗੋਲੀ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਨਾਥ ਲਈ ਜੋ ਥੋੜ੍ਹੀ ਬਹੁਤੀ ਆਸ਼ਾ ਬਾਕੀ ਸੀ, ਉਹ ਵੀ ਖ਼ਤਮ ਹੋ ਜਾਂਦੀ ਹੈ।

100063

ਸੱਤਵਾਂ ਅਤੇ ਅੱਠਵਾਂ ਅਧਿਆਇ ਸੀਤਾ ਦੀ ਤ੍ਰਾਸਦਿਕ ਹੋਣੀ ਨਾਲ ਸੰਬੰਧਿਤ ਹਨ। ਇਹ ਲੋਕ ਗੁਆ ਕੇ ਅਤੇ ਪਰਲੋਕ ਸੁਧਾਰਣ ਦੀ ਇੱਛਾ ਅਧੀਨ ਸੀਤਾ ਹਰਦੁਆਰ ਪਹੁੰਚ ਜਾਂਦੀ ਹੈ। ਉਹ ਹਰਿ ਕੀ ਪੌੜੀ ਵੱਲ ਹਰ ਰੋਜ਼ ਚੱਕਰ ਮਾਰਦੀ ਹੈ ਕਿ ਹੋ ਸਕਦਾ ਹੈ ਕੋਈ ਉਸਦੇ ਪਿੰਡੋਂ ਵੀ ਆਇਆ ਹੋਵੇ। ਇਸੇ ਰਸਤੇ ਤੇ ਉਸਨੂੰ ਆਪਣੀ ਸੱਸ ਰੱਖੀ ਅਤੇ ਆਪਣਾ ਇਕੋ-ਇਕ ਪੁਤ ਦਿਆਲ ਮਿਲਦੇ ਹਨ। ਦਿਆਲ ਸੀਤਾ ਨੂੰ ਸਿਆਣਦਾ ਵੀ ਨਹੀਂ। ਜਦ ਰੱਖੀ ਉਸਨੂੰ ਦੱਸਦੀ ਹੈ ਕਿ ਇਹ ਔਰਤ ਤੇਰੀ ਮਾਂ ਹੈ ਤਾਂ ਉਹ ਰੱਖੀ ਨੂੰ ਪੁੱਛਦਾ ਹੈ, "ਜਿਹੜੀ ਭੱਜਗੀ ਸੀ ?" ਇਉਂ ਸੀਤਾ ਪੂਰੀ ਤਰ੍ਹਾਂ ਅਜਨਬੀ ਅਤੇ ਬੇਗਾਨੀ ਹੋ ਕੇ ਰਹਿ ਜਾਂਦੀ ਹੈ। ਰੱਖੀ ਵੀ ਉਸਨੂੰ ਵਾਪਸ ਪਿੰਡ ਲੈ ਜਾਣ ਲਈ ਤਿਆਰ ਨਹੀਂ। ਉਸਦਾ ਪਤੀ ਨਾਥ ਪੂਰੀ ਤਰ੍ਹਾਂ ਵੈਰਾਗੀ ਹੋ ਚੁਕਾ ਹੈ। ਪਿਤਾ ਵਰਗੇ ਸਹੁਰੇ ਦੀ ਸੀਤਾ ਦੇ ਸੰਤਾਪ ਵਿਚ ਹੀ ਮ੍ਰਿਤੂ ਹੋ ਚੁਕੀ ਹੈ। ਇਸ ਤਰ੍ਹਾਂ ਸਹੁਰੇ ਪਿੰਡ ਵਿਚ ਸੀਤਾ ਨੂੰ ਕੋਈ ਢੋਈ ਮਿਲਣ ਦੀ ਆਸ਼ਾ ਨਹੀਂ ਰਹੀ। ਉਹ ਪੇਕੇ ਪਿੰਡ ਬਾਰੇ ਸੋਚਦੀ ਹੈ ਤਾਂ ਉਸਦਾ ਇਕੋ ਇਕ ਭਰਾ ਬਲਦੇਵ ਸਿੰਘ ਵਰਗੇ ਜਾਗੀਰਦਾਰਾਂ ਤੋਂ ਬਦਲਾ ਲੈਣ ਲਈ ਨਕਸਲਵਾਦੀਆਂ ਨਾਲ ਜਾ ਰਲਿਆ ਹੁੰਦਾ ਹੈ। ਹੁਣ ਸੀਤਾ ਜਾਏ ਤਾਂ ਕਿਥੇ ਜਾਏ ? ਇਸ ਭਰੀ ਦੁਨੀਆਂ ਵਿਰ ਕਿਤਨੇ ਸਾਰੇ ਰਿਸ਼ਤਿਆਂ ਦੇ ਬਾਵਜੂਦ ਉਸਦਾ ਕੋਈ ਨਹੀਂ ਰਿਹਾ। ਇਸੇ ਵਿਅਰਥਤਾ ਦੇ ਇਹਸਾਸ ਵਿਚੋਂ ਉਸਦੇ ਮਨ ਵਿਚ ਆਤਮ ਹੱਤਿਆ ਦਾ ਸੰਕਲਪ ਪੈਦਾ ਹੁੰਦਾ ਹੈ ਅਤੇ ਉਹ ਗੰਗਾ ਨਦੀ ਵਿਚ ਛਾਲ ਮਾਰ ਕੇ ਮਰ ਜਾਂਦੀ ਹੈ।

'ਦੂਸਰੀ ਸੀਤਾ' ਦੇ ਕਥਾ-ਵਸਤੂ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਨ ਉਪਰੰਤ ਇਹ ਤੱਥ ਬੜੀ ਭਲੀ ਭਾਂਤ ਉਜਾਗਰ ਹੋ ਜਾਂਦਾ ਹੈ ਕਿ ਇਸ ਰਚਣਾ ਵਿਚ ਕਰੁਣਾ-ਬੋਧ ਬੜਾ ਡੂੰਘਾ ਅਤੇ ਹਿਰਦੇ ਵੇਧਕ ਹੈ। ਨਿਰੀ ਪੁਰੀ ਸੀਤਾ ਹੀ ਜ਼ਿੰਦਗੀ ਵਿਚ ਆਪਣੇ ਸੰਦਰਭ ਅਤੇ ਦਿਸ਼ਾਵਾਂ ਨਹੀਂ ਗੁਆ ਬੈਠਦੀ ਬਲਕਿ ਸੀਤਾ ਦੇ ਜੀਵਨ ਨਾਲ ਜੁੜੇ ਹੋਰ ਸਾਰੇ ਕਿਰਦਾਰ ਵੀ ਆਪਣੇ-ਆਪਣੇ ਲਕਸ਼ ਅਤੇ ਸੰਦਰਭ ਗੁਆ ਬੈਠਦੇ ਹਨ। ਇਸ ਨਾਵਲ ਵਿਚ ਮਾਨਵੀ ਹੋਣੀ ਦੇ ਕਰੁਣ-ਪ੍ਰਸੰਗ ਇਤਨੇ ਗੁੜ੍ਹੇ ਅਤੇ ਡਰਾਉਣੇ ਹਨ ਕਿ ਸਮਕਾਲੀ ਜੀਵਨ ਦੇ ਅੰਤਰ ਵਿਰੋਧਾਂ ਅਤੇ ਵਿਸੰਗਤੀਆਂ ਪ੍ਰਤੀ ਪਾਠਕ ਦੇ ਮਨ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਵਿਤਿਸ਼ਣਾ ਪੈਦਾ ਹੋ ਜਾਂਦੀ ਹੈ। ਇਹੀ ਇਸ ਨਾਵਲ ਦੇ ਕਰੁਣ-ਬੋਧ ਦਾ ਸਭ ਤੋਂ ਵੱਡਾ ਅਤੇ ਮਾਨਵਤਾਵਾਦੀ ਪੱਖ ਹੈ।

(ਸ) ਪਾਤਰ-ਸੰਕਲਪ

ਈ. ਐਮ. ਫਾਰਸਟਰ ਨੇ ਪਾਤਰਾਂ ਨੂੰ ਦੋ ਸ਼੍ਰੇਣੀਆਂ ਵਿਚ ਵਿਭਾਜਿਤ ਕੀਤਾ ਹੈ– 'ਫ਼ਲੈਟ' ਪਾਤਰ ਅਤੇ 'ਰਾਊਂਡ' ਪਾਤਰ। ਫ਼ਲੈਟ ਪਾਤਰ 'ਟਾਈਪ' ਹੁੰਦੇ ਹਨ। ਉਹ ਕਿਸੇ ਇਕਹਿਰੇ ਵਿਚਾਰ ਜਾਂ ਵਿਸ਼ੇਸ਼ਤਾ ਦੁਆਲੇ ਉਸਾਰੇ ਜਾਂਦੇ ਹਨ। ਜਦ ਉਨ੍ਹਾਂ ਦੇ ਚਰਿਤਰ ਵਿਚ ਕਿਸੇ ਦੂਸਰੇ ਵਿਚਾਰ ਜਾਂ ਵਿਸੇਸ਼ਤਾ ਦੀ ਤਹਿ ਉੱਸਰਣੀ ਸ਼ੁਰੂ ਹੁੰਦੀ ਹੈ ਤਾਂ ਰਾਊਂਡ ਬਣ ਜਾਂਦੇ ਹਨ। ਇਨ੍ਹਾਂ ਪਾਤਰਾਂ (ਫਲੈਟ) ਦਾ ਮੁੱਖ ਲਾਭ ਇਹ ਹੈ ਕਿ ਇਹ ਜਲਦੀ ਪਹਿਚਾਣੇ ਜਾ ਸਕਣ ਯੋਗ ਹੁੰਦੇ ਹਨ। ਕਥਾਕਾਰ ਇਨ੍ਹਾਂ ਪਾਤਰਾਂ ਦੁਆਰਾ ਆਪਣੇ ਆਪ ਨੂੰ ਪੂਰੀ ਸ਼ਕਤੀ ਨਾਲ ਅਭਿਵਿਅਕਤ ਕਰ ਸਕਦਾ ਹੈ ਕਿਉਂਕਿ ਇਨ੍ਹਾਂ ਬਾਰੇ ਬਾਰ-ਬਾਰ ਟਿੱਪਣੀਆਂ ਦੇਣ ਦੀ ਜ਼ਰੂਰਤ ਨਹੀਂ ਪੈਂਦੀ। ਇਨ੍ਹਾਂ ਪਾਤਰਾਂ ਦਾ ਦੂਜਾ ਲਾਭ ਇਹ ਹੈ ਕਿ ਪਾਠਕ ਇਨ੍ਹਾਂ ਨੂੰ ਬੜੀ ਆਸਾਨੀ ਨਾਲ ਯਾਦ ਰੱਖ ਸਕਦੇ ਹਨ। ਕਿਉਂਕਿ ਉਹ ਬਾਹਰਗਤ ਸਥਿਤੀਆਂ ਦੇ ਪ੍ਰਭਾਵ ਦੁਆਰਾ ਬਦਲਦੇ ਨਹੀਂ ਇਸ ਲਈ ਉਹ ਪਾਠਕਾਂ ਦੇ ਮਨਾਂ ਵਿਚ ਸੁਰੱਖਿਅਤ ਵੱਸੇ ਰਹਿੰਦੇ ਹਨ। ਇਨ੍ਹਾਂ ਪਾਤਰਾਂ ਦੇ ਉਲਟ ਰਾਊਂਡ ਪਾਤਰ ਦੀ ਪਹਿਚਾਣ ਇਹ ਹੈ ਕਿ ਉਹ ਮੰਨਣਯੋਗ ਵਿਧੀ ਵਿਚ ਪਾਠਕ ਨੂੰ ਹੈਰਾਨ ਕਰਦਾ ਹੈ। ਜੇ ਇਹ ਪਾਤਰ ਕਦੇ ਵੀ ਹੈਰਾਨੀਜਨਕ ਰਵਈਆ ਅਖਤਿਆਰ ਨਹੀਂ ਕਰਦਾ ਤਾਂ ਇਹ ਵੀ ਇਕ ਫਲੈਟ ਪਾਤਰ ਹੀ ਹੈ ਜੋ ਖਾਹਮਖ਼ਾਹ ਰਾਊਂਡ ਪਾਤਰ ਬਣਨ ਦਾ ਪਾਖੰਡ ਕਰ ਰਿਹਾ ਹੈ। ਰਾਊਂਡ ਪਾਤਰ ਦੀ ਜ਼ਿੰਦਗੀ, ਗਿਣਤੀਆਂ-ਮਿਣਤੀਆਂ ਤੋਂ ਬਾਹਰ ਹੁੰਦੀ ਹੈ। ਉਸਦੀ ਜ਼ਿੰਦਗੀ ਨੂੰ ਫਾਰਮੂਲਿਆਂ ਵਿਚ ਨੇਮਬੱਧ ਨਹੀਂ ਕੀਤਾ ਜਾ ਸਕਦਾ। (E. M. Forste₁, 'Aspects of the Novel', Chop. IV, 1927)

ਪਾਤਰ ਚਿਤਰਣ ਸੰਬੰਧੀ ਜਾਰਜ ਸੈਂਡ ਦੀ ਇਕ ਉਕਤੀ ਵੀ ਉੱਲੇਖਯੋਗ ਹੈ। ਉਸ ਅਨੁਸਾਰ ਜ਼ਿੰਦਗੀ ਵਿਚ ਕੋਈ ਵੀ ਸ਼ਖਸ ਨਾ ਪੂਰੀ ਤਰ੍ਹਾਂ ਬੁਰਾ ਹੁੰਦਾ ਹੈ ਅਤੇ ਨਾ ਚੰਗਾ। ਸਗੋਂ ਚੰਗੇ ਵਿਚ ਕੁਝ ਅੰਸ਼ ਬਦੀ ਦਾ ਹੁੰਦਾ ਹੈ ਅਤੇ ਬੁਰੇ ਵਿਚ ਕੁਝ ਅੰਸ਼ ਚੰਗਿਆਈ ਦਾ ਜ਼ਰੂਰ ਹੁੰਦਾ ਹੈ। (George sand, 'Correspondence, 1892) ਕਿਸੇ ਵੀ ਨਾਵਲਕਾਰ ਦੁਆਰਾ ਸਿਰਜੇ ਗਏ ਪਾਤਰ ਏਨੇ ਸਜੀਵ ਹੋਣੇ ਚਾਹੀਦੇ ਹਨ ਕਿ ਉਹ ਪਾਠਕ ਦੇ ਮਨ-ਮਸਤਿਕ ਵਿਚ ਸਮਾ ਸਕਣ। ਇਸ ਮੰਤਵ ਲਈ ਜ਼ਰੂਰੀ ਹੈ ਕਿ ਨਾਵਲਕਾਰ ਬੜੀ ਬਾਰੀਕੀ ਨਾਲ ਉਨ੍ਹਾਂ ਨੂੰ ਦੇਖੇ-ਭਾਲੇ ਅਤੇ ਉਨ੍ਹਾਂ ਦੇ ਬਾਰੇ ਵਿਚ ਹਰ ਨਿੱਕੇ-ਨੰਨ੍ਹੇ ਵੇਰਵੇ ਦਾ ਅਧਿਐਨ ਕਰੇ ਤਾਂ ਹੀ ਉਸਦੇ ਪਾਤਰ, ਪਾਠਕਾਂ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਵੁਕ ਇਕਸੁਰਤਾ ਪੈਦਾ ਕਰ ਸਕਣਗੇ। ਐਂਥਨੀ ਟ੍ਰਾਲੱਪ (Anthony Trollope) ਦੇ ਸ਼ਬਦਾਂ ਵਿਚ, "The characters must be with him (the writer) as he lies down to sleep and as he wakes from his dreams. He must learn to hate them and to love them. He must know of them whether they be cold blooded or passionate, whether true or false and how far true and how far false." (Autobiography, 1883.)

ਦਲੀਪ ਕੌਰ ਟਿਵਾਣਾ ਆਪਣੇ ਆਸ ਪਾਸ ਦੀ ਜ਼ਿੰਦਗੀ ਵਿਚੋਂ ਪਾਤਰ ਲੈਂਦੀ ਹੈ। ਗ੍ਰਾਮੀਣ ਪਰਿਵੇਸ਼ ਵਾਲੇ ਨਾਵਲਾਂ ਵਿਚ ਤਾਂ ਉਸਨੇ ਆਪਣੇ ਪਿੰਡ ਦੇ ਵਾਸਤਵਿਕ ਲੋਕਾਂ ਨੂੰ ਹੀ ਪਾਤਰਾਂ ਦੇ ਰੂਪ ਵਿਚ ਦੇਖਿਆ ਅਤੇ ਪਕੜਿਆ ਹੈ। ਪਾਤਰਾਂ ਸੰਬੰਧੀ ਉਸਦੀ ਇਕ ਉਕਤੀ ਉਲੇਖਯੋਗ ਹੈ। ਉਹ ਲਿਖਦੀ ਹੈ, "ਉਂਜ ਤਾਂ ਸਾਰੀ ਸ੍ਰਿਸ਼ਟੀ ਹੀ ਇਕ ਲੀਲ੍ਹਾ, ਇਕ ਨਾਟਕ ਹੈ ਅਤੇ ਅਸੀਂ ਸਭ ਆਪਣਾ-ਆਪਣਾ ਪਾਰਟ ਕਰ ਰਹੇ ਇਸਦੇ ਪਾਤਰ ਹਾਂ ਪਰ ਕਲਾਕਾਰ ਮਨ ਜਦੋਂ ਨੀਝ ਨਾਲ ਇਨ੍ਹਾਂ ਵੱਲ ਵੇਖਦਾ ਹੈ ਤਾਂ ਕੁਝ ਪਾਤਰ ਉਸਦੇ ਮਨ ਵਿਚ ਮੋਹ ਜਗਾਉਂਦੇ ਹਨ ਤੇ ਕੁਝ ਨਫ਼ਰਤ, ਕੁਝ ਭੈ ਤੇ ਕੁਝ ਕਰੁਣਾ। ਉਹ ਅਜਿਹੇ ਪਾਤਰ ਸਿਰਜਣ ਦੀ ਕੋਸ਼ਿਸ਼ ਕਰਦਾ ਹੈ ਜਿਨ੍ਹਾਂ ਦਾ ਜ਼ਿੰਦਗੀ ਨਾਲ ਰਿਸ਼ਤਾ ਈਮਾਨਦਾਰ ਤੇ ਖ਼ੂਬਸੂਰਤ ਹੋਵੇ, ਜਿਹੜੇ ਜ਼ਿੰਦਗੀ ਲਈ ਮੋਹ ਪੈਦਾ ਕਰਨ। ਇਸ ਤਰ੍ਹਾਂ ਉਹ ਸੁਪਨਿਆਂ ਦਾ ਸੰਸਾਰ ਸਿਰਜਣ ਬੈਠ ਜਾਂਦਾ ਹੈ। ਪਰ ਤਾਰਿਆਂ-ਦੀਆਂ ਗੱਲਾਂ ਕਰਦਾ ਜੇ ਉਹ ਧਰਤੀ ਤੋਂ ਪੈਰ ਚੁਕ ਲੈਂਦਾ ਹੈ ਤਾਂ ਉਹ ਪਰੀ-ਕਹਾਣੀਆਂ ਬਣ ਜਾਂਦੀਆਂ ਹਨ। ਜੇ ਉਹ ਤਾਰਿਆਂ ਵੱਲ ਤਕਦਾ ਹੀ ਨਹੀਂ ਤਾਂ ਜਨੌਰ ਕਹਾਣੀਆਂ ਹੋ ਨਿੱਬੜਦੀਆਂ ਹਨ। ਇਸ ਲਈ ਕਲਾਕਾਰ ਆਪਣੇ ਸਮੇਂ ਵਿਚ ਖੜੋ ਕੇ ਸਾਰਿਆਂ ਜੋਗੀ ਕੋਈ ਗੱਲ ਕਰਕੇ ਭਾਵ ਯਥਾਰਥ ਰਾਹੀਂ ਸਚ ਨੂੰ ਸਿਰਜ ਕੇ ਹੀ ਕੋਈ ਖ਼ੂਬਸੂਰਤ ਰਚਨਾ ਕਰ ਸਕਦਾ ਹੈ।" **ਕਹਾਣੀ ਕਲਾ ਤੇ ਮੇਰਾ ਅਨੁਭਵ**, ਪੰਨਾ 70)

ਨਾਵਲ ਦਾ ਸਿੱਧਾ ਸੰਬੰਧ ਮਨੁੱਖੀ ਜੀਵਨ ਦੀਆਂ ਜਟਿਲਤਾਵਾਂ ਅਤੇ ਅੰਤਰ-ਵਿਰੋਧਾਂ ਨਾਲ ਹੁੰਦਾ ਹੈ। ਇਨ੍ਹਾਂ ਜਟਿਲਤਾਵਾਂ ਅਤੇ ਅੰਤਰ-ਵਿਰੋਧਾਂ ਨੂੰ ਠੋਸ ਰੂਪ ਵਿਚ ਮੂਰਤੀਮਾਨ ਕਰਨ ਲਈ ਨਾਵਲਕਾਰ ਨੂੰ ਕੁਝ ਪਾਤਰਾਂ ਦੀ ਜ਼ਰੂਰਤ ਅਨੁਭਵ ਹੁੰਦੀ ਹੈ। ਇਹ ਪਾਤਰ ਆਪਣੀ-ਆਪਣੀ ਤਰਜ਼ ਦੀ ਜ਼ਿੰਦਗੀ ਜਿਉਂਦੇ ਹੋਏ ਕੁਝ ਜੀਵਨ-ਮੁੱਲਾਂ ਦੀ ਪਾਲਣਾ ਜਾਂ ਆਲੋਚਨਾ ਕਰਦੇ ਹਨ। ਇਹੀ ਇਕ ਚੰਗੇ ਨਾਵਲਕਾਰ ਦਾ ਉਦੇਸ਼ ਹੁੰਦਾ ਹੈ ਅਤੇ ਇਸੇ ਕਾਰਣ ਨਾਵਲ ਨੂੰ ਅਜੋਕੇ ਪੂੰਜੀਵਾਦੀ ਯੁਗ ਦਾ ਮਹਾਂਕਾਵਿ ਕਿਹਾ ਗਿਆ ਹੈ। ਇਸ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਕੀ ਪਾਤਰ ਕਿਸੇ ਨਾਵਲ ਦੀ ਰਚਨਾ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੁਗਤ ਵਿਚ ਇਕ ਮਹਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਨਾਵਲ ਵਿਚ ਕਿਸੇ ਪਾਤਰ ਦੀ ਕੇਵਲ ਪੇਸ਼ਕਾਰੀ ਹੀ ਨਹੀਂ ਹੁੰਦੀ ਬਲਕਿ ਉਸ ਦੀ ਉਸਾਰੀ ਕੀਤੀ ਜਾਂਦੀ ਹੈ। ਪੇਸ਼ਕਾਰੀ ਦਾ ਮਤਲਬ ਹੈ, ਇਕ ਬਣੇ-ਬਣਾਏ ਅਤੇ ਗਤੀਹੀਣ ਪਾਤਰ ਨੂੰ ਨਾਵਲ ਵਿਚ ਪੇਸ਼ ਕਰ ਦੇਣਾ। ਅਜਿਹਾ ਪਾਤਰ ਜੀਵਨ ਦੀਆਂ ਵੱਖ-ਵੱਖ ਸਥਿਤੀਆਂ ਵਿਚ ਬਿਲਕੁਲ ਅਣਭਿੱਜ ਬਣਿਆ ਰਹਿੰਦਾ ਹੈ। ਉਸਦੇ ਵਿਚਾਰਾਂ ਅਤੇ ਫ਼ੈਸਲਿਆਂ ਵਿਚ ਕਈ ਤਬਦੀਲੀ ਨਹੀਂ ਆਉਂਦੀ। ਪਰੰਤੂ ਪਾਤਰ-ਉਸਾਰੀ ਦਾ ਮਤਲਬ ਹੈ ਇਕ ਪਾਤਰ ਨੂੰ ਵੱਖ-ਵੱਖ ਕਾਲ-ਖੰਡਾਂ ਅਤੇ ਜੀਵਨ-ਸਥਿਤੀਆਂ ਵਿਚੋਂ ਗੁਜ਼ਰਦਿਆਂ ਹੋਇਆਂ ਅਨੁਭਵ ਪੱਖੋਂ ਅਮੀਰ ਹੁੰਦੇ ਵਿਖਾਉਣਾ। ਨਾਵਲ ਦਾ ਆਕਾਰ ਇਤਨਾ ਵਿਆਪਕ ਅਤੇ ਵਿਸ਼ਾਲ ਹੁੰਦਾ ਹੈ ਕਿ ਇਸ ਵਿਚ ਕਿਸੇ ਪਾਤਰ ਦਾ ਵਿਕਾਸ ਜਾਂ ਉਸਾਰੀ ਬੜੀ ਚੰਗੀ ਤਰ੍ਹਾਂ ਵਿਖਾਈ ਜਾ ਸਕਦੀ ਹੈ। ਇਹੀ ਕਾਰਣ ਹੈ ਕਿ ਨਾਵਲ ਵਿਚ ਪਾਤਰਾਂ ਦੀ ਪੇਸ਼ਕਾਰੀ ਦੀ ਬਜਾਇ ਉਨ੍ਹਾਂ ਦੀ ਉਸਾਰੀ ਨੂੰ ਵਧੇਰੇ ਪਸੰਦ ਕੀਤਾ ਜਾਂਦਾ ਹੈ।

ਨਾਵਲ ਵਿਚ ਪਾਤਰ-ਉਸਾਰੀ ਦੀਆਂ ਦੋ ਪ੍ਰਮੁੱਖ ਵਿਧੀਆਂ ਹਨ : (ੳ) ਪ੍ਰਤੱਖ ਪਾਤਰ-ਉਸਾਰੀ ਦੀ ਵਿਧੀ ਅਤੇ (ਅ) ਅਪ੍ਰਤੱਖ ਪਾਤਰ ਉਸਾਰੀ ਦੀ ਵਿਧੀ। ਇਕ ਚੰਗਾ ਨਾਵਲਕਾਰ ਆਮ ਤੌਰ ਤੇ ਇਨ੍ਹਾਂ ਦੋਹਾਂ ਵਿਧੀਆਂ ਦਾ ਇਕੱਠਾ ਹੀ ਪ੍ਰਯੋਗ ਕਰਦਾ ਹੈ। ਪ੍ਰਤੱਖ ਪਾਤਰ-ਉਸਾਰੀ ਦੀਆਂ ਕੁਝ ਅਹਿਮ ਵਿਧੀਆਂ ਹੇਠ ਲਿਖੇ ਅਨੁਸਾਰ ਹਨ :

1. ਪ੍ਰਕਾਸ਼ਨ ਜਾਂ ਪਾਤਰ-ਵਰਨਣ ਵਿਧੀ : ਇਸ ਵਿਧੀ ਰਾਹੀਂ ਪਾਤਰ ਦਾ ਸੁਭਾਅ, ਉਸ ਦੇ ਵਿਚਾਰ ਅਤੇ ਉਸ ਦੀ ਨੁਹਾਰ ਆਦਿ ਵਿਸ਼ੇਸ਼ਤਾਵਾਂ ਨੂੰ ਨਾਵਲਕਾਰ ਆਪਣੀ ਰਚਨਾ ਦੇ ਆਰੰਭ ਵਿਚ ਆਪ ਹੀ ਦੱਸ ਦਿੰਦਾ ਹੈ।

2. ਮਨੋਵਿਸ਼ਲੇਸ਼ਣ ਵਿਧੀ : ਇਸ ਵਿਚ ਨਾਵਲਕਾਰ, ਪਾਤਰ ਦਾ ਮਨੋਵਿਸ਼ਲੇਸ਼ਣ ਕਰਦਾ ਹੋਇਆ ਉਸਦੇ ਵਿਅਕਤਿਤਵ ਦੀ ਉਸਾਰੀ ਕਰਦਾ ਹੈ।

3. ਦੂਜੇ ਪਾਤਰਾਂ ਦੇ ਮੂੰਹੋਂ : ਇਸ ਵਿਧੀ ਅਨੁਸਾਰ ਇਕ ਪਾਤਰ, ਦੂਜੇ ਪਾਤਰ ਦੇ ਗੁਣਾਂ-ਔਗੁਣਾਂ ਦੀ ਚਰਚਾ ਕਰਦਾ ਵਿਖਾਇਆ ਜਾਂਦਾ ਹੈ।

ਅਪ੍ਰਤੱਖ ਪਾਤਰ-ਉਸਾਰੀ ਦੀ ਵਿਧੀ ਵਿਚ ਲੇਖਕ ਆਪਣਾ ਆਪਾ ਲੁਕਾ ਕੇ ਰੱਖਦਾ ਹੈ ਅਤੇ ਉਸਾਰੀ ਵਾਲੇ ਪਾਤਰ ਨੂੰ ਹੀ ਪਾਠਕਾਂ ਦੇ ਸਾਹਵੇਂ ਜਿਉਂ-ਦਾ-ਤਿਉਂ ਪੇਸ਼ ਕਰ ਦਿੰਦਾ ਹੈ। ਇਸ ਵਿਧੀ ਦੇ ਕੁਝ ਇਕ ਉੱਘੜਵੇਂ ਪਹਿਲੂ ਇਸ ਪ੍ਰਕਾਰ ਹਨ :

1. ਭਾਸ਼ਣ ਰਾਹੀਂ : ਇਸ ਵਿਚ ਪਾਤਰ ਆਪਣੇ ਮੂੰਹੋਂ ਆਪਣੀ ਸ਼ਖਸੀਅਤ ਦੇ ਪੇਚੀਦਾ ਹਿੱਸੇ ਪਾਠਕਾਂ ਨੂੰ ਵਿਖਾਉਂਦਾ ਹੈ।

2. ਕਾਰਜ ਰਾਹੀਂ : ਪਾਤਰ ਵੱਖਰੀਆਂ-ਵੱਖਰੀਆਂ ਸਥਿਤੀਆਂ ਵਿਚ ਜੋ ਕਾਰਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦਾ ਹੈ, ਉਨ੍ਹਾਂ ਦੇ ਆਧਾਰ ਤੇ ਵੀ ਉਸਦਾ ਕਿਰਦਾਰ ਉਸਾਰਿਆ ਜਾ ਸਕਦਾ ਹੈ ।

3, ਪਾਤਰਾਂ ਉਤੇ ਪਏ ਪ੍ਰਭਾਵ ਦੁਆਰਾ : ਕਿਸੇ ਪਾਤਰ ਦੇ ਕੀਤੇ ਹੋਏ ਕੰਮਾਂ ਦਾ ਦੂਜੇ ਪਾਤਰਾਂ ਉਪਰ ਜੋ ਪ੍ਰਭਾਵ ਪੈਂਦਾ ਹੈ, ਉਸ ਦੁਆਰਾ ਵੀ ਉਸਦਾ ਚਰਿੱਤਰ ਉੱਭਰ ਕੇ ਪਾਠਕਾਂ ਸਾਹਵੇਂ ਆ ਜਾਂਦਾ ਹੈ ।

ਦਲੀਪ ਕੌਰ ਟਿਵਾਣਾ ਪਾਤਰ ਚਿਤਰਣ ਸੰਬੰਧੀ ਕਿਸੇ ਨਿਸ਼ਚਿਤ ਸੂਤਰ ਜਾਂ ਸਿਧਾਂਤ ਦਾ ਪ੍ਰਯੋਗ ਤਾਂ ਭਾਵੇਂ ਨਹੀਂ ਕਰਦੀ ਪਰੰਤੂ ਤਾਂ ਵੀ ਉਸਦੇ ਪਾਤਰਾਂ ਦੇ ਸੁਭਾਅ ਦੇ ਕੁਝ ਵਿਸੇਸ਼ ਧਰਾਤਲ ਹੁੰਦੇ ਹਨ । ਅਜਿਹੇ ਵਿਸ਼ੇਸ਼ ਧਰਾਤਲਾਂ ਤੋਂ ਬਿਨ੍ਹਾਂ ਕੋਈ ਪਾਤਰ ਉਸਦੇ ਨਾਵਲ-ਜਗਤ ਵਿਚ ਪ੍ਰਵੇਸ਼ ਨਹੀਂ ਕਰ ਸਕਦਾ । ਪਹਿਲੀ ਨਜ਼ਰੇ ਦੇਖਿਆਂ ਉਸਦੇ ਪਾਤਰ 'ਫਲੈਟ' ਜਾਂ 'ਟਾਈਪ' ਪ੍ਰਤੀਤ ਹੁੰਦੇ ਹਨ । ਜਿਹੜੇ ਵਸਤੂਗਤ ਸਥਿਤੀਆਂ ਤੋਂ ਪ੍ਰਭਾਵਿਤ ਹੋ ਕੇ ਬਦਲਦੇ ਨਹੀਂ । ਭਾਨੋ (ਇਹੁ ਹਮਾਰਾ ਜੀਵਣਾ), ਸੀਤਾ (ਦੂਸਰੀ ਸੀਤਾ), ਕੰਵਲ (ਵਾਟ ਹਮਾਰੀ) ਅਤੇ ਸਿਮਰਨ (ਪੈੜਚਾਲ) ਆਦਿਕ ਉਸਦੇ ਸਾਰੇ ਪਾਤਰ ਇਕ ਹੀ ਨਾਰੀ ਕਿਰਦਾਰ ਦੇ ਵੱਖਰੇ-ਵੱਖਰੇ 'ਐਲੋਡੋਨ' ਪ੍ਰਤੀਤ ਹੁੰਦੇ ਹਨ । ਇਨ੍ਹਾਂ ਕਿਰਦਾਰਾਂ ਦਾ ਇਕ ਦੂਜੇ ਨਾਲ ਫਰਕ ਮਹਿਜ਼ ਉਨ੍ਹਾਂ ਦਾ ਸਮਾਜਿਕ ਪਰਿਵੇਸ਼ ਹੈ । ਵਿਪਰੀਤ ਸਥਿਤੀਆਂ ਪ੍ਰਤੀ ਹੁੰਗਾਰਾ ਭਰਨ ਜਾਂ ਟਕਰਾਉਣ ਦਾ ਉਨ੍ਹਾਂ ਦਾ ਅੰਦਾਜ਼ ਲਗਪਗ ਇਕੋ ਹੀ ਹੈ । ਪਰ ਤਾਂ ਵੀ ਇਨ੍ਹਾਂ ਵਿਚੋਂ ਉਸਦਾ ਹਰ ਪਾਤਰ ਆਪਣੇ ਆਪਣੇ ਸਮਾਜਿਕ ਪਰਿਵੇਸ਼ ਕਾਰਣ ਸਹਿਜੇ ਹੀ ਇਕ ਦੂਜੇ ਨਾਲੋਂ ਨਬੇੜਿਆ ਜਾ ਸਕਦਾ ਹੈ ।

ਟਿਵਾਣਾ ਦੇ ਪ੍ਰਤੀਨਿਧ ਪਾਤਰਾਂ ਦਾ ਇਕ ਹੋਰ ਲੱਛਣ ਸ੍ਵੈਚੋਣ ਪ੍ਰਤੀ ਉਨ੍ਹਾਂ ਦੀ ਦ੍ਰਿੜ੍ਹਤਾ ਹੈ । ਇਹ ਪਾਤਰ ਭਾਵੇਂ ਸਰਘੇ ਹੋਏ ਹਨ, ਸਮਕਾਲੀ ਸਮਾਜਿਕ-ਆਰਥਿਕ ਪਰਿਵੇਸ਼ ਵਿਚ ਇਹ ਪੁੱਜ ਕੇ ਦੁਖੀ ਹਨ ਪਰ ਤਾਂ ਵੀ ਇਨ੍ਹਾਂ ਨੇ ਸਾਰੇ ਸਰਘਾਂ ਅਤੇ ਦੁੱਖਾਂ ਨੂੰ ਆਪ ਆਪਣੇ ਲਈ ਚੁਣਿਆ ਹੈ । ਕਈ ਵਾਰ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਜ਼ਮਾਨੇ ਨੇ ਹੀ ਇਨ੍ਹਾਂ ਪਾਤਰਾਂ ਨੂੰ ਸਰਘ ਜਾਂ ਦੁੱਖ ਦਿਤੇ ਹੋਣ ਪਰ ਆਪਣੇ ਆਪਣੇ ਸਰਘਾਂ ਅਤੇ ਦੁੱਖਾਂ ਨੂੰ ਅੰਗ ਲਾਉਣ ਦਾ ਇਨ੍ਹਾਂ ਦਾ ਅੰਦਾਜ਼ ਬੜਾ ਨਿਰਾਲਾ ਹੈ । ਸਿਸਿਫਸ ਵਾਂਗ ਇਨ੍ਹਾਂ ਨੇ ਪਹਾੜ ਦੀ ਚੋਟੀ ਉਤੇ ਪੱਥਰ ਪਹੁੰਚਾਉਣ ਦਾ ਕੰਮ ਆਪਣੇ ਜ਼ੁੰਮੇ ਲਿਆ ਹੋਇਆ ਹੈ । ਸਰਘ ਕਾਰਣ ਇਹ ਪੱਥਰ ਚੋਟੀ ਤੇ ਪਹੁੰਚਣ ਤੋਂ ਪਹਿਲਾਂ ਹੀ ਹੇਠਾਂ ਵੱਲ ਰਿੜ੍ਹਨ ਲੱਗ ਪੈਂਦਾ ਹੈ ਪਰ ਤਾਂ ਵੀ ਇਨ੍ਹਾਂ ਦੇ ਚਿਹਰੇ ਉਤੇ ਨਿਰਾਸਾ ਜਾਂ ਮਜਬੂਰੀ ਦੀ ਕੋਈ ਸ਼ਿਕਨ ਨਹੀਂ ਦੇਖੀ ਜਾ ਸਕਦੀ । ਇਹ ਪੂਰੀ ਦ੍ਰਿੜ੍ਹਤਾ ਅਤੇ ਸ੍ਵੈਵਿਸ਼ਵਾਸ ਨਾਲ ਦੋਬਾਰਾ ਉਸ ਪੱਥਰ ਵਲ ਵਧਦੇ ਹਨ ਅਤੇ ਇਹ ਜਾਣਦਿਆਂ-ਬੁੱਝਦਿਆਂ ਕਿ ਪੱਥਰ ਕਦੇ ਵੀ ਪਹਾੜ ਦੀ ਚੋਟੀ ਤੇ ਨਹੀਂ ਪਹੁੰਚ ਸਕੇਗਾ, ਇਹ ਪਾਤਰ ਹਰ ਵਾਰ ਨਵੇਂ ਸਿਰਿਉਂ ਪੱਥਰ ਨੂੰ ਚੋਟੀ ਤੇ ਪਹੁਚਾਉਣ ਲਈ ਸੰਘਰਸ਼ ਕਰਦੇ ਦੇਖੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾ ਸਕਦੇ ਹਨ।

ਟਿਵਾਣਾ ਦੇ ਨਾਵਲ ਜਗਤ ਦਾ ਇਕ ਹੋਰ ਪ੍ਰਮੁਖ ਤੱਤ ਉਸਦੇ ਪਾਤਰਾਂ ਦਾ ਪੁੱਜ ਕੇ ਸੰਵੇਦਨਸ਼ੀਲ ਹੋਣਾ ਹੈ। ਸੰਵੇਦਨਸ਼ੀਲ ਨੂੰ ਇਨ੍ਹਾਂ ਨੇ ਆਪਣੀ ਪਰਾਜਯ ਲਈ ਕੋਈ ਬਹਾਨਾ ਨਹੀਂ ਬਣਾਇਆ ਹੋਇਆ ਬਲਕਿ ਸੰਵੇਦਨਸ਼ੀਲਤਾ, ਇਨ੍ਹਾਂ ਵਾਸਤੇ ਇਕ ਸ਼ਸਤਰ ਹੈ ਜਿਸਦੇ ਪ੍ਰਯੋਗ ਦੁਆਰਾ ਇਹ ਪਾਤਰ ਬੇਰਹਿਮ ਸਮਾਜ ਨੂੰ ਨੰਗਾ ਕਰ ਦਿੰਦੇ ਹਨ। ਭਾਨੋ, ਸੀਤਾ, ਕੰਵਲ ਜਾਂ ਸਿਮਰਨ ਦੀ ਸੰਵੇਦਨਸ਼ੀਲਤਾ ਮਹਿਜ ਕੋਈ ਉਪਭਾਵੁਕ ਤੇਵਰ ਨਹੀਂ ਬਲਕਿ ਰਵਾਇਤੀ ਸਮਾਜ ਅਤੇ ਬੇਰਹਿਮ ਨਿਜ਼ਾਮ ਨੂੰ ਸ਼ਸਤਰਹੀਣ ਕਰਨ ਲਈ ਮਾਰਿਆ ਉਨ੍ਹਾਂ ਦਾ ਇਕ ਹੰਭਲਾ ਹੈ। ਅਜਿਹੀ ਸੰਵੇਦਨਸ਼ੀਲਤਾ ਸਾਨੂੰ ਜੀਵਨ ਅਤੇ ਜਗਤ ਬਾਰੇ ਨਵੀਂ ਅਤੇ ਵੱਖਰੀ ਤਰ੍ਹਾਂ ਸੋਚਣ ਵਾਸਤੇ ਮਜ਼ਬੂਰ ਕਰਦੀ ਹੈ।

ਦਲੀਪ ਕੌਰ ਟਿਵਾਣਾ ਆਪਣੇ ਪਾਤਰਾਂ ਦੇ ਸਰੀਰਕ ਜਾਂ ਭੌਤਿਕ ਵੇਰਵਿਆਂ ਦੀ ਤਫ਼ਸੀਲ ਵਿਚ ਨਹੀਂ ਜਾਂਦੀ। ਉਸਦੇ ਪਾਤਰ ਇਸ ਲਈ ਇਕ ਦੂਜੇ ਤੋਂ ਵੱਖ ਜਾਂ ਅਲਹਿਦਾ ਨਹੀਂ ਹਨ ਕਿ ਕੋਈ ਪੁਰਸ਼ ਹੈ ਅਤੇ ਦੂਜਾ ਨਾਰੀ। ਉਹ ਪੁਰਸ਼ ਜਾਂ ਨਾਰੀ ਦੇ 'ਬਾਇਆਲੋਜੀਕਲ' ਲੱਛਣਾਂ ਉਤੇ ਜ਼ੋਰ ਨਹੀਂ ਦਿੰਦੀ ਬਲ ਕਿ ਉਨ੍ਹਾਂ ਦੇ 'ਫੰਕਸ਼ਨਲ' ਲੱਛਣਾਂ ਨੂੰ ਰੂਪਮਾਨ ਕਰਦੀ ਹੈ। ਦੂਸਰੀ ਸੀਤਾ ਵਿਚ ਉਸਦੇ ਤਿੰਨ ਪ੍ਰਮੁਖ ਪਾਤਰ ਹਨ : ਸੰਤਾ, ਨਾਥ ਅਤੇ ਸੀਤਾ। ਬਾਇਆਲੋਜੀਕਲ ਤੌਰ ਤੇ ਤਿੰਨੇ ਇਕ ਦੂਜੇ ਨਾਲੋਂ ਵੱਖ-ਵੱਖ ਹਨ। ਸਾਕਾਦਾਰੀ ਸਿਸਟਮ ਵਿਚ ਵੀ ਹਰ ਇਕ ਪਾਤਰ ਦੀ ਵੱਖ-ਵੱਖ ਭੂਮਿਕਾ ਹੈ। ਪਰ ਟਿਵਾਣਾ ਦੇ ਨਾਵਲ ਜਗਤ ਵਿਚ ਇਹ ਤਿੰਨ ਪ੍ਰਮੁਖ ਕਿਰਦਾਰ ਇਕੋ ਫੰਕਸ਼ਨ ਨੂੰ ਨਿਭਾਉਂਦੇ ਹਨ। ਬੇਗਾਨਗੀ, ਬੇਬੱਸੀ ਅਤੇ ਅਜਨਬੀਅਤ ਦੇ ਭਾਵਾਂ ਨੂੰ ਮੂਰਤੀਮਾਨ ਕਰਨ ਕਰਕੇ ਇਹ ਤਿੰਨੇ ਪਾਤਰ ਉਸਦੇ ਇਕੋ ਪ੍ਰਤੀਨਿਧ ਕਿਰਦਾਰ ਦੇ ਤਿੰਨ ਵੱਖਰੇ-ਵੱਖਰੇ ਐਲੋਫੋਨ ਹਨ।

.ਦਲੀਪ ਕੌਰ ਟਿਵਾਣਾ ਦੇ ਪਾਤਰ-ਚਿਤਰਣ ਸੰਬੰਧੀ ਸਭ ਤੋਂ ਮਹੱਤਵਪੂਰਨ ਨੁਕਤਾ ਇਹ ਹੈ ਕਿ ਉਹ ਕਿਸੇ ਸਿਧਾਂਤ ਦੀ ਵਿਆਖਿਆ ਲਈ ਆਪਣੇ ਪਾਤਰ ਨਹੀਂ ਘੜਦੀ ਸਗੋਂ ਆਪਣੇ ਜੀਵਨ ਵਿਚ ਦੇਖੇ-ਭਾਲੇ ਕੁਝ ਪਾਤਰ ਮਾਡਲ ਵਜੋਂ ਲੈ ਕੇ ਉਨ੍ਹਾਂ ਦੀ ਜ਼ਿੰਦਗੀ ਦੇ ਸਵਾਲ ਹੱਲ ਕਰਨ ਦੀ ਕੋਸ਼ਿਸ਼ ਕਰਦੀ ਹੈ। ਉਹ ਇਸ ਧਾਰਣਾ ਨੂੰ ਮੰਨਦੀ ਹੈ ਕਿ ਲੇਖਕ ਆਪਣੇ ਪਾਤਰਾਂ ਵਿਚ ਜਿਉਂਦਾ ਹੈ। ਭਾਵੇਂ ਇਸਦਾ ਮਤਲਬ ਇਹ ਨਹੀਂ ਹੈ ਕਿ ਲੇਖਕ ਆਪਣੇ ਬਾਰੇ ਵਿਚ ਹੀ ਲਿਖ ਰਿਹਾ ਹੁੰਦਾ ਹੈ। ਆਪਣੇ ਪਾਤਰਾਂ ਸੰਬੰਧੀ ਚਰਚਾ ਕਰਦੀ ਹੋਈ ਉਹ ਆਪ ਲਿਖਦੀ ਹੈ, "ਕਦੇ ਕਦੇ ਇਹ ਪਾਤਰ ਮੈਨੂੰ ਡਾਢਾ ਪਰੇਸ਼ਾਨ ਕਰਦੇ ਹਨ ਜਦੋਂ ਵਰਕਿਆਂ ਵਿਚੋਂ ਨਿਕਲ ਕੇ ਇਹ ਮੇਰੇ ਸਾਹਮਣੇ ਆ ਖੜੋਂਦੇ ਹਨ ਤੇ ਆਪਣੇ ਸਵਾਲਾਂ ਦਾ ਉੱਤਰ ਮੰਗਦੇ ਹਨ। ਮੇਰੇ ਕੋਲੋਂ ਜਦ ਕੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉੱਤਰ ਨਹੀਂ ਸਰਦਾ ਤਾਂ ਉਹ ਵਿਅੰਗ ਨਾਲ ਮੁਸਕਰਾ ਕੇ ਆਖਦੇ ਹਨ : ਮੈਡਮ ਤੂੰ ਕੌਣ ਹੈਂ ? ਤੇ ਫਿਰ ਆਪ ਹੀ ਹੱਸ ਕੇ ਆਖਦੇ ਹਨ : ਤੂੰ ਕੋਈ ਨਹੀਂ । 'ਵਾਟ ਹਮਾਰੀ' ਵਿਚ ਜੀਤੂ ਰਾਹੀਂ ਮਰ ਜਾਣ ਮਗਰੋਂ, 'ਸੂਰਜ ਅਤੇ ਸਮੁੰਦਰ' ਵਿਚ ਅਜੀਤ ਨਾਲ ਦੇਸ਼ ਛੱਡ ਜਾਣ ਮਗਰੋਂ, 'ਦੂਸਰੀ ਸੀਤਾ' ਵਿਚ ਗੰਗਾ ਵਿਚ ਡੁੱਬ ਜਾਣ ਮਗਰੋਂ, 'ਸਫ਼ਰ' ਦੀ ਨਾਇਕਾ ਨਾਲ ਨੀਂਦ ਦੀਆਂ ਗੋਲੀਆਂ ਖਾ ਲੈਣ ਮਗਰੋਂ ਤੂੰ ਭਲਾ 'ਤੂੰ' ਕਿਵੇਂ ਰਹਿ ਸਕਦੀਐਂ ?" (ਕਹਾਣੀ ਕਲਾ ਤੇ ਮੇਰਾ ਅਨੁਭਵ, ਪੰਨਾ 73) ਟਿਵਾਣਾ ਦਾ ਪਾਤਰ-ਸੰਸਾਰ ਸਚਮੁਚ ਬੜਾ ਵਚਿਤਰ ਅਤੇ ਵਿਸਮੈਜਨਕ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ੳ) ਵਾਟ ਹਮਾਰੀ

'ਵਾਟ ਹਮਾਰੀ' ਪ੍ਰਸਿੱਧ ਨਾਵਲਕਾਰ ਡਾ. ਦਲੀਪ ਕੌਰ ਟਿਵਾਣਾ ਦਾ ਤੀਜਾ ਮਹੱਤਵਪੂਰਣ ਨਾਵਲ ਹੈ। 'ਅਗਨੀ ਪ੍ਰੀਖਿਆ' ਤੋਂ ਲੈ ਕੇ 'ਪੈੜਚਾਲ' ਤੱਕ ਉਸਨੇ ਲਗਪਗ ਚੌਦਾਂ ਨਾਵਲ ਪੰਜਾਬੀ ਪਾਠਕਾਂ ਨੂੰ ਦਿਤੇ ਹਨ। ਆਪਣੇ ਹਰ ਨਾਵਲ ਵਿਚ ਉਸਨੇ ਇਸਤ੍ਰੀ ਜਾਤੀ ਦੀ ਸਮਾਜਿਕ-ਸਭਿਆਚਾਰਕ ਅਤੇ ਅਸਤਿਤਵਮਈ ਸਥਿਤੀ ਨੂੰ ਵਿਸ਼ੈ ਵਜੋਂ ਚੁਣਿਆ ਹੈ। ਉਸਨੇ ਪੰਜਾਬੀ ਜੀਵਨ ਦੇ ਹਰ ਖੇਤਰ ਨਾਲ ਸੰਬੰਧਿਤ ਨਾਰੀ ਨੂੰ ਆਪਣੇ ਨਾਵਲਾਂ ਵਿਚ ਬੜੇ ਪ੍ਰਮਾਣਿਕ ਢੰਗ ਨਾਲ ਪੇਸ਼ ਕਰਨ ਦਾ ਪ੍ਰਯਤਨ ਕੀਤਾ ਹੈ। ਇਸ ਨਾਵਲ ਵਿਚ ਉਸਨੇ ਇਹ ਵਿਸ਼ਵਾਸ ਪ੍ਰਗਟ ਕੀਤਾ ਹੈ ਕਿ ਕੇਵਲ 'ਸਚਿਆਰੀ' ਬਣ ਕੇ ਹੀ ਔਰਤ ਦੇ ਦੁੱਖਾਂ ਦਾ ਖਾਤਮਾ ਨਹੀਂ ਹੋ ਸਕਦਾ। ਜਿਤਨੀ ਦੇਰ ਇਕ ਸਚਿਆਰੀ ਔਰਤ ਆਰਥਿਕ ਤੌਰ ਤੇ ਆਪਣੇ ਪੈਰਾਂ ਤੇ ਖੜੀ ਨਹੀਂ ਹੋ ਜਾਂਦੀ ਉਤਨੀ ਤੱਕ ਉਸਦੀ ਮੁਕਤੀ ਦੀ ਆਸ਼ਾ ਬੇਮਤਲਬ ਹੈ। ਨਾਵਲ ਵਿਚ ਭਾਵੇਂ ਉਸਨੇ ਆਪਣੀ ਨਾਇਕਾ 'ਕੰਵਲ' ਨੂੰ ਆਪਣੇ ਪੈਰਾਂ ਉਤੇ ਖੜੋਂਦੇ ਨਹੀਂ ਵਿਆਖਿਆ ਫਿਰ ਵੀ ਨਾਵਲ ਦੇ ਅੰਤ ਵਿਚ ਜਦੋਂ ਉਹ ਹਰਨੇਕ ਨੂੰ ਆਪਣੇ ਪਤੀ ਦੇ ਰੂਪ ਵਿਚ ਚੁਣਦੀ ਹੈ ਤਾਂ ਉਸਦੀ ਸ੍ਵੈਚੋਣ ਸਾਨੂੰ ਇਕ ਸੁਤੰਤਰ ਨਾਰੀ ਦੇ ਦਰਸ਼ਨ ਕਰਵਾ ਜਾਂਦੀ ਹੈ।

'ਵਾਟ ਹਮਾਰੀ' ਵਿਚ ਪ੍ਰਮੁੱਖ ਵਿਸ਼ਾ ਇਸਤ੍ਰੀ ਜਾਤੀ ਦੀ ਤਰਸਯੋਗ ਸਥਿਤੀ ਨੂੰ ਬਿਆਨ ਕਰਨਾ ਹੀ ਹੈ। ਮਰਦ-ਪ੍ਰਧਾਨ ਜਾਗੀਰਦਾਰੀ ਸਮਾਜ ਵਿਚ ਇਸਤ੍ਰੀ ਦੇ ਜਜ਼ਬਿਆਂ ਅਤੇ ਇੱਛਾਵਾਂ ਦੀ ਕੋਈ ਪੁੱਛ-ਪ੍ਰਤੀਤ ਨਹੀਂ ਹੁੰਦੀ। ਇਥੇ ਇਸਤ੍ਰੀ ਨੂੰ ਕੇਵਲ ਇਹੀ ਸਿਖਾਇਆ ਜਾਂਦਾ ਹੈ ਕਿ ਉਸਨੇ ਮਰਦ ਸਾਹਵੇਂ ਆਪਣੇ ਵਜੂਦ ਦਾ ਸਮਰਪਣ ਕਿਵੇਂ ਕਰਨਾ ਹੈ। ਪੜ੍ਹੀ ਲਿਖੀ ਕੰਵਲ ਕਿਸੇ ਮਰਦ ਦੀ ਪਿਛਲੱਗ ਬਣ ਕੇ ਜਿਊਣ ਇਕੱਲਿਆਂ ਰਹਿਣ ਨੂੰ ਤਰਜੀਹ ਦਿੰਦੀ ਹੈ। ਪਰੰਤੂ ਸਮਾਜ ਉਸਦੀ ਇਸ ਇੱਛਾ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ ਹੈ। ਇਸ ਪ੍ਰਸੰਗ ਵਿਚ ਉਸਨੂੰ ਪਰਿਵਾਰ ਦੇ ਹਰ ਮੈਂਬਰ ਦੀਆਂ ਜਲੀਆਂ-ਕਟੀਆਂ ਸੁਣਨੀਆਂ ਪੈਂਦੀਆਂ ਹਨ। ਹੋਰ ਤਾਂ ਹੋਰ ਕੰਵਲ ਦੇ ਘਰ ਗੋਹਾ-ਕੂੜਾ ਕਰਨ ਵਾਲੀ ਪਰਤਾਪੀ ਵੀ ਉਸਨੂੰ ਨਸੀਹਤ ਕਰਨੀ ਆਪਣਾ ਫਰਜ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਝਦੀ ਹੈ। ਨਾਰੀ ਦੇ ਅਬਲਾ ਹੋਣ ਦਾ ਪਾਠ ਪੜ੍ਹਾਉਂਦੀ ਹੋਈ ਉਹ ਉਸ ਨੂੰ ਕਹਿੰਦੀ ਹੈ :

> "ਕੱਲੇ ਬੰਦੇ ਦੀ ਕਾਹਦੀ ਜੂਨ ਹੁੰਦੀ ਐ। ਥੋੜੇ ਕੋਲੇ ਕਾਹਦਾ ਲੁਕੋ ਐ ਨਾਲੇ ਚਾਰ ਜੁਆਕਾਂ ਦੀ ਮਾਂ ਸੀ ਮੈਂ ਜਦੋਂ ਫੁੰਮਣ ਮਰਿਐ। ਸੋਚਿਆ ਮਨ ਸਿਰ ਢੱਕਣ ਬਿਨਾਂ ਨੀ ਸਰਦਾ। ਭਾਵੇਂ ਇਹ ਹੁਣ ਅਮਲੀ ਠਮਲੀ ਐ ਪਰ ਘਰ ਆਦਮੀ ਤਾਂ ਹੈ। ਨਹੀਂ ਤਾਂ ਕੋਂ ਕੁੱਤੇ ਈ ਨੀ ਮਾਨ ਹੁੰਦੇ। ਨਾਲੇ ਭਰਾ ਥੋੜਾ ਚਹੁੰ ਭਾਈਆਂ 'ਚ ਖੜ ਕੇ ਗੱਲ ਕਰਨ ਜੋਗਾ ਨੀ ਰਹਿਣਾ ਲੋਕ ਆਖਣਗੇ ਦੇਖ ਲੋ ਬਣਿਆ ਫਿਰਦਾ ਐ ਫੰਨੇ ਖਾਂ ਭੈਣ ਬਾਰੋਂ ਨੀ ਉਠਾਲ ਹੋਈ।"
>
> (ਪੰਨਾ 70)

ਇਸ ਨਾਵਲ ਦੀ ਕਥਾ ਅਨੁਸਾਰ ਕੰਵਲ ਹੋਰੀਂ ਤਿੰਨ ਭੈਣਾਂ ਹਨ—ਕੰਵਲ, ਮਧੂ ਅਤੇ ਕਿਰਨ। ਇਨ੍ਹਾਂ ਦਾ ਪਿਤਾ ਬਚਪਨ ਵਿਚ ਹੀ ਗੁਜ਼ਰ ਚੁੱਕਾ ਹੈ। ਮਾਂ ਨੂੰ ਤਿੰਨਾਂ ਕੁੜੀਆਂ ਦੇ ਵਿਆਹ ਦਾ ਫਿਕਰ ਹੈ। ਵੱਡੀ ਲੜਕੀ ਹੋਰ ਪੜ੍ਹਨਾ ਚਾਹੁੰਦੀ ਹੈ। ਉਸਦਾ ਜੀਅ ਕਰਦਾ ਹੈ ਕਿ ਉਹ ਪੜ੍ਹ-ਲਿਖ ਕੇ ਪ੍ਰੋਫੈਸਰ ਬਣੇ। ਪਰੰਤੂ ਉਸਦੀਆਂ ਬਾਕੀ ਭੈਣਾਂ ਛੇਤੀ ਤੋਂ ਛੇਤੀ ਵਿਆਹ ਕਰਕੇ ਘਰ ਵਸਾ ਲੈਣਾ ਚਾਹੁੰਦੀਆਂ ਹਨ। ਜਦ ਕੰਵਲ ਵਿਆਹ ਵਾਸਤੇ ਰਜ਼ਾਮੰਦ ਨਹੀਂ ਹੁੰਦੀ ਤਾਂ ਉਸਦੀਆਂ ਦੋਵੇਂ ਛੋਟੀਆਂ ਭੈਣਾਂ ਵਾਰੀ-ਵਾਰੀ ਵਿਆਹ ਕਰਵਾ ਲੈਂਦੀਆਂ ਹਨ। ਮਧੂ ਦਾ ਵਿਆਹ ਦਿੱਲੀ ਵਿਚ ਵਸਦੇ ਇਕ ਫੌਜੀ ਅਫਸਰ ਨਾਲ ਹੋ ਜਾਂਦਾ ਹੈ, ਜਦੋਂ ਕਿ ਛੋਟੀ ਕਿਰਨ ਵਿਦੇਸ਼ ਵਿਚ ਰਹਿਣ ਵਾਲੇ ਇਕ ਲੜਕੇ ਨਾਲ ਸ਼ਾਦੀ ਰਚਾ ਲੈਂਦੀ ਹੈ। ਛੋਟੀਆਂ ਦੋਵੇਂ ਭੈਣਾਂ ਪੜ੍ਹੀਆਂ-ਲਿਖੀਆਂ ਹੋਣ ਦੇ ਬਾਵਜੂਦ ਔਰਤ ਦੇ ਪਰੰਪਰਾਗਤ ਸੰਕਲਪ ਨਾਲ ਜੁੜੀਆਂ ਹੋਈਆਂ ਹਨ। ਦੋਵੇਂ ਆਪਣੇ ਆਪਣੇ ਪਤੀ ਦਾ ਪਰਛਾਵਾਂ ਬਣ ਕੇ ਆਪਣੀ ਜ਼ਿੰਦਗੀ ਜਿਊਣ ਦੀ ਤਮੰਨਾ ਰੱਖਦੀਆਂ ਹਨ। ਪਰੰਤੂ ਕੰਵਲ ਇਉਂ ਕਿਸੇ ਦਾ ਪਰਛਾਵਾਂ ਬਣ ਕੇ ਰਹਿਣ ਲਈ ਤਿਆਰ ਨਹੀਂ। ਉਹ ਇਕ ਮੁਕੰਮਲ ਵਿਅਕਤੀ ਬਣ ਕੇ ਜਿਊਣਾ ਲੋਚਦੀ ਹੈ। ਅਜਿਹਾ ਵਿਅਕਤੀ ਜਿਸਦੀ ਸੁਤੰਤਰ ਸ੍ਵੈਇੱਛਾ ਹੋਵੇ ਤੇ ਜੋ ਖੁਦਮੁਖ਼ਤਿਆਰ ਰਹਿ ਕੇ ਆਪਣੀ ਜ਼ਿੰਦਗੀ ਸੰਬੰਧੀ ਫ਼ੈਸਲੇ ਕਰ ਸਕੇ। ਇਹੀ ਕਾਰਣ ਹੈ ਕਿ ਉਹ ਆਪਣੀ ਜ਼ਿੰਦਗੀ ਵਿਚ ਆਉਣ ਵਾਲੇ ਹਰ ਮਰਦ ਨੂੰ ਟਾਲਦੀ ਰਹਿੰਦੀ ਹੈ, ਉਸ ਨਾਲ ਇਕ ਖੇਡ ਜਿਹੀ ਖੇਡਦੀ ਰਹਿੰਦੀ ਹੈ। ਰਵੀ, ਸੁਰਿੰਦਰ, ਪ੍ਰੋ. ਅਮਰਜੀਤ ਆਦਿਕ ਬਹੁਤ ਸਾਰੇ ਵਿਅਕਤੀ ਉਸਦੀ ਜ਼ਿੰਦਗੀ ਵਿਚ ਆਉਂਦੇ ਹਨ ਪਰੰਤੂ ਉਹ ਕਿਸੇ ਸਾਹਵੇਂ ਵੀ ਸਗਲ-ਸਮਰਪਣ ਵਾਸਤੇ ਤਿਆਰ ਨਹੀਂ। ਉਹ ਕਿਸੇ ਨੂੰ ਵੀ ਇਕ ਖ਼ਾਸ ਹੱਦ ਤੋਂ ਅਗੇ ਨਹੀਂ ਵਧਣ ਦਿੰਦੀ। ਉਸਦੇ ਅਜਿਹੇ ਸੁਭਾਅ ਬਾਰੇ ਟਿੱਪਣੀ ਕਰਦਾ ਹੋਇਆ ਪ੍ਰੋਫੈਸਰ ਅਮਰਜੀਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੰਘ ਉਸਨੂੰ ਕਹਿੰਦਾ ਹੈ :

"ਲੋਕ ਮਿੱਟੀ ਦੇ ਨਹੀਂ ਬਣੇ ਹੋਏ ਹੁੰਦੇ ਤੇ ਨਾ ਹੀ ਪੱਥਰ ਦੇ। ਤੇਰੇ ਨੇੜੇ ਆ ਕੇ ਕੋਈ ਵੀ ਬੰਦਾ ਭਟਕੇ ਬਿਨਾਂ ਨਹੀਂ ਰਹਿ ਸਕਦਾ। ਤੇਰੇ ਲਈ ਇਹ ਸਭ ਖੇਡ ਹੈ। ਆਪਣੀ ਇਕ ਹੱਦ, ਇਕ ਦੀਵਾਰ ਤੱਕ ਅਗਲੇ ਨੂੰ ਲੈ ਆਉਂਦੀ ਹੈਂ ਤੇ ਉਥੇ ਪਹੁੰਚ ਕੇ ਆਪਣਾ ਬੂਹਾ ਢੋ ਲੈਂਦੀ ਹੈਂ। ਫਿਰ ਅਗਲਾ ਨਾ ਅਗਾਂਹ ਆ ਸਕਦਾ ਹੈ ਤੇ ਨਾ ਪਿਛਾਂਹ ਜਾ ਸਕਦਾ ਹੈ। ਬਸ ਉਸ ਦੀਵਾਰ ਨਾਲ ਸਿਰ ਪਟਕ-ਪਟਕ ਕੇ ਲਹੂ-ਲੁਹਾਣ ਹੁੰਦਾ ਰਹਿੰਦਾ ਹੈ। ਇਸੇ ਲਈ ਮੈਂ ਚਾਹਿਆ ਸੀ ਤੇਰਾ ਵਿਆਹ ਹੋ ਜਾਵੇ, ਤੇ ਇਥੋਂ ਕਿਧਰੇ ਦੂਰ ਚਲੀ ਜਾਵੇਂ...।"

"ਤੇ ਤੁਸੀਂ ਸੁਖੀ ਰਹਿ ਸਕੋ।"

"ਹਾਂ। ਪਰ ਤੂੰ ਇਹ ਨਹੀਂ ਚਾਹੁੰਦੀ। ਤੈਨੂੰ ਆਪਣੀ ਤਾਕਤ ਦਾ ਪਤਾ ਹੈ। ਤੂੰ ਲੋਕਾਂ ਨੂੰ ਉੱਲੂ ਬਣਦਾ ਵੇਖ ਕੇ ਜੀ ਵਿਚ ਖੁਸ਼ ਹੁੰਦੀ ਹੈਂ ਇਸੇ ਲਈ ਕਿਸੇ ਇਕ ਦੀ ਬਣ ਕੇ ਜਿਊਣਾ ਤੈਨੂੰ ਪਰਵਾਨ ਨਹੀਂ।"

(ਪੰਨਾ 100)

ਜਦ ਪ੍ਰੋਫੈਸਰ ਅਮਰਜੀਤ ਸਿੰਘ ਕੰਵਲ ਦਾ ਸਾਥ ਛੱਡ ਕੇ ਦਿੱਲੀ ਚਲਾ ਜਾਂਦਾ ਹੈ ਤਾਂ ਕੰਵਲ ਨੂੰ ਇਹ ਇਹਸਾਸ ਬੜੀ ਤੀਬਰਤਾ ਨਾਲ ਹੁੰਦਾ ਹੈ ਕਿ ਸਾਡੇ ਸਮਾਜ ਵਿਚ ਅਜੇ 'ਇਕੱਲੀ-ਇਕਹਿਰੀ ਔਰਤ' ਦਾ ਜ਼ਮਾਨਾ ਨਹੀਂ ਆਇਆ। ਇਸੇ ਮਨੋਸਥਿਤੀ ਵਿਚ ਇਕ ਦਿਨ ਉਹ ਗੁਰਦੁਆਰਾ ਦੁਖਨਿਵਾਰਣ ਸਾਹਿਬ ਵਿਖੇ ਪੰਚਮੀ ਦੇ ਮੇਲੇ ਤੇ ਮੱਥਾ ਟੇਕਣ ਜਾਂਦੀ ਹੈ ਤਾਂ ਉਸਨੂੰ ਆਪਣੀ ਇਕ ਬਚਪਨ ਦੀ ਸਹੇਲੀ ਮਿਲ ਜਾਂਦੀ ਹੈ। ਦੋਵੇਂ ਸਹੇਲੀਆਂ ਆਪਣੀ ਆਪਣੀ ਜ਼ਿੰਦਗੀ ਦੇ ਜ਼ਰੂਰੀ ਪ੍ਰਸੰਗ ਇਕ ਦੂਜੀ ਨਾਲ ਸਾਂਝੇ ਕਰਦੀਆਂ ਹਨ। ਗੱਲਾਂ-ਗੱਲਾਂ ਵਿਚ ਕੰਵਲ ਦੀ ਸਹੇਲੀ ਦੀਪ ਉਸਨੂੰ ਦਸਦੀ ਹੈ ਕਿ ਉਸਦੇ ਭਰਾ ਦੀ ਵਹੁਟੀ ਮਰ ਗਈ ਹੈ ਅਤੇ ਉਸਦੇ ਛੋਟੇ ਜਿਹੇ ਬੱਚੇ ਨੂੰ ਪਾਲਣਾ ਕਾਫ਼ੀ ਮੁਸ਼ਕਿਲ ਹੋ ਗਿਆ ਹੈ। ਦੀਪ ਦਾ ਭਰਾ ਹਰਨੇਕ ਵੀ ਕੰਵਲ ਨਾਲ ਕੁਝ ਹਾਸਾ-ਮਖੌਲ ਕਰਦਾ ਹੈ। ਦੋਵੇਂ ਹਾਸੇ-ਹਾਸੇ ਵਿਚ ਇਕ ਦੂਜੇ ਨਾਲ ਜੀਵਨ ਭਰ ਇਕੱਠੇ ਰਹਿਣ ਦਾ ਇਕਰਾਰ ਕਰ ਲੈਂਦੇ ਹਨ। ਕੁਝ ਦਿਨਾਂ ਪਿਛੋਂ ਹੀ ਹਰਨੇਕ ਦਾ ਮਾਮਾ ਸਗਨ ਦੀ ਮੋਹਰ ਲੈ ਕੇ ਕੰਵਲ ਹੋਰਾਂ ਦੇ ਘਰ ਪਹੁਚ ਜਾਂਦਾ ਹੈ। ਕੰਵਲ ਦਾ ਭਰਾ ਬੜਾ ਹੈਰਾਨ ਹੁੰਦਾ ਹੈ। ਉਸਦੇ ਮਨ ਵਿਚ ਇਹੀ ਸ਼ੰਕਾ ਹੈ ਕਿ ਜਿਹੜੀ ਕੰਵਲ ਨੇ ਵੱਡੇ ਵੱਡੇ ਅਫ਼ਸਰਾਂ ਨਾਲ ਵਿਆਹ ਕਰਵਾਉਣਾ ਪ੍ਰਵਾਨ ਨਹੀਂ ਕੀਤਾ, ਉਹ ਹਰਨੇਕ ਵਰਗੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘੱਟ-ਪੜ੍ਹੇ ਅਤੇ ਦੁਹਾਜੂ ਬੰਦੇ ਨਾਲ ਵਿਆਹ ਕਰਵਾਉਣਾ ਕਿਥੋਂ ਮੰਨ ਜਾਏਗੀ। ਪਰ ਕੰਵਲ ਤਾਂ ਜਿਵੇਂ ਹਰਨੇਕ ਦੇ ਸੁਨੇਹੇ ਨੂੰ ਹੀ ਉਡੀਕ ਰਹੀ ਸੀ। ਉਹ ਇੱਕ ਦਮ 'ਹਾਂ' ਕਰ ਦਿੰਦੀ ਹੈ। ਹਰਨੇਕ ਤੇ ਕੰਵਲ ਦਾ ਵਿਆਹ ਹੋ ਜਾਂਦਾ ਹੈ ਅਤੇ ਕੰਵਲ ਬੜੀ ਖੁਸ਼ੀ-ਖੁਸ਼ੀ ਆਪਣੀ ਬਾਕੀ ਜ਼ਿੰਦਗੀ ਹਰਨੇਕ ਨੂੰ ਅਰਪਣ ਕਰ ਦਿੰਦੀ ਹੈ। ਉਹ ਆਪਣੇ ਹੱਥ ਨਾਲ ਸੀਰੀਆਂ ਦੀ ਰੋਟੀ ਬਣਾਉਂਦੀ ਹੈ, ਭੱਤਾ ਲੈ ਕੇ ਖੇਤਾਂ ਵਿਚ ਜਾਂਦੀ ਹੈ ਅਤੇ ਹਰਨੇਕ ਦੀ ਪਹਿਲੀ ਵਹੁਟੀ ਦੇ ਮੁੰਡੇ ਭਿੰਦਰ ਨੂੰ ਉਸਦੀ ਸਕੀ ਮਾਂ ਨਾਲੋਂ ਵੀ ਵਧੇਰੇ ਮੋਹ ਨਾਲ ਪਾਲਦੀ ਹੈ। ਕੰਵਲ ਦੇ ਵਿਆਹ ਤੋਂ ਥੋੜ੍ਹੀ ਦੇਰ ਪਿਛੋਂ ਇਕ ਵਾਰ ਕਿਰਨ ਅਤੇ ਉਸਦਾ ਪਤੀ, ਕੰਵਲ ਨੂੰ ਮਿਲਣ ਉਸਦੇ ਸਹੁਰੇ ਪਿੰਡ ਜਾਂਦੇ ਹਨ। ਉਹ ਵੇਖਦੇ ਹਨ ਕਿ ਕੰਵਲ ਬੜੀ ਖ਼ੁਸ਼ ਹੈ। ਘਟੋ-ਘੱਟ ਆਪਣੀ ਕਿਸੇ ਉਦਾਸੀ ਦਾ ਪਤਾ ਉਹ ਉਨ੍ਹਾਂ ਨੂੰ ਨਹੀਂ ਲੱਗਣ ਦਿੰਦੀ।

ਕੰਵਲ ਦੇ ਹਰਨੇਕ ਨਾਲ ਵਿਆਹ ਕਰਵਾ ਕੇ ਖ਼ੁਸ਼ ਰਹਿਣ ਦਾ ਸਭ ਤੋਂ ਵੱਡਾ ਰਾਜ਼ ਇਹ ਹੈ ਕਿ ਉਸਨੇ ਇਹ ਵਿਆਹ ਆਪਣੀ ਸੁੈ-ਚੋਣ ਨਾਲ ਕਰਵਾਇਆ ਹੈ। ਘਟੋ-ਘੱਟ ਕੋਈ ਬੰਦਾ ਨਿਸ਼ਚਿਤ ਸਮਾਂ ਦੇ ਕੇ ਉਸਨੂੰ ਵੇਖਣ-ਪਰਖਣ ਵਾਸਤੇ ਉਨ੍ਹਾਂ ਦੇ ਘਰ ਨਹੀਂ ਆਇਆ। ਉਸਨੂੰ ਕਿਸੇ ਬੰਦੇ ਅੱਗੇ ਆਪਣੇ ਪਿੰਡੇ ਦੀ ਨੁਮਾਇਸ਼ ਨਹੀਂ ਲਾਉਣੀ ਪਈ। ਕੰਵਲ ਇਸ ਵਾਸਤੇ ਵੀ ਖ਼ੁਸ਼ ਹੈ ਕਿ ਹਰਨੇਕ ਉਸਦੀ ਮਰਜ਼ੀ ਨੂੰ ਆਪਣੀ ਮਰਜ਼ੀ ਮੰਨਦਾ ਹੈ। ਆਮ ਮਰਦਾਂ ਵਾਂਗ ਉਹ ਪਤਨੀ ਨੂੰ 'ਪੈਰ ਦੀ ਜੁੱਤੀ' ਨਹੀਂ ਸਮਝਦਾ। ਇਸ ਗੱਲ ਦਾ ਇਕ ਤਾਂ ਕਾਰਣ ਇਹ ਵੀ ਹੋ ਸਕਦਾ ਹੈ ਕਿ ਹਰਨੇਕ ਘੱਟ ਪੜ੍ਹਿਆ-ਲਿਖਿਆ ਹੈ ਅਤੇ ਦੂਸਰੇ ਉਹ ਦੁਹਾਜੂ ਹੈ। ਅਜਿਹੇ ਬੰਦੇ ਨੂੰ ਕੰਵਲ ਵਰਗੀ ਪਤਨੀ ਮਿਲ ਜਾਣਾ ਇਕ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ। ਕੰਵਲ ਦੀ ਖੁਸ਼ੀ ਦਾ ਇਕ ਕਾਰਣ ਇਹ ਵੀ ਹੈ ਕਿ ਹਰਨੇਕ ਵਰਗੇ ਘੱਟ ਪੜ੍ਹੇ-ਲਿਖੇ ਅਤੇ ਜਟਕਾ ਕੰਮ ਕਰਨ ਵਾਲੇ ਪਤੀ ਨਾਲ ਵਿਆਹ ਕਰਾਕੇ ਉਹ ਇਕ ਤਰ੍ਹਾਂ ਨਾਲ 'ਸ਼ਹੀਦ' ਦਾ ਦਰਜਾ ਪ੍ਰਾਪਤ ਕਰ ਗਈ ਹੈ। ਉਹ ਆਪਣੇ ਘਰ ਵਾਲਿਆਂ, ਵਾਕਿਫ਼ਕਾਰਾਂ ਅਤੇ ਸਾਕ-ਸੰਬੰਧੀਆਂ ਨੂੰ ਆਪਣੇ ਇਸ ਕਰਮ ਨਾਲ ਚਕ੍ਰਿਤ ਕਰ ਸਕਦੀ ਹੈ। ਹਰਨੇਕ ਨਾਲ ਵਿਆਹ ਕਰਾ ਕੇ ਉਹ ਆਪਣੇ ਪੁਰਾਣੇ ਪੈਂਤੜੇ ਉੱਪਰ ਵੀ ਬਰਕਰਾਰ ਰਹਿ ਸਕਦੀ ਹੈ ਕਿ ਉਹ ਆਦਮੀਆਂ ਨੂੰ ਕੁੱਝ ਨਹੀਂ ਸਮਝਦੀ, ਉਨ੍ਹਾਂ ਦੀ ਕੱਖ ਪਰਵਾਹ ਨਹੀਂ ਕਰਦੀ। ਕਿਉਂਕਿ ਜੇ ਉਹ ਆਦਮੀ ਦੀ ਰਤਾ ਵੀ ਪਰਵਾਹ ਕਰਦੀ ਹੁੰਦੀ ਤਾਂ ਹਰਨੇਕ ਵਰਗੇ ਬੰਦੇ ਨਾਲ ਵਿਆਹ ਕਰਵਾ ਕੇ ਆਪਣੀ ਸੰਵੇਦਨ-ਸ਼ੀਲ ਅਤੇ ਸੁਤੰਤਰ ਜ਼ਿੰਦਗੀ ਬਰਬਾਦ ਨਾ ਕਰਦੀ।

ਦਲੀਪ ਕੌਰ ਟਿਵਾਣਾ ਨੇ ਕੰਵਲ ਦੇ ਕਿਰਦਾਰ ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸਾਡੇ ਸਮਾਜ ਵਿਚ ਲੜਕੀ ਚਾਹੇ ਕਿੰਨੀ ਵੀ ਪੜ੍ਹ ਲਿਖ ਜਾਏ, ਉਹ ਸੁਤੰਤਰ ਫ਼ੈਸਲੇ ਨਹੀਂ ਕਰ ਸਕਦੀ। ਆਪਣੀ ਮਰਜ਼ੀ ਨਾਲ ਸਿਨੇਮਾ ਨਹੀਂ ਜਾ ਸਕਦੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੈਰ ਨਹੀਂ ਕਰ ਸਕਦੀ ਅਤੇ ਨਾ ਹੀ ਕਿਸੇ ਪੁਰਖ ਮਿੱਤਰ ਨਾਲ ਦੋਸਤੀ ਕਰ ਸਕਦੀ ਹੈ। ਸਾਡੇ ਸਮਾਜ ਵਿਚ ਪੜ੍ਹਿਆ-ਲਿਖਿਆ ਵਰਗ ਵੀ ਸਹੀ ਮਾਅਨਿਆਂ ਵਿਚ ਕਿਸੇ ਸੁਤੰਤਰ ਔਰਤ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਸਾਡੇ ਸਮਾਜ ਵਿਚ ਔਰਤ ਉਸ ਲਈ ਇਕ ਸਟੇਟਸ-ਸਿੰਬਲ (status-symbol) ਹੈ। ਉਹ ਔਰਤ ਦਾ ਕੱਦ-ਬੁੱਤ ਅਤੇ ਰੂਪ-ਰੰਗ ਦੇਖ ਕੇ ਹੀ ਉਸਨੂੰ ਪਸੰਦ ਜਾਂ ਨਾ ਪਸੰਦ ਕਰਦਾ ਹੈ। ਉਸ ਲਈ ਕਿਸੇ ਔਰਤ ਦੀ ਜਿਹਨੀ-ਖ਼ੂਬਸੂਰਤੀ ਦੇ ਕੋਈ ਅਰਥ ਨਹੀਂ। ਇਸੇ ਲਈ ਅਸੀਂ ਦੇਖਦੇ ਹਾਂ ਕਿ ਖ਼ੂਬਸੂਰਤ ਅਤੇ ਅਰਥ-ਭਰਪੂਰ ਜ਼ਿੰਦਗੀ ਜਿਊਣ ਦੀ ਉਮੰਗ ਵਿਚ ਇਤਨੀ ਲੰਬੀ ਵਾਟ ਚੱਲ ਕੇ ਵੀ ਅੰਤ ਕੰਵਲ ਨੂੰ ਹਰਨੇਕ ਨਾਲ ਹੀ ਜ਼ਿੰਦਗੀ ਜਿਊਣ ਦਾ ਫ਼ੈਸਲਾ ਕਰਨਾ ਪੈਂਦਾ ਹੈ। ਭਾਰਤੀ ਪਰਿਵੇਸ਼ ਵਿਚ ਇਕ 'ਔਰਤ ਦੀ ਵਾਟ' ਵਾਕਈ ਬੜੀ ਲੰਮੀ ਅਤੇ ਯਾਤਨਾ ਭਰਪੂਰ ਹੈ।

ਸਾਡੇ ਸਮਾਜ ਵਿਚ ਕੇਵਲ ਨਾਰੀ ਹੀ ਬੇਬਸ ਅਤੇ ਵਿਚਾਰੀ-ਜਿਹੀ ਜ਼ਿੰਦਗੀ ਨਹੀਂ ਜਿਊਂਦੀ ਸਗੋਂ ਵੱਡੀਆਂ-ਵੱਡੀਆਂ ਕੋਠੀਆਂ ਵਿਚ ਬੰਧੂਆਂ ਮਜ਼ਦੂਰਾਂ ਵਰਗੀ ਜ਼ਿੰਦਗੀ ਜੀਣ ਉਤੇ ਮਜਬੂਰ, ਛੋਟੇ-ਛੋਟੇ ਬੱਚੇ ਵੀ ਅਤਿਅੰਤ ਦੁਖਦਾਈ ਜ਼ਿੰਦਗੀ ਵਿਚੋਂ ਗੁਜ਼ਰ ਰਹੇ ਹਨ। ਇਸ ਨਾਵਲ ਵਿਚ 'ਜੀਤੂ' ਦੇ ਕਿਰਦਾਰ ਦੁਆਰਾ ਨਾਵਲਕਾਰ ਨੇ ਮਿਹਨਤ-ਮਜ਼ਦੂਰੀ ਕਰ ਰਹੇ ਇਨ੍ਹਾਂ ਛੋਟੇ-ਛੋਟੇ ਬੱਚਿਆਂ ਦੇ ਜੀਵਨ ਦੇ ਕਰੁਣ-ਪ੍ਰਸੰਗ ਆਪਣੇ ਪਾਠਕਾਂ ਨਾਲ ਸਾਂਝੇ ਕੀਤੇ ਹਨ।

ਮਾਂ-ਬਾਪ ਅਤੇ ਆਪਣੇ ਸਭਿਆਚਾਰਕ ਪਰਿਵੇਸ਼ ਨਾਲੋਂ ਟੁੱਟ ਕੇ ਰੋਜ਼ੀ-ਰੋਟੀ ਦੀ ਭਾਲ ਵਿਚ ਬਹੁਤ ਦੂਰ ਨਿਕਲ ਆਏ ਅਜਿਹੇ ਬੱਚਿਆਂ ਦੀ ਦੁਖਦਾਈ ਜ਼ਿੰਦਗੀ, ਇਸ ਨਾਵਲ ਦਾ ਦੂਜਾ ਮਹੱਤਵਪੂਰਣ ਵਿਸ਼ਾ ਹੈ। ਅਸਲ ਵਿਚ 'ਵਾਟ ਹਮਾਰੀ' ਨਾਵਲ ਦਾ ਆਰੰਭ ਅਤੇ ਅੰਤ ਦੋਵੇਂ ਜੀਤੂ ਦੀ ਜ਼ਿੰਦਗੀ ਦੇ ਕਰੁਣ-ਪ੍ਰਸੰਗ ਨੂੰ ਹੀ ਪੇਸ਼ ਕਰਦੇ ਹਨ। ਇਸ ਨਾਵਲ ਦੇ ਪਹਿਲੇ ਕਾਂਡ ਵਿਚ ਜੀਤੂ ਆਪਣੇ ਮਾਲਕਾਂ ਲਈ ਸਬਜ਼ੀ ਲੈ ਕੇ ਕੋਠੀ ਵਿਚ ਪਰਿਵੇਸ਼ ਕਰਦਾ ਦਿਖਾਇਆ ਗਿਆ ਹੈ। ਇਸ ਕਾਂਡ ਵਿਚ ਉਹ ਕੋਠੀ ਵਿਚ ਸਫ਼ਾਈਆਂ ਆਦਿਕ ਕਰਨ ਉਤੇ ਲੱਗੀ ਹੋਈ ਪਰਤਾਪੀ ਅਤੇ ਗਜਾ ਮੰਗਣ ਆਏ ਸਾਧੂ ਨੂੰ ਬੁਰਾ-ਭਲਾ ਕਹਿੰਦਾ ਹੈ। ਉਸਦਾ ਖ਼ਿਆਲ ਹੈ ਕਿ ਇਹ ਲੋਕ ਉਸਦੇ ਮਾਲਕਾਂ ਦਾ ਨੁਕਸਾਨ ਕਰਦੇ ਹਨ। ਉਹ ਮਾਲਕਣ ਦੀਆਂ ਨੌਜਵਾਨ ਧੀਆਂ ਦਾ ਵੀ ਪੂਰਾ-ਪੂਰਾ ਖ਼ਿਆਲ ਰੱਖਦਾ ਹੈ। ਇਕ ਵਾਰ ਇਨ੍ਹਾਂ ਕੁੜੀਆਂ ਨੂੰ ਸਿਨੇਮਾ ਜਾਣ ਲਈ ਪੈਸਿਆਂ ਦੀ ਜ਼ਰੂਰਤ ਪੈਂਦੀ ਹੈ ਤਾਂ ਉਹ ਆਪਣੀ ਤਨਖ਼ਾਹ ਦੇ ਪੈਸਿਆਂ ਨਾਲ ਇਨ੍ਹਾਂ ਨੂੰ ਟਿਕਟਾਂ ਖਰੀਦ ਕੇ ਦੇ ਦਿੰਦਾ ਹੈ। ਉਹ ਇਨ੍ਹਾਂ ਕੁੜੀਆਂ ਦੀ ਬੇਇੱਜ਼ਤੀ ਜਾਂ ਬਦਨਾਮੀ ਨਹੀਂ ਸਹਾਰ ਸਕਦਾ। ਇਕ ਵਾਰ ਜਦੋਂ ਕੰਵਲ ਅਤੇ ਉਸਦੀ ਛੋਟੀ ਭੈਣ ਕਿਰਨ ਕਾਲਿਜ ਦੇ ਕਿਸੇ ਫੰਕਸ਼ਨ ਤੋਂ ਰਾਤ ਦੇ ਸਮੇਂ ਆਪਣੇ ਘਰ ਪਰਤ ਰਹੀਆਂ ਹੁੰਦੀਆਂ ਹਨ ਤਾਂ ਇਕ ਗੁੰਡਾ ਉਨ੍ਹਾਂ ਨੂੰ ਛੇੜਣ ਦੀ ਕੋਸ਼ਿਸ਼ ਕਰਦਾ ਹੈ। ਜੀਤੂ ਆਪਣੇ ਤੋਂ ਦੁਗਣੇ ਉਸ ਮੁੰਡੇ ਦੇ ਗਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈ ਜਾਂਦਾ ਹੈ। ਭਾਵੇਂ ਇਸ ਲੜਾਈ ਵਿਚ ਉਸਨੂੰ ਕਾਫ਼ੀ ਸੱਟਾਂ ਲੱਗਦੀਆਂ ਹਨ ਪਰੰਤੂ ਉਹ ਆਪਣੀ ਮਾਲਕਣ ਦੀਆਂ ਧੀਆਂ ਉੱਪਰ ਕੋਈ ਆਂਚ ਨਹੀਂ ਆਉਣ ਦਿੰਦਾ।

ਜੀਤੂ ਦੀ ਨਜ਼ਰ ਵਿਚ ਉਹ ਆਪਣੀ ਮਾਲਕਣ, ਉਸਦੀਆਂ ਤਿੰਨ ਧੀਆਂ ਅਤੇ ਇਕ ਪੁੱਤਰ ਸੁਖਜੀਤ ਦਾ ਹੀ ਨੌਕਰ ਹੈ। ਮਾਲਕਣ ਦੀਆਂ ਧੀਆਂ ਦੇ ਪਤੀਆਂ ਅਤੇ ਮਾਲਕਣ ਦੇ ਪੁੱਤਰ ਸੁਖਜੀਤ ਦੀ ਪਤਨੀ ਚੇਤਨਾ ਨੂੰ ਉਹ 'ਗ਼ੈਰ' ਹੀ ਸਮਝਦਾ ਹੈ। ਇਸੇ ਲਈ ਉਨ੍ਹਾਂ ਦਾ ਨਾ ਤਾਂ ਕਹਿਣਾ ਹੀ ਮੰਨਦਾ ਹੈ ਅਤੇ ਨਾ ਹੀ ਉਨ੍ਹਾਂ ਦਾ ਕੋਈ ਕੰਮ ਕਰਦਾ ਹੈ। ਉਹ ਚੇਤਨਾ ਨੂੰ 'ਕਟੇ ਬਾਲੋਂ ਵਾਲੀ ਮੇਮ ਸਾਹਬ' ਕਹਿੰਦਾ ਹੈ ਅਤੇ ਸੁਖਜੀਤ ਨਾਲ ਕੀਤੇ ਉਸਦੇ ਪ੍ਰੇਮ-ਵਿਆਹ ਨੂੰ ਚੰਗਾ ਨਹੀਂ ਸਮਝਦਾ। ਇਸੇ ਤਰ੍ਹਾਂ ਉਹ ਮਧੂ ਦੇ ਪਤੀ ਬਲਬੀਰ ਨੂੰ ਵੀ ਚੰਗਾ ਨਹੀਂ ਸਮਝਦਾ। ਇਕ ਵਾਰ ਉਹ ਉਨ੍ਹਾਂ ਪਾਸ ਦਿੱਲੀ ਚਲਾ ਜਾਂਦਾ ਹੈ। ਉਥੇ ਇਕ ਵਾਰ ਬਲਬੀਰ ਕਿਸੇ ਗੱਲੋਂ ਮਧੂ ਨੂੰ ਝਿੜਕ ਦਿੰਦਾ ਹੈ। ਜੀਤੂ ਇਸ ਸਥਿਤੀ ਨੂੰ ਪ੍ਰਵਾਨ ਨਹੀਂ ਕਰ ਸਕਦਾ ਅਤੇ ਉਹ ਬਲਬੀਰ ਨਾਲ ਗੁੱਸੇ ਹੋ ਕੇ ਵਾਪਸ ਪਟਿਆਲੇ ਆ ਜਾਂਦਾ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਜੀਤੂ ਆਪਣੇ ਸਾਰੇ ਸੁਪਨੇ ਅਤੇ ਇੱਛਾਵਾਂ ਸਰਦਾਰਨੀ ਅਤੇ ਉਸਦੇ ਪਰਿਵਾਰ ਉਤੋਂ ਕੁਰਬਾਨ ਕਰ ਦਿੰਦਾ ਹੈ। ਉਹ ਆਪਣੀ ਜ਼ਿੰਦਗੀ ਦਾ ਕੇਵਲ ਇੱਕੋ-ਇੱਕ ਪ੍ਰਯੋਜਨ ਮਿਥੀ ਬੈਠਾ ਹੈ : ਇਸ ਪਰਿਵਾਰ ਦੀ ਸੇਵਾ ਕਰਨਾ। ਪਰੰਤੂ ਇਸ ਦੇ ਇਵਜ਼ ਵਿਚ ਉਸ ਨੂੰ ਕੀ ਮਿਲਦਾ ਹੈ? ਝਿੜਕਾਂ, ਥੱਪੜ ਅਤੇ ਜੁੱਤੀਆਂ। ਇੱਕ ਵਾਰ ਉਹ ਚੇਤਨਾ ਦੀਆਂ ਗੱਲਾਂ ਵਿੱਚ ਆ ਕੇ ਆਪਣੀ ਸ਼ਾਦੀ ਦੇ ਖ਼ਾਬ ਵੇਖਣੇ ਸ਼ੁਰੂ ਕਰ ਦਿੰਦਾ ਹੈ। ਜਦ ਉਸਦੇ ਇਹ ਖ਼ਾਬ ਟੁੱਟਦੇ ਹਨ ਤਾਂ ਉਹ ਬੜੀ ਨਿਰਾਸ਼ਮਈ ਸਥਿਤੀ ਵਿੱਚ ਪਹੁੰਚ ਜਾਂਦਾ ਹੈ। ਇਸ ਮਨੋ ਸਥਿਤੀ ਵਿੱਚ ਉਸਨੂੰ ਸ਼ਰਾਬ ਦੀ ਤਲਬ ਹੁੰਦੀ ਹੈ। ਸ਼ਰਾਬ ਖਰੀਦਣ ਵਾਸਤੇ ਉਹ ਚੇਤਨਾ ਦੀ ਹੀ ਘੜੀ ਚੁਰਾ ਲੈਂਦਾ ਹੈ। ਸੁਖਜੀਤ ਉਸਦੇ ਥੱਪੜ ਮਾਰ ਕੇ ਉਸਨੂੰ ਘਰੋਂ ਬਾਹਰ ਕੱਢ ਦਿੰਦਾ ਹੈ। ਫਿਰਦਾ-ਫਿਰਉਂਦਾ ਉਹ ਦਿੱਲੀ ਪਹੁੰਚ ਜਾਂਦਾ ਹੈ। ਭੁੱਖ ਦੇ ਦੁੱਖੋਂ ਇੱਥੇ ਵੀ ਉਹ ਇੱਕ ਚੋਰੀ ਕਰ ਬੈਠਦਾ ਹੈ ਪਰੰਤੂ ਕਿਉਂਕਿ ਉਹ ਕੋਈ ਪੇਸ਼ਾਵਰ ਚੋਰ ਨਹੀਂ ਇਸ ਲਈ ਉਹ ਝੱਟ ਹੀ ਫੜਿਆ ਜਾਂਦਾ ਹੈ। ਉਸਨੂੰ ਤਿੰਨ ਮਹੀਨੇ ਦੀ ਕੈਦ ਹੋ ਜਾਂਦੀ ਹੈ। ਕੈਦ ਦੇ ਦੌਰਾਨ ਹੀ ਉਸਨੂੰ ਟੀ. ਬੀ. ਹੋ ਜਾਂਦੀ ਹੈ। ਰਿਹਾਅ ਹੋਣ ਪਿਛੋਂ ਉਹ ਬਹੁਤ ਵਰ੍ਹਿਆਂ ਬਾਦ ਆਪਣੇ 'ਦੇਸ਼' ਬਿਹਾਰ ਚਲਾ ਜਾਂਦਾ ਹੈ। ਉਸਦੀ ਹਾਲਤ ਦਿਨੋ-ਦਿਨ ਵਿਗੜਦੀ ਚਲੀ ਜਾਂਦੀ ਹੈ। ਆਖ਼ਰ ਉਹ ਮਰਨ ਕਿਨਾਰੇ ਪਹੁੰਚ ਜਾਂਦਾ ਹੈ ਪਰੰਤੂ ਇਸ ਸਥਿਤੀ ਵਿੱਚ ਵੀ ਉਹ ਆਪਣੇ ਮਾਲਕਾਂ ਨੂੰ ਭੁੱਲਦਾ ਨਹੀਂ, ਸਗੋਂ ਦੋਬਾਰਾ ਉਨ੍ਹਾਂ ਕੋਲ ਪਹੁੰਚਣ ਦੀ ਆਰਜ਼ੂ ਵਿੱਚ ਇੱਕ ਚਿੱਠੀ ਲਿਖਦਾ ਹੈ :

"ਯਹਾਂ ਪਰ ਸਭ ਰਾਜ਼ੀ ਖੁਸ਼ੀ ਹੈ, ਆਪ ਕੀ ਰਾਜ਼ੀ ਖੁਸ਼ੀ ਭਗਵਾਨ ਸੇ ਚਾਹਤਾ ਹੂੰ। ਮੈਂ ਯਹਾਂ ਹੂੰ ਘਰ ਪਰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੁਖਾਰ ਆਤਾ ਹੈ। ਬੇਲੀ ਸੇ ਪੂਛਨਾ ਮੈਂ ਆ ਜਾਊਂ। ਕੰਵਲ ਬਹਿਨ ਜੀ ਕੋ ਨਮਸਤੇ। ਕਾਕਾ ਜੀ ਕੋ ਭੀ ਨਮਸਤੇ। ਕਟੇ ਬਾਲੋਂ ਵਾਲੀ ਮੇਮ ਸਾਹਬ ਕੋ ਭੀ ਨਮਸਤੇ। ਬੇਜੀ ਕੋ ਭੀ ਨਮਸਤੇ। ਜਿਪਸੀ ਕੋ ਭੀ ਨਮਸਤੇ। ਪਰਤਾਪੀ ਕੋ ਭੀ ਨਮਸਤੇ ਬੋਲਨਾ।"

(ਪੰਨਾ 146)

ਪਰੰਤੂ ਜੀਤੂ ਦੇ ਇਸ ਆਖ਼ਰੀ ਖ਼ਤ ਦਾ ਕੋਈ ਜਵਾਬ ਨਹੀਂ ਆਉਂਦਾ। ਖ਼ਤ ਦੀ ਇੰਤਜ਼ਾਰ ਵਿੱਚ ਹੀ ਉਸਦੀ ਮੌਤ ਹੋ ਜਾਂਦੀ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਜੀਤੂ ਵਰਗੇ ਅਣਹੋਇਆਂ ਦੀ ਔਖੀ 'ਵਾਟ' ਇਸ ਨਾਵਲ ਦੇ ਕਥਾ-ਪ੍ਰਬੰਧ ਦਾ ਦੂਜਾ ਮੁੱਖ ਸੂਤਰ ਹੈ। ਡਾ. ਦਲੀਪ ਕੌਰ ਟਿਵਾਣਾ ਨੇ ਦਰਸਾਇਆ ਹੈ ਕਿ ਸਾਡੀ ਸਮਾਜਿਕ ਵਿਵਸਥਾ ਵਿੱਚ ਬਾਲ-ਮਜ਼ਦੂਰ ਵੀ ਇਸਤ੍ਰੀ ਵਾਂਗ ਹੀ ਇੱਕ ਸ਼ੋਸ਼ਿਤ ਜਾਂ ਦਲਿਤ-ਸ਼੍ਰੇਣੀ ਵਿੱਚ ਆਉਂਦੇ ਹਨ। ਇਨ੍ਹਾਂ ਦੀ ਜ਼ਿੰਦਗੀ ਦਾ ਹਰ ਰੰਗੀਨ ਖ਼ਾਬ ਹਕੀਕਤ ਵਿੱਚ ਵਟਣ ਤੋਂ ਪਹਿਲਾਂ ਹੀ ਕੁਚਲ ਦਿੱਤਾ ਜਾਂਦਾ ਹੈ।

'ਵਾਟ ਹਮਾਰੀ' ਵਿੱਚ ਉਠਾਇਆ ਗਿਆ ਇੱਕ ਹੋਰ ਵਿਸ਼ਾ ਵਿਆਹ-ਸਮੱਸਿਆ ਨਾਲ ਸੰਬੰਧਿਤ ਹੈ। ਹਰ ਸਮਾਜ ਅਤੇ ਜਾਤੀ ਵਿੱਚ ਵਿਆਹ ਦੀਆਂ ਕੁੱਝ ਵਿਸ਼ੇਸ਼ ਰਸਮਾਂ ਹੁੰਦੀਆਂ ਹਨ। ਸਮਾਜ ਦੇ ਆਰਥਿਕ ਆਧਾਰ ਬਦਲਣ ਦੇ ਨਾਲ-ਨਾਲ ਵਿਆਹ ਦੀਆਂ ਰਸਮਾਂ ਵਿੱਚ ਵੀ ਤਬਦੀਲੀ ਆਉਂਦੀ ਰਹਿੰਦੀ ਹੈ। ਭਾਵੇਂ ਇਹ ਤਬਦੀਲੀ ਆਰਥਿਕ ਆਧਾਰ ਵਿੱਚ ਆ ਰਹੀ ਤਬਦੀਲੀ ਨਾਲੋਂ ਕਾਫ਼ੀ ਧੀਮੀ ਹੁੰਦੀ ਹੈ ਪਰੰਤੂ ਇਹ ਹੁੰਦੀ ਜ਼ਰੂਰ ਹੈ। ਅੱਜ ਤੋਂ ਵੀਹ-ਤੀਹ ਵਰ੍ਹੇ ਪਹਿਲਾਂ ਇੱਕ ਦੂਜੇ ਨੂੰ ਵੇਖਣਾ ਜਾਂ ਮਿਲਣਾ ਪੂਰੀ ਤਰ੍ਹਾਂ ਵਿਵਰਜਿਤ ਸੀ। ਇਸ ਗੱਲ ਨੂੰ ਇੱਕ ਅਪਰਾਧ ਮੰਨਿਆ ਜਾਂਦਾ ਸੀ। ਪਰੰਤੂ ਅੱਜ ਇਸ ਗੱਲ ਨੂੰ ਸਮਾਜ ਨੇ ਆਪਣੀ ਬਣਤਰ ਅਤੇ ਸੁਭਾਅ ਦੇ ਇੱਕ ਅੰਗ ਵਜੋਂ ਪ੍ਰਵਾਨ ਕਰ ਲਿਆ ਹੈ। ਮਧੂ ਅਤੇ ਕਿਰਨ ਦੇ ਵਿਆਹ ਤੋਂ ਪਹਿਲਾਂ ਬਲਬੀਰ ਅਤੇ ਸੁਰਿੰਦਰ ਉਨ੍ਹਾਂ ਨੂੰ ਵੇਖਣ ਲਈ ਉਨ੍ਹਾਂ ਦੇ ਘਰ ਆਉਂਦੇ ਹਨ। ਕੰਵਲ ਇਸ ਤਬਦੀਲੀ ਨੂੰ ਪਸੰਦ ਨਹੀਂ ਕਰਦੀ। ਉਹ ਇਸ ਨੂੰ ਔਰਤ ਦੀ ਨੁਮਾਇਸ਼ ਦਾ ਨਾਮ ਦਿੰਦੀ ਹੈ। ਇਸੇ ਲਈ ਉਹ ਇਸ ਤਰ੍ਹਾਂ ਦੀ ਵੈਵਾਹਿਕ ਰਸਮ ਨੂੰ ਪ੍ਰਵਾਨ ਨਹੀਂ ਕਰਦੀ ਅਤੇ ਆਪਣੀ ਮਰਜ਼ੀ ਨਾਲ ਹਰਨੇਕ ਨਾਲ ਸ਼ਾਦੀ ਰਚਾ ਲੈਂਦੀ ਹੈ ਜੋ ਉਸਨੂੰ ਦੇਵਨੇਤ ਨਾਲ ਹੀ ਇੱਕ ਵਾਰ ਗੁਰਦੁਆਰਾ ਦੂਖ ਨਿਵਾਰਨ ਦੇ ਨੇੜੇ ਮਿਲ ਜਾਂਦਾ ਹੈ।

ਪੰਜਾਬ ਵਿੱਚ ਵਿਆਹ-ਪ੍ਰਬੰਧ ਦੇ ਸਤਹੀ ਪੱਧਰ ਉੱਤੇ ਭਾਵੇਂ ਕਾਫ਼ੀ ਤਬਦੀਲੀਆਂ ਆ ਗਈਆਂ ਹਨ ਪਰੰਤੂ ਇਸ ਵਿੱਚ ਕੋਈ ਅਜਿਹਾ ਮੂਲਕ ਪਰਿਵਰਤਨ ਨਹੀਂ ਆਇਆ ਜੋ ਇਸ ਪ੍ਰਬੰਧ ਨੂੰ ਧੁਰ-ਅੰਦਰੋਂ ਹਿਲਾ ਕੇ ਰੱਖ ਦੇਵੇ। ਸਾਡੇ ਇੱਥੇ 'ਪੁੰਨ-ਦੇ ਵਿਆਹ' ਨੂੰ ਹੀ ਸਰਵੋਤਮ ਅਤੇ ਸ਼ਿਰੋਮਣੀ ਮੰਨਿਆ ਜਾਂਦਾ ਹੈ। ਪੈਸੇ ਦੇ-ਲੈ ਕੇ ਵਿਆਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨਾ ਜਾਂ ਵੱਟੋ-ਦੇ-ਵਿਆਹ' ਨੂੰ ਸਮਾਜ ਵਿੱਚ ਸਨਮਾਨ ਦੀ ਦ੍ਰਿਸ਼ਟੀ ਨਾਲ ਨਹੀਂ ਵੇਖਿਆ ਜਾਂਦਾ। ਥੜ੍ਹੇ ਲੋਕ ਭਾਵੇਂ ਅਜਿਹੇ ਵਿਆਹ ਕਰਵਾ ਲੈਂਦੇ ਹਨ ਤਾਂ ਵੀ ਹਰ ਅਮੀਰ-ਗਰੀਬ ਦੀ ਇਹੀ ਸੱਧਰ ਹੁੰਦੀ ਹੈ ਕਿ ਉਹ ਆਪਣੀਆਂ ਧੀਆਂ ਦੇ 'ਪੁੰਨ-ਦੇ-ਵਿਆਹ' ਕਰਨ। ਇਸ ਪੁੰਨ-ਦੇ-ਵਿਆਹ' ਦੇ ਸੰਬੰਧ ਵਿੱਚ ਸਰਦਾਰਨੀ ਦੇ ਘਰ ਸਫ਼ਾਈਆਂ ਦਾ ਕੰਮ ਕਰਨ ਵਾਲੀ ਮਾਈ ਪਰਤਾਪੀ ਸਰਦਾਰਨੀ ਨੂੰ ਕਹਿੰਦੀ ਹੈ :

> "ਮਖਾਂ ਤੇਰੇ ਕੋਲ ਕੀ ਲਕੋ ਐ ਬੇਬੇ ਜੀ, ਅਗਲਿਆਂ ਨੂੰ ਸਾਰਖਰੀ ਦੱਸ ਤੀ ਬਈ ਆਪਣਾ ਸਿਰ ਤੁਸੀ ਆਪ ਹੀ ਗੁੰਦ ਕੇ ਜਾਣਾ ਐ, ਜਦ ਮਰਜ਼ੀ ਲੈ ਜੋ। ਮੇਤੇ 'ਚ ਤਾਂ ਡੱਕੇ ਦੀ ਪਰੋਖੋਂ ਨੀ। ਗੱਡੇ ਅਰਗੀ ਕੁੜੀ ਕੋਈ ਹੋਰ ਹੁੰਦਾ ਹਜ਼ਾਰ ਰੁਪਈਆ ਧਰਾ ਲੈਂਦਾ। ਮੈਂ ਤਾਂ ਅਮਲੀ ਨੂੰ ਆਖਤਾ ਬਈ ਕਾਹਦੀ ਖ਼ਾਤਰ ਅਗੇਤ ਨੂੰ ਰੱਸੇ ਵਟਣੇ ਐ। ਅਗੇ ਹੀ ਖ਼ਤਰਨੀ ਕਿਹੜੇ ਜਨਮਾਂ ਦੇ ਧੱਕੇ ਫਿਰਦੇ ਆਂ। (ਪੰਨਾ 10)

ਅਸਲ ਵਿੱਚ ਇਹ ਸਾਰਾ ਨਾਵਲ ਢਹਿੰਦੀ ਜਾ ਰਹੀ ਜਾਗੀਰਦਾਰੀ ਅਰਥ-ਵਿਵਸਥਾ ਦਾ ਸੂਚਕ ਹੈ। ਬਾਲਜ਼ਾਕ ਅਤੇ ਤਾਲਸਤਾਏ ਵਰਗੇ ਨਾਵਲਕਾਰਾਂ ਨੇ ਆਪਣੇ-ਆਪਣੇ ਨਾਵਲਾਂ ਵਿੱਚ ਜਿਸ ਤਰ੍ਹਾਂ ਜਗੀਰਦਾਰੀ ਅਤੇ ਰਜਵਾੜਾਸ਼ਾਹੀ ਦੀ ਪਤਨ ਉਨਮੁਖ ਤਸਵੀਰ ਆਪਣੇ ਨਾਵਲਾਂ ਵਿੱਚ ਖਿੱਚੀ ਸੀ. ਕੁੱਝ ਇਸੇ ਤਰ੍ਹਾਂ ਦਾ ਕੰਮ ਦਲੀਪ ਕੌਰ ਟਿਵਾਣਾ ਆਪਣੇ ਨਾਵਲਾਂ ਦੇ ਮਾਧਿਅਮ ਦੁਆਰਾ ਕਰ ਰਹੀ ਹੈ। ਭਾਵੇਂ ਇਹ ਵੱਖਰੀ ਗੱਲ ਹੈ ਕਿ ਉਸਦੇ ਅਨੁਭਵ ਦਾ ਘੇਰਾ ਅਤੇ ਅਭਿਵਿਅਕਤੀ ਦਾ ਕੈਨਵੱਸ ਅਜੇ ਕਾਫ਼ੀ ਛੋਟਾ ਜਿਹਾ ਹੈ ਤਾਂ ਵੀ ਉਹ ਸੁਚੇਤ ਜਾਂ ਅਚੇਤ ਰੂਪ ਵਿੱਚ ਇਹੀ ਕੰਮ ਕਰਦੀ ਆ ਰਹੀ ਹੈ। ਸਰਦਾਰਨੀ ਜਾਗੀਰਦਾਰੀ ਅਰਥ-ਵਿਵਸਥਾ ਦਾ ਪ੍ਰਤੀਨਿਧ ਕਿਰਦਾਰ ਹੈ। ਉਹ ਘਰ ਦੇ ਸਾਰੇ ਕੋਨਿਆਂ ਉੱਪਰ ਇੱਕ ਮਾਲਕਣ ਵਾਲਾ ਅਧਿਕਾਰ ਵੀ ਰੱਖਦੀ ਹੈ ਅਤੇ ਆਪਣੀ ਮਲਕੀਅਤ ਨੂੰ ਪਰਮਾਤਮਾ ਦੀ ਇੱਛਾ ਦਾ ਪਰਿਣਾਮ ਵੀ ਮੰਨਦੀ ਹੈ। ਉਸ ਦੇ ਮਨ ਵਿੱਚ ਅਜੇ ਪੂੰਜੀਵਾਦੀ ਅਰਥ-ਵਿਵਸਥਾ ਵਾਲਾ ਮਾਲਕ-ਮਜ਼ਦੂਰ ਦਾ ਸੰਕਲਪ ਪੈਦਾ ਨਹੀਂ ਹੋਇਆ। ਉਹ ਨੌਕਰਾਂ ਤੋਂ ਕੰਮ ਤਾਂ ਲੈਂਦੀ ਹੈ ਪਰੰਤੂ ਉਨ੍ਹਾਂ ਦਾ ਸ਼ੋਸ਼ਣ ਕਰਨ ਦੀ ਕੋਸ਼ਿਸ਼ ਨਹੀਂ ਕਰਦੀ। ਜੀਤੂ ਨਾਲ ਵੀ ਉਹ ਆਪਣੇ ਪਰਿਵਾਰ ਵਰਗਾ ਹੀ ਸੰਬੰਧ ਰੱਖਣ ਦੀ ਕੋਸ਼ਿਸ਼ ਕਰਦੀ ਹੈ। ਇੱਕ ਵਾਰ ਜਦ ਜੀਤੂ ਘਰੋਂ ਰੁੱਸ ਕੇ ਦਿੱਲੀ ਚਲਾ ਜਾਂਦਾ ਹੈ ਤਾਂ ਉਸਦੇ ਆਉਣ ਤੇ ਸਰਦਾਰਨੀ ਨੂੰ ਦਿਲੋਂ ਖੁਸ਼ੀ ਹੁੰਦੀ ਹੈ। ਉਹ ਆਪਣੇ ਪੁੱਤਰ ਸੁੱਖਜੀਤ ਨੂੰ ਕਹਿੰਦੀ ਹੈ :

> "ਵੇ ਕਾਕਾ ਏਸ ਬਚਾਰੇ ਨੂੰ ਕੀ ਪਤਾ ਐ ਦੁਨੀਆਂ ਦਾ। ਚਲ ਘਰ ਆ ਗਿਆ ਮੁੜ ਕੇ ਏਨਾਂ ਹੀ ਚੰਗਾ ਐ। ਮੈਨੂੰ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਸਾ ਵੱਢ-ਵੱਢ ਖਾਂਦਾ ਸੀ ਬਈ ਘਰੋਂ ਕਦੇ ਪੈਰ ਨੀ ਸੀ
ਪਟਿਆ ਹੁਣ ਖਬਰਨੀ ਕੀ ਬਣਿਆਂ ਹੋਊ ਚੰਦਰੇ ਦਾ।"
(ਪੰਨਾ 85)

ਸਰਦਾਰਨੀ ਦੇ ਵਿਪਰੀਤ ਸੁਖਜੀਤ ਅਤੇ ਚੇਤਨਾ ਪੂੰਜੀਵਾਦੀ ਅਰਥ-ਵਿਵਸਥਾ ਦੇ ਮਾਡਲ ਹਨ। ਚੇਤਨਾ ਆਪਣੇ ਨੌਕਰ ਨਾਲ ਕਿਸੇ ਤਰ੍ਹਾਂ ਦਾ ਕੋਈ ਰਿਸ਼ਤਾ ਰੱਖਣ ਦੇ ਹੱਕ ਵਿਚ ਨਹੀਂ। ਉਹ ਬਾਰ ਬਾਰ ਜੀਤੂ ਦਾ ਸ਼ੋਸ਼ਣ ਕਰਨ ਦੀ ਕੋਸ਼ਿਸ਼ ਵਿਚ ਲੱਗੀ ਰਹਿੰਦੀ ਹੈ। ਨੌਕਰ ਪ੍ਰਤੀ ਆਪਣੇ ਭਾਵਾਂ ਦਾ ਇਜਹਾਰ ਕਰਦੀ ਹੋਈ ਉਹ ਇਕ ਵਾਰ ਆਪਣੀ ਸੱਸ ਨੂੰ ਕਹਿੰਦੀ ਹੈ:

"ਤਾਂ ਹੀ ਨੌਕਰ ਸਿਰ ਚੜ੍ਹ ਜਾਂਦੇ ਨੇ। ਬਈ ਜਦੋਂ ਤਨਖ਼ਾਹ ਦੇਣੀ ਐ, ਮਣ ਮਣ ਰੋਟੀਆਂ ਖਵਾਉਣੀਆਂ ਨੇ. ਉਨੀਆਂ ਰੋਟੀਆਂ ਸਾਰਾ ਟੱਬਰ ਨੀ ਖਾਂਦਾ ਜਿੰਨੀਆਂ ਏਸ ਦੀਆਂ ਕੱਲੇ ਦੀਆਂ ਹੁੰਦੀਆਂ ਨੇ, ਫੇਰ ਮਾਰ ਜੁਤੀਆਂ ਕੰਮ ਕਿਉਂ ਨਾ ਲਿਆ ਜਾਵੇ।" (ਪੰਨਾ 60)

ਜਾਗੀਰਦਾਰੀ ਅਰਥ-ਵਿਵਸਥਾ ਵਿਚ 'ਇਹ ਲੋਕ' ਨਾਲੋਂ 'ਪਰਲੋਕ' ਨੂੰ ਵਧੇਰੇ ਮਹੱਤਵ ਦਿਤਾ ਜਾਂਦਾ ਹੈ। ਇਸ ਪ੍ਰਬੰਧ ਵਿਚ ਇਹ ਲੋਕ ਨੂੰ ਪਰਲੋਕ ਦੀ ਹੀ ਇਕ ਨਕਲ ਜਾਂ ਪੁੱਠ ਮੰਨਿਆਂ ਜਾਂਦਾ ਹੈ। ਸਰਦਾਰਨੀ ਅਮੀਰੀ-ਗਰੀਬੀ, ਦੁੱਖ ਸੁੱਖ ਅਤੇ ਖ਼ੁਸ਼ੀ-ਗਮੀ ਨੂੰ ਪਰਮਾਤਮਾ ਦੀ ਮਰਜ਼ੀ ਮੰਨ ਕੇ ਸੰਤੁਸ਼ਟ ਰਹਿੰਦੀ ਹੈ। ਇਕ ਵਾਰ ਜੀਤੂ ਉਸਨੂੰ ਕਹਿੰਦਾ ਹੈ ਕਿ ਉਹ ਲਾਟਰੀ ਜਿੱਤ ਕੇ ਸਰਦਾਰਨੀ ਦੇ ਪਰਿਵਾਰ ਦੀਆਂ ਸਾਰੀਆਂ ਮੁਸ਼ਕਿਲਾਂ ਹੱਲ ਕਰ ਦੇਵੇਗਾ ਤਾਂ ਸਰਦਾਰਨੀ ਉਸਨੂੰ ਜਵਾਬ ਦਿੰਦੀ ਹੋਈ ਕਹਿੰਦੀ ਹੈ:

"ਆਹੋ ਰਖੀ ਪਈ ਐ ਲਾਟਰੀ ਤੇਰੀ ਖਾਤਰ ਈ। ਏਹ ਤਾਂ ਜੀਹਨੇ ਪਿਛਲੇ ਜਨਮ ਬੀਜਿਆ ਹੁੰਦਾ ਐ ਉਹੀ ਏਥੇ ਵੱਢਦਾ ਐ। ਊਂ ਚਿਤ ਤਾਂ ਹਰੇਕ ਦਾ ਈ ਕਰਦਾ ਐ ਬਈ ਲਾਟਰੀ ਆ ਜੇ।"
(ਪੰਨਾ 17)

ਵਿਸ਼ੈ ਦੀ ਦ੍ਰਿਸ਼ਟੀ ਤੋਂ ਇਸ ਨਾਵਲ ਦਾ ਅਧਿਐਨ ਕਰਨ ਉਪਰੰਤ ਅਸੀਂ ਇਸ ਸਿਟੇ ਤੇ ਪਹੁੰਚਦੇ ਹਾਂ ਕਿ ਇਹ ਨਾਵਲ ਸਾਡੇ ਢਹਿ ਰਹੇ ਜਾਗੀਰਦਾਰੀ ਪ੍ਰਬੰਧ ਅਤੇ ਉੱਸਰ ਰਹੇ ਸਰਮਾਏਦਾਰੀ ਪ੍ਰਬੰਧ ਦੇ ਸੰਗਮ ਤੇ ਖੜ੍ਹੋ ਕੇ ਸਮਾਜ ਦੇ ਸ਼ੋਸ਼ਿਤ ਵਰਗ ਦੀ ਦੁਖਮਈ ਤਸਵੀਰ ਪੇਸ਼ ਕਰਦਾ ਹੈ। ਇਸਤ੍ਰੀ ਚਾਹੇ ਉਹ ਕਿਸੇ ਵੀ ਸਮਾਜਿਕ ਦਰਜੇ-ਬੰਦੀ ਨਾਲ ਸੰਬੰਧ ਰੱਖਦੀ ਹੋਵੇ, ਅਜੇ ਆਪਣੀ ਹੋਂਦ ਅਤੇ 'ਹੋਣੀ' ਦੇ ਦਰਮਿਆਨ ਪਿਸਦੀ ਜਾ ਰਹੀ ਹੈ। ਇਸ ਨਾਵਲ ਵਿਚ ਕੰਵਲ ਇਕ ਇਹੋ ਜਿਹੀ ਇਸਤ੍ਰੀ ਹੈ ਜੋ ਅਤਿਅੰਤ ਸੁਘੜ, ਸੰਵੇਦਨਸ਼ੀਲ ਅਤੇ ਪੜ੍ਹੀ-ਲਿਖੀ ਹੋਣ ਦੇ ਬਾਵਜੂਦ ਪੀੜਿਤ ਹੁੰਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹੀ। ਉਸਦੀ ਪੀੜਾ ਨੂੰ ਵਿਸਤਾਰ ਅਤੇ ਬਾਹਰਮੁਖੀ ਆਧਾਰ ਦੇਣ ਲਈ ਹੀ ਟਿਵਾਣਾ ਨੇ ਜੀਤੂ ਦੇ ਕਿਰਦਾਰ ਨੂੰ ਪੇਸ਼ ਕੀਤਾ ਹੈ। ਸਮੁੱਚੇ ਤੌਰ ਤੇ ਟਿਵਾਣਾ ਆਪਣੇ ਇਸ ਪ੍ਰਯਤਨ ਵਿਚ ਸਫਲ ਰਹੀ ਹੈ।

(ਅ) ਪੈੜ-ਚਾਲ

'ਪੈੜ-ਚਾਲ' ਦਲੀਪ ਕੌਰ ਟਿਵਾਣਾ ਦੀ ਇਕ ਚਰਚਿਤ ਰਚਨਾ ਹੈ। ਇਸ ਵਿਚ ਉਸਨੇ 'ਹਸਤਾਖੁਰ' ਨਾਵਲ ਦੀ ਕਹਾਣੀ ਨੂੰ ਅਗੇ ਤੋਰਿਆ ਹੈ। 'ਹਸਤਾਖੁਰ' ਯੂਨੀਵਰਸਿਟੀ ਦੀ ਇਕ ਕਲਾਕਾਰ-ਪ੍ਰੋਫੈਸਰ ਔਰਤ ਸੀਮਾ ਦੀ ਕਹਾਣੀ ਹੈ ਜੋ ਭਾਵੁਕਤਾ ਦੇ ਵੇਗ ਵਿਚ ਵਹਿ ਕੇ ਇਕ ਕ੍ਰਾਂਤਕਾਰੀ ਪ੍ਰੋਫੈਸਰ ਅਮਰ ਚੰਦ ਨਾਲ ਵਿਆਹ ਕਰ ਲੈਂਦੀ ਹੈ। ਦੋਵੇਂ ਆਪਣੇ-ਆਪਣੇ ਖੇਤਰਾਂ ਵਿਚ ਬੇਹੱਦ ਮਸਰੂਫ ਸਨ ਅਤੇ ਦੋਹਾਂ ਦੀ ਵਰ੍ਹਿਆਂ-ਦੀ ਮਿਹਨਤ ਨਾਲ ਅਰਜਿਤ ਕੀਤੀ ਹਉਮੈਂ, ਉਨ੍ਹਾਂ ਨੂੰ ਇਕ-ਦੂਜੇ ਸਾਹਮਣੇ ਝੁਕਣ ਦੀ ਇਜਾਜ਼ਤ ਨਹੀਂ ਸੀ ਦਿੰਦੀ। ਸਿਟੇ ਵਜੋਂ ਟਿਵਾਣਾ ਦੇ ਹੋਰ ਇਸਤਰੀ ਪਾਤਰਾਂ ਵਾਂਗ ਸੀਮਾ ਵੀ ਭਰੀ ਦੁਨੀਆਂ ਵਿਚੋਂ ਗ਼ੈਰਹਾਜ਼ਰ ਹੋਣ ਦੀ ਪ੍ਰਕ੍ਰਿਆ ਵਿਚ ਰੁੱਝ ਗਈ ਅਤੇ ਇਕ ਧੀ ਸੀਮਾ ਨੂੰ ਜਨਮ ਦੇ ਕੇ ਆਪ 'ਬਰੇਨ ਹੈਮਰੇਜ' ਨਾਲ ਮਰ ਗਈ। ਉਸੇ ਸ਼ਾਮ ਡਾ. ਅਮਰ ਚੰਦ ਪਟਿਆਲੇ ਤੋਂ ਰਾਤ ਦੀ ਗੱਡੀ ਫੜ ਕੇ ਕਲਕੱਤੇ ਚਲਾ ਗਿਆ। ਇਥੇ ਉਸਦੇ ਕੁਝ ਹੋਰ ਕ੍ਰਾਂਤੀਕਾਰੀਆਂ ਨਾਲ ਡੂੰਘੇ ਸੰਬੰਧ ਸਨ। ਸਿਮਰਨ ਆਪਣੀ ਨਾਨੀ ਨਾਲ ਪਟਿਆਲੇ ਤੋਂ ਦਿੱਲੀ ਚਲੀ ਆਈ ਜਿਥੇ ਉਸਦੇ ਮਾਮਾ ਜੀ ਕੋਈ ਵਡੇ ਅਫ਼ਸਰ ਸਨ। ਦਿੱਲੀ ਰਹਿੰਦਿਆਂ ਹੀ ਸਿਮਰਨ ਨੇ ਦਰਸ਼ਨ-ਸ਼ਾਸਤਰ ਵਿਚ ਐਮ. ਏ. ਕੀਤੀ ਅਤੇ ਇਸ ਪਰੀਖਿਆ ਵਿਚ ਉਹ ਪ੍ਰਥਮ ਰਹੀ। ਸਿਮਰਨ ਚੜ੍ਹਦੀ ਜਵਾਨੀ ਦੇ ਵਰ੍ਹਿਆਂ ਵਿਚ ਆਪਣੇ ਮਾਤਾ ਪਿਤਾ ਬਾਰੇ ਸੋਚਦੀ ਰਹਿੰਦੀ ਸੀ। ਉਹ ਆਪਣੀ ਹੋਂਦ ਨਾਲ ਜੁੜੇ ਹੋਏ ਬਹੁਤ ਸਾਰੇ ਸਭਿਆਚਾਰਕ ਅਤੇ ਦਾਰਸ਼ਨਿਕ ਪਹਿਲੂਆਂ ਬਾਰੇ ਪਰੇਸ਼ਾਨ ਰਹਿੰਦੀ ਸੀ। ਮਾਤਾ-ਪਿਤਾ ਦੀ ਅਣਹੋਂਦ ਵਿਚ ਉਸਨੂੰ ਆਪਣਾ ਆਪਾ ਇਕ ਅਜਿਹੇ ਕਾਗਜ਼ ਦੇ ਪੁਰਜ਼ੇ ਵਾਂਗ ਬੇਬੱਸ ਅਤੇ ਕਮਜ਼ੋਰ ਦਿਖਾਈ ਦਿੰਦਾ ਸੀ, ਜਿਸਨੂੰ ਤੇਜ਼ ਹਵਾ ਦੇ ਥਪੇੜੇ ਇਧਰੋਂ-ਉਧਰ ਉਡਾਈ ਫਿਰਦੇ ਹਨ। ਸਿਟੇ ਵਜੋਂ ਉਹ ਫੈਸਲਾ ਕਰ ਲੈਂਦੀ ਹੈ ਕਿ ਉਹ ਆਪਣੀ ਹੋਂਦ ਅਤੇ ਸ਼ਨਾਖਤ ਦੇ ਕੁਝ ਬਾਹਰਮੁਖੀ ਪ੍ਰਮਾਣ ਜੁਟਾ ਕੇ ਆਪਣੇ ਲਈ ਇਕ ਅਜਿਹਾ ਮਜ਼ਬੂਤ ਆਧਾਰ ਸਿਰਜੇਗੀ, ਜਿਸ ਦੁਆਰਾ ਉਹ ਆਪਣੇ ਸ੍ਵੈ ਨੂੰ 'ਜਸਟੀਫਾਈ' ਕਰ ਸਕੇ। ਇਸੇ ਮੰਤਵ ਲਈ ਉਹ ਆਪਣੀ ਨਾਨੀ ਨੂੰ ਨਾਲ ਲੈ ਕੇ ਆਪਣੀ ਕੋਠੀ ਵਿਚ ਪਟਿਆਲੇ ਵਾਪਸ ਆ ਜਾਂਦੀ ਹੈ। ਉਹ ਪਟਿਆਲੇ ਦੀ ਉਸੇ ਯੂਨੀਵਰਸਿਟੀ ਵਿਚ ਖੋਜ ਵਿਦਿਆਰਥੀ ਚੁਣੀ ਜਾਂਦੀ ਹੈ ਜਿਥੇ ਉਸਦੇ ਮਾਤਾ-ਪਿਤਾ ਪੜ੍ਹਾਇਆ ਕਰਦੇ ਸਨ। ਉਸਨੇ ਆਪਣੀ ਖੋਜ ਦਾ ਵਿਸ਼ੇ ਚੁਣਿਆ : ਪੰਜਾਬੀ ਲੇਖਕ ਔਰਤਾਂ ਦੀ ਨਾਰੀ ਚੇਤਨਤਾ ਦਾ ਦਾਰਸ਼ਨਿਕ ਆਧਾਰ 'ਪੈੜ-ਚਾਲ' ਸਿਮਰਨ ਦੇ ਪਟਿਆਲੇ ਵਿਖੇ ਬਿਤਾਏ ਕੁਝ ਵਰ੍ਹਿਆਂ ਦੇ ਜੀਵਨ ਦਾ ਇਕ ਵਿਸ਼ਲੇਸ਼ਣਾਤਮਕ ਚਿਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੇਸ਼ ਕਰਦਾ ਹੈ । ਇਥੇ ਰਹਿੰਦਿਆਂ ਉਸਦੀ ਮੁਲਾਕਾਤ ਮਿਸ ਸੋਂਧੀ, ਡਾ. ਧਰਮ, ਬਲਦੇਵ ਸਿੰਘ ਅਤੇ ਡਾ. ਖੇੜਾ ਵਰਗੇ ਵਿਅਕਤੀਆਂ ਨਾਲ ਹੁੰਦੀ ਹੈ । ਇਨ੍ਹਾਂ ਨਾਲ ਆਪਣੇ ਬੌਧਿਕ ਸੰਬੰਧਾਂ ਵਿਚੋਂ ਸਿਮਰਨ ਆਪਣੇ ਸ੍ਵੈ ਨੂੰ ਲੱਭਣ ਦੀ ਕੋਸ਼ਿਸ਼ ਕਰਦੀ ਹੈ । ਇਥੇ ਰਹਿੰਦਿਆਂ ਉਸਨੂੰ ਆਪਣੇ ਮਾਤਾ-ਪਿਤਾ ਦੀ ਸ਼ਖਸੀਅਤ ਬਾਰੇ ਵੀ ਬਹੁਤ ਸਾਰੇ ਨਵੇਂ ਤੱਥਾਂ ਦਾ ਇਲਮ ਹੁੰਦਾ ਹੈ । ਇਕ ਦਿਨ ਉਜਦਾ ਪਿਤਾ ਕੁਝ ਘੰਟਿਆਂ ਲਈ ਉਜਨੂੰ ਮਿਲਣ ਵੀ ਆਉਂਦਾ ਹੈ ਅਤੇ ਇਉਂ ਉਹ ਆਪਣੀ ਗੁਆਚੀਆਂ ਪੈੜਾਂ ਨੂੰ ਕਿਸੇ ਹੱਦ ਤਕ ਲੱਭ ਹੀ ਲੈਂਦੀ ਹੈ ।

ਇਸ ਨਾਵਲ ਵਿਚ ਲੇਖਕਾ ਨੇ ਪੂਰਬਲੇ ਕਰਮਾਂ ਦੇ ਆਧਾਰ ਤੇ ਇਸ ਜਨਮ ਦੀਆਂ ਸਚਾਈਆਂ ਨੂੰ 'ਜਸ਼ਟੀਫ਼ਾਈ' ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ । ਇਸ ਨਾਵਲ ਦੇ ਲਗਪਗ ਸਾਰੇ ਪ੍ਰਮੁੱਖ ਪਾਤਰ ਇਹ ਸਵੀਕਾਰ ਕਰਕੇ ਚਲਦੇ ਹਨ ਕਿ ਉਨ੍ਹਾਂ ਦੀ ਵਰਤਮਾਨ ਜ਼ਿੰਦਗੀ ਦੀਆਂ ਸਾਰੀਆਂ ਮੁਸ਼ਕਿਲਾਂ-ਮੁਸੀਬਤਾਂ ਅਤੇ ਸੀਮਾਵਾਂ-ਸੰਭਾਵਨਾਵਾਂ ਪਿਛਲੇ ਜਨਮ ਦੇ ਕਰਮਾਂ ਕਾਰਣ ਹੀ ਹੋਂਦ ਵਿਚ ਆਈਆਂ ਹਨ । ਬੇਜੀ ਇਹੋ ਜਹੇ ਪਾਤਰਾਂ ਦੀ ਪ੍ਰਤੀਨਿਧਤਾ ਕਰਦੇ ਹਨ । ਉਨ੍ਹਾਂ ਦਾ ਵਿਸ਼ਵਾਸ ਹੈ ਕਿ "ਜੀਹਦੀ ਜਿਮੇ ਲਿਖੀ ਹੁੰਦੀ ਐ ਉਮੇ ਹੋਣਾ ਹੁੰਦੈ ।" ਉਹ ਇਕ ਦਿਨ ਮਿਸ ਸੋਂਧੀ ਨੂੰ ਵੀ ਕਹਿੰਦੇ ਹਨ "ਜਿਮੇਂ ਜਿਮੇਂ ਕਿਸੇ ਦਾ ਲਿਖਿਆ ਹੁੰਦੈ, ਹੋਈ ਜਾਂਦੈ, ਬੰਦੇ ਦੇ ਕੀ ਅਖ਼ਤਿਆਰ ਐ ।" ਇਕ ਵਾਰ ਬੇਜੀ ਦੇ ਘਰ ਇਕ ਪੁਰਾਣਾ ਨੌਕਰ ਆਉਂਦਾ ਹੈ ਅਤੇ ਕਹਿੰਦਾ ਹੈ ਕਿ ਉਸਦੇ ਨੂੰਹ-ਪੁੱਤਰ ਉਸਨੂੰ ਚੰਗਾ ਨਹੀਂ ਸਮਝਦੇ । ਇਸ ਲਈ ਹੁਣ ਉਹ ਉਨ੍ਹਾਂ ਦੇ ਘਰ ਹੀ ਰਿਹਾ ਕਰੇਗਾ । ਸਿਮਰਨ ਉਸਦਾ ਇਹ ਇਕਤਰਫ਼ਾ ਫੈਸਲਾ ਸੁਣ ਕੇ ਬੜੀ ਹੈਰਾਨ ਹੁੰਦੀ ਹੈ । ਪਰ ਬੇਜੀ ਉਸਨੂੰ ਸਮਝਾਉਂਦੇ ਹੋਏ ਕਹਿੰਦੇ ਹਨ, "ਦੇਖ ਸਿਮਰਨ ਜਿਸਦੀ ਕਿਸਮਤ ਵਿਚ ਏਸ ਘਰ ਦਾ ਅੰਨ ਜਲ ਲਿਖਿਐ ਉਸ ਨੇ ਤਾਂ ਹਰ ਹੀਲੇ ਚੁਗਣੈ । ਨਹੀਂ ਐਵੇਂ ਕੌਣ ਕਿਸੇ ਦੇ ਆ ਜਾਂਦੈ । ਨਾਲੇ ਰੱਬ ਪਤਾ ਨਹੀਂ ਕੀਹਦੇ ਕਰਮਾਂ ਦਾ ਦਿੰਦੇ ।" ਸਿਮਰਨ, ਮਿਸ ਸੋਂਧੀ ਅਤੇ ਕੁਝ ਹੋਰ ਪਾਤਰ ਵੀ ਪਿਛਲੇ ਜਨਮ ਦੇ ਕਰਮਾਂ ਨੂੰ ਵਰਤਮਾਨ ਜ਼ਿੰਦਗੀ ਦੀਆਂ ਸਚਾਈਆਂ ਲਈ ਕਿਸੇ ਹੱਦ ਤਕ ਜ਼ੁੰਮੇਂਵਾਰ ਸਮਝਦੇ ਹਨ ।

ਇਸ ਨਾਵਲ ਵਿਚ ਬਹੁਤ ਸਾਰੇ ਪਾਤਰ ਬਾਹਰਗਤ ਜਗਤ ਦੇ ਯਥਾਰਥ ਨੂੰ ਆਪਣੇ ਅੰਦਰਲੇ ਸੰਸਾਰ ਦਾ ਹੀ ਇਕ ਪ੍ਰਕਾਸ਼ਮਾਨ ਰੂਪ ਮੰਨਦੇ ਹਨ । ਸਿਮਰਨ ਅਜਿਹੇ ਪਾਤਰਾਂ ਦੀ ਪ੍ਰਤੀਨਿਧਤਾ ਕਰਦੀ ਹੈ । ਇਨ੍ਹਾਂ ਪਾਤਰਾਂ ਦਾ ਵਿਸ਼ਵਾਸ ਹੈ ਕਿ ਬਾਹਰਮੁਖੀ ਯਥਾਰਥ ਉਨ੍ਹਾਂ ਦੀ ਸੋਚ ਕਾਰਣ ਹੀ ਹੋਂਦ ਵਿਚ ਆਉਂਦਾ ਹੈ । ਸਿਮਰਨ ਇਕ ਹਾਦਸੇ ਨੂੰ ਵੇਖਕੇ ਆਪਣੇ ਬੇਜੀ ਨੂੰ ਦੱਸਣਾ ਚਾਹੁੰਦੀ ਹੈ, "ਬਾਹਰ ਜੋ ਕੁਝ ਵੀ ਕਿਸੇ ਨਾਲ ਵਾਪਰਦਾ ਹੈ, ਉਹ ਉਸਦੇ ਅੰਦਰਲੇ ਦਾ ਹੀ ਪ੍ਰਗਟਾ ਹੁੰਦਾ ਹੈ ।" ਸਿਮਰਨ ਦਾ ਇਸ ਗੱਲ ਵਿਚ ਪੱਕਾ ਵਿਸ਼ਵਾਸ ਹੈ ਕਿ ਤੁਸੀਂ ਆਪਣੀ ਸ੍ਵੈਇੱਛਾ ਨਾਲ ਬਾਹਰਗਤ ਜਗਤ ਦੇ ਯਥਾਰਥ ਨੂੰ ਜਿਵੇਂ ਚਾਹੋ ਪਰਿਵਰਤਿਤ ਕਰ ਸਕਦੇ ਹੋ । ਲੇਖਕਾ ਦੇ ਸ਼ਬਦਾਂ ਵਿਚ, ਸਿਮਰਨ ਨੂੰ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਪਤਾ ਸੀ ਕਿ ਉਹ ਸਿਲੈਕਟ ਹੋ ਜਾਵੇਗੀ। ਇਸ ਕਰਕੇ ਨਹੀਂ ਕਿ ਉਸਨੇ ਹਰ ਜਮਾਤ ਅਵੱਲ ਰਹਿ ਕੇ ਪਾਸ ਕੀਤੀ ਸੀ। ਸਗੋਂ ਇਸ ਲਈ ਕਿ ਜਦੋਂ ਕਦੇ, ਉਸ ਨੇ ਜੋ ਕੁਝ, ਜਿਵੇਂ ਵੀ ਚਾਹਿਆ ਹੈ, ਉਹ ਉਸੇ ਤਰ੍ਹਾਂ ਹੋ ਗਿਆ ਹੈ। ਇਹ ਗੱਲ ਕੋਈ ਸਮਝ ਨਹੀਂ ਸਕਦਾ ਤੇ ਨਾ ਹੀ ਸਮਝਾਈ ਜਾ ਸਕਦੀ ਹੈ ਕਿ ਤੁਸੀਂ ਚਾਹੋ ਤਾਂ ਧੁੱਪ ਚੜ੍ਹਾ ਸਕਦੇ ਹੋ, ਚਾਹੋ ਤਾਂ ਬੱਦਲ ਵਰ੍ਹਾ ਸਕਦੇ ਹੋ। ਬੱਸ ਤੁਹਾਡੇ ਚਾਹੁਣ ਵਿਚ ਸਮਰੱਥਾ ਚਾਹੀਦੀ ਹੈ।"

(ਪੰਨਾ 17)

ਇਸ ਨਾਵਲ ਵਿਚ ਦਲੀਪ ਕੌਰ ਟਿਵਾਣਾ ਨੇ ਰਚਨਾ-ਧਰਮ ਸੰਬੰਧੀ ਵੀ ਬੜੀ ਸਾਰਥਿਕ ਬਹਿਸ ਛੇੜੀ ਹੈ। ਸਿਮਰਨ ਨੇ ਪੀਐਚ. ਡੀ. ਲਈ ਆਪਣਾ ਵਿਸ਼ਾ ਚੁਣਿਆ ਹੈ: ਪੰਜਾਬੀ ਲੇਖਕ ਔਰਤਾਂ ਦੀ ਨਾਰੀ ਚੇਤੰਨਤਾ ਦਾ ਦਾਰਸ਼ਨਿਕ ਆਧਾਰ। ਇਸ ਮੰਤਵ ਲਈ ਉਹ ਔਰਤਾਂ ਦੀ ਰਚਨਾ-ਪ੍ਰਕ੍ਰਿਆ ਅਤੇ ਰਚਨਾਤਮਕਤਾ ਸੰਬੰਧੀ ਔਰਤ ਦੇ ਦ੍ਰਿਸ਼ਟੀਕੋਣਾਂ ਨੂੰ ਆਪਣੇ ਚਿੰਤਨ ਦਾ ਵਿਸ਼ੈ ਬਣਾਉਂਦੀ ਹੈ। ਉਸਦਾ ਵਿਸ਼ਵਾਸ ਹੈ ਕਿ ਔਰਤ ਦਾ ਆਪਣੀ ਲਿਖਤ ਨਾਲ ਰਿਸ਼ਤਾ ਇਕ ਮਰਦ ਦੇ ਆਪਣੀ ਲਿਖਤ ਨਾਲ ਰਿਸ਼ਤੇ ਤੋਂ ਵੱਖਰਾ ਹੁੰਦਾ ਹੈ। ਔਰਤ ਸਭ ਕੁਝ ਆਪਣੀ 'ਬੀਇੰਗ' ਵਿਚੋਂ ਸਿਰਜਦੀ ਹੈ ਜਦੋਂ ਕਿ ਮਰਦ ਆਪਣੇ 'ਮਨ' ਦੁਆਰਾ ਸਿਰਜਣਾ ਕਰਦਾ ਹੈ। ਪਰ ਤਾਂ ਵੀ ਇਕ ਔਰਤ ਦਾ ਸਾਹਿੱਤ ਪ੍ਰਤੀ ਪ੍ਰਯੋਜਨ ਕਿਸੇ ਵੀ ਦੂਜੀ ਔਰਤ ਦੇ ਸਾਹਿੱਤ-ਪ੍ਰਯੋਜਨ ਤੋਂ ਵੱਖਰਾ ਹੁੰਦਾ ਹੈ ਕਿਉਂਕਿ ਕੋਈ ਔਰਤ ਲਿਖਤ ਰਾਹੀਂ ਆਪਣੇ ਆਪ ਤਕ ਪਹੁੰਚਣ ਦਾ ਯਤਨ ਕਰਦੀ ਹੈ ਅਤੇ ਕੋਈ ਆਪਣੇ ਆਪ ਤੋਂ ਪਾਰ ਲੰਘ ਜਾਣ ਦਾ। ਪੰਨਾ 20) ਸਾਹਿੱਤ ਪ੍ਰਤੀ ਆਪਣੇ ਪ੍ਰਯੋਜਨ ਨੂੰ ਸਪਸ਼ਟ ਕਰਦਿਆਂ ਲੇਖਕਾ ਨੇ ਆਪਣੇ ਹੀ ਇਕ ਨਾਵਲ ਹਸਤਾਖ਼ਰ ਦੇ ਪ੍ਰਸੰਗ ਵਿਚ ਇਕ ਪਾਤਰ (ਡਾ. ਅਮਰ ਦੇ ਮੂੰਹੋਂ ਅਖਵਾਇਆ ਹੈ।" ਇਹ ਲੇਖਕ ਲੋਕ ਸ਼ਬਦਾਂ ਨਾਲ ਸਿਰਫ਼ ਅਰਥਾਂ ਦੀਆਂ ਗੱਲਾਂ ਕਰੀ ਜਾਂਦੇ ਨੇ...ਮੈਂ ਲੇਖਕਾ ਨੂੰ ਆਖਣਾ ਚਾਹਾਂਗਾ ਕਿ ਸ਼ਬਦਾਂ ਤੋਂ ਪਾਰ ਦੀ ਕੋਈ ਗੱਲ ਕਰੇ... ਜਿਉਣ ਮਰਣ ਤੋਂ ਵੀ ਪਰਾਂ ਦੀ . ਧੁੱਪ ਛਾਂ ਤੋਂ ਵੀ ਉਪਰ ਦੀ ਕੋਈ ਗੱਲ...ਸੀਮਾ ਦੇ ਅਸੀਮ ਬਣ ਜਾਣ ਦੀ ਤੇ ਅਮਰ ਦੇ ਬਿਨਸ ਜਾਣ ਦੀ...ਨਜ਼ਰ ਦੇ ਧੋਖੇ ਨੂੰ ਉਲੰਘ ਕੇ...ਸਮੇਂ ਨੂੰ ਇਕ ਬਿੰਦੂ ਤੇ ਸਮੇਟ ਕੇ ਤੇ...ਪਰ ਕੀ ਲੇਖਕਾ ਇਹ ਸਭ ਜਾਣ ਸਕੇਗੀ ?"

(ਪੰਨਾ 149)

ਇਸ ਨਾਵਲ ਵਿਚ ਪੇਸ਼ ਹੋਈ ਇਕ ਹੋਰ ਸਮੱਸਿਆ ਪਿਆਰ ਅਤੇ ਵਿਆਹ ਦੀ ਹੈ। 'ਹਸਤਾਖ਼ਰ' ਦੀ ਨਾਇਕਾ ਸੀਮਾ ਨੇ ਡਾ. ਅਮਰ ਨਾਲ ਪਿਆਰ-ਵਿਆਹ ਕੀਤਾ ਸੀ ਪਰ ਇਹ ਵਿਆਹ ਸਫ਼ਲ ਸਿੱਧ ਨਾ ਹੋਇਆ। ਸੀਮਾ ਇਸ ਵਿਆਹ ਦੇ ਦਬਾਉ ਹੇਠ ਬਰੇਨ-ਹੇਮਰੇਜ ਨਾਲ ਮਰ ਗਈ ਅਤੇ ਡਾ. ਅਮਰ ਵਰਗੇ ਕ੍ਰਾਂਤੀਕਾਰੀ ਨੂੰ ਨੱਠ ਕੇ ਕਲਕੱਤੇ ਵਿਖੇ ਪਲਾਇਣ ਲੱਭਣਾ ਪਿਆ। ਡਾ. ਅਮਰ ਪਿਆਰ-ਵਿਆਹ ਦੀ ਸਫ਼ਲਤਾ ਬਾਰੇ ਨਾ ਕੇਵਲ ਬੇਹੱਦ ਸ਼ੰਕਾਲੂ ਹੀ ਹੋ ਗਿਆ ਸੀ ਬਲਕਿ ਉਸਦਾ ਵਿਸ਼ਵਾਸ ਬਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਆ ਸੀ ਕਿ ਕੁੜੀਆਂ ਨੂੰ ਆਪਣੇ ਬਰਾਬਰ ਦੇ ਖ਼ਾਨਦਾਨ ਵਿਚ ਹੀ ਵਿਆਹ ਕਰਵਾਉਣਾ ਚਾਹੀਦਾ ਹੈ। ਇਸ ਨਾਵਲ ਦੇ ਅੰਤ ਵਿਚ ਜਦ ਡਾ. ਆਪਣੀ ਧੀ ਸਿਮਰਨ ਨੂੰ ਪਹਿਲੀ ਵਾਰ ਮਿਲਣ ਆਉਂਦਾ ਹੈ ਤਾਂ ਇਕ-ਦੋ ਘੰਟੇ ਦੇ ਅਰਸੇ ਵਿਚ ਉਹ ਜਿਹੜੀਆਂ ਥੋੜੀਆਂ ਬਹੁਤ ਗੱਲਾਂ ਕਰਦਾ ਹੈ। ਉਹ ਸਿਮਰਨ ਦੇ ਵਿਆਹ ਨਾਲ ਹੀ ਸੰਬੰਧ ਰੱਖਦੀਆਂ ਹਨ। ਅਜਿਹੀਆਂ ਗੱਲਾਂ ਕਰਦਾ ਹੋਇਆ ਡਾ. ਅਮਰ ਬੇਹੱਦ ਰਵਾਇਤੀ ਅਤੇ ਰੂੜ੍ਹੀਵਾਦੀ ਵਿਅਕਤੀ ਲੱਗਦਾ ਹੈ। ਉਦਾਹਰਣ ਵਜੋਂ ਉਹ ਕਹਿੰਦਾ ਹੈ, "ਤੇਰੇ ਮਾਮਾ ਜੀ ਆਪਣੇ ਵਰਗੇ ਜਿਸ ਘਰ ਵਿਚ ਤੇਰਾ ਵਿਆਹ ਕਰਨਗੇ, ਕਤ ਲਈਂ। ...ਸਿਮਰਨ ਕੋਈ ਵੀ ਬੰਦਾ ਆਪਣੇ ਘਰ ਨਾਲੋਂ ਵੱਡਾ ਨਹੀਂ ਹੁੰਦਾ। ਹੋ ਹੀ ਨਹੀਂ ਸਕਦਾ। ...ਅਮੀਰੀ ਗ਼ਰੀਬੀ ਘਰ ਦੀ ਵਰਤਮਾਨ ਸਥਿਤੀ ਹੋ ਸਕਦੀ ਹੈ, ਮੇਰਾ ਮਤਲਬ ਘਰ ਦੇ ਇਤਿਹਾਸ ਤੋਂ ਹੈ।" (ਪੰਨੇ 158-159) ਇਹੋ ਜਿਹੀਆਂ ਗੱਲਾਂ ਕਰਦਾ ਡਾ: ਅਮਰ ਬੜੇ ਸਾਫ਼ ਤੌਰ ਤੇ ਫਿਊਡਲ ਮੁੱਲਾਂ ਦੀ ਵਕਾਲਤ ਕਰਦਾ ਵੇਖਿਆ ਜਾ ਸਕਦਾ ਹੈ। ਉਸਦਾ ਇਹ ਵਿਚਾਰ ਬਣ ਚੁਕਾ ਜਾਪਦਾ ਹੈ ਕਿ ਸਰਮਾਏਦਾਰੀ ਜਮਾਤ, ਫਿਊਡਲ ਸ਼੍ਰੇਣੀ ਨਾਲੋਂ ਭੈੜੀ ਹੈ। ਉਸ ਅਨੁਸਾਰ ਇਹ ਨਵੇਂ-ਨਵੇਂ ਅਮੀਰ ਹੋਏ ਲੋਕ ਫਿਊਡਲ ਜਮਾਤ ਦਾ ਮੁਕਾਬਲਾ ਨਹੀਂ ਕਰ ਸਕਦੇ, ਕਿਉਂਕਿ ਫਿਊਡਲ ਜਮਾਤ ਦੀ ਅਮੀਰੀ ਅਤੇ ਗੌਰਵ ਦਾ ਇਕ ਬੜਾ ਲੰਬਾ ਇਤਿਹਾਸ ਹੈ। ਟਿਵਾਣਾ ਦੇ ਹੋਰ ਨਾਵਲਾਂ ਵਿਚ ਵੀ ਜਾਗੀਰਦਾਰੀ ਬਨਾਮ ਸਰਮਾਏਦਾਰ ਸ਼੍ਰੇਣੀ ਦੇ ਵਿਰੋਧ ਨੂੰ ਪ੍ਰਗਟ ਕੀਤਾ ਗਿਆ ਹੈ ਅਤੇ ਟਿਵਾਣਾ ਨੇ ਸਰਮਾਏਦਾਰ ਸ਼੍ਰੇਣੀ ਦਾ ਉਪਹਾਸ ਉਡਾ ਕੇ ਜਾਗੀਰਦਾਰੀ ਜੀਵਨ ਮੁੱਲਾਂ ਦਾ ਸਮਰਥਨ ਕੀਤਾ ਹੈ।

ਬੇਜੀ, ਖਾਨਦਾਨ ਵੇਖਕੇ ਵਿਆਹ ਕਰਵਾਉਣ ਦੀ ਬੜੀ ਜ਼ੋਰਦਾਰ ਵਕਾਲਤ ਕਰਦੇ ਹਨ। ਉਹ ਕਿਉਂਕਿ ਜਾਗੀਰਦਾਰੀ ਜੀਵਨ-ਮੁੱਲਾਂ ਦੀ ਪ੍ਰਤੀਨਿਧਤਾ ਕਰਦੇ ਹਨ, ਇਸ ਲਈ ਉਨ੍ਹਾਂ ਦੀ ਅਜਿਹੀ ਸੋਚ ਉਤੇ ਕਿੰਤੂ ਨਹੀਂ ਕੀਤਾ ਜਾ ਸਕਦਾ। ਸਮੱਸਿਆ ਤਾਂ ਉਥੇ ਪੈਦਾ ਹੁੰਦੀ ਹੈ ਜਦੋਂ ਨਵੀਂ ਪੀੜ੍ਹੀ ਦੇ ਪੜ੍ਹੇ-ਲਿਖੇ ਲੋਕ ਵੀ ਬੇਜੀ ਦੇ ਵਿਚਾਰਾਂ ਦਾ ਪੂਰਾ ਪੂਰਾ ਸਮਰਥਨ ਕਰਦੇ ਪ੍ਰਤੀਤ ਹੁੰਦੇ ਹਨ। ਇਸ ਨਾਵਲ ਦੇ ਆਰੰਭ ਵਿਚ ਹੀ ਸਿਮਰਨ ਦੇ ਵਿਆਹ ਸੰਬੰਧੀ ਚਰਚਾ 'ਖ਼ਾਨਦਾਨ' ਦੇ ਸਵਾਲ ਤੇ ਆ ਕੇ ਖ਼ਤਮ ਹੁੰਦੀ ਹੈ। ਉਦਾਹਰਣ ਲਈ :

> "ਤੇਰੇ ਮਾਮਾ ਜੀ ਆਖਦੇ ਸਨ ਸਿਮਰਨ ਨਾਲ ਸਲਾਹ ਵੀ ਕਰਨੀ ਐ, ਕਿਸੇ ਨੇ ਇਕ ਲੜਕਾ ਦਸਿਐ। ਏਅਰ ਇੰਡੀਆ ਵਿਚ ਪਾਈਲਟ ਐ।" ਉਸਦੇ ਮਾਮਾ ਜੀ ਨੇ ਦਸਿਆ।
>
> "ਪਰ ਮੁੰਡਾ ਹੈ ਕਿਸ ਖਾਨਦਾਨ ਦਾ ?" ਬੇਜੀ ਪੁੱਛ ਰਹੇ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਕਿਸੇ ਦਾ ਵੀ ਹੋਵੇ ਖਾਨਦਾਨ ਤੋਂ ਆਪਾਂ ਕੀ ਲੈਣਾ ਐ ?"

"ਅੰਬ ਅੰਬ ਦੇ ਰੁੱਖ ਨੂੰ ਲਗਦੇ ਨੇ, ਅੱਕ ਦੇ ਬੂਟੇ ਨੂੰ ਨਹੀਂ।" ਬੇਜੀ ਨੇ ਦਲੀਲ ਦਿੱਤੀ।

"ਮੁੰਡਾ ਜਚ ਗਿਆ ਤਾਂ ਖਾਨਦਾਨ ਦਾ ਵੀ ਪਤਾ ਕਰ ਲਵਾਂਗੇ।" ਸਿਮਰਨ ਦੇ ਮਾਮਾ ਜੀ ਬੋਲੇ।

"ਗਲਤ ਗੱਲ ਐ, ਪਹਿਲਾਂ ਖਾਨਦਾਨ ਪਤਾ ਕਰੋ। ਖਾਨਦਾਨ ਜੇ ਖਰਾ ਹੋਇਆ ਫੇਰ ਮੁੰਡੇ ਨੂੰ ਦੇਖਿਓ। ਮੁੰਡੇ ਨੂੰ ਦੇਖ ਕੇ ਤਾਂ ਬਸ ਏਹੀ ਪਤਾ ਲਗੂ ਨਾ ਬਈ ਮੁੰਡਾ ਗੋਰਾ ਐ ਕਿ ਕਾਲਾ। ਬਾਕੀ ਉਹ ਕੀ ਐ, ਇਹ ਤਾਂ ਉਸਦੇ ਅੱਗੇ ਪਿਛੇ ਨੂੰ ਜਾਣ ਕੇ ਪਤਾ ਲੱਗੂਗਾ। ਬੇਜੀ ਨੇ ਦਲੀਲ ਦਿੱਤੀ।

"ਇਉਂ ਕੀ ਪਤਾ ਲਗਦੈ ਬੇਜੀ ਚੰਗੇ ਖਾਨਦਾਨਾਂ ਦੇ ਬਥੇਰੇ. ਮੁੰਡੇ ਨਲੈਕ ਨਿਕਲ ਜਾਂਦੇ ਨੇ ਤੇ ਮਾੜਿਆਂ ਦੇ ਚੰਗੇ ਜੰਮ ਪੈਂਦੇ ਨੇ।" ਸਿਮਰਨ ਦੇ ਮਾਮਾ ਜੀ ਨੇ ਬੇਜੀ ਦੀ ਦਲੀਲ ਨੂੰ ਕੱਟਦਿਆਂ ਆਖਿਆ।

"ਹਾਂ ਚੰਗੇ ਖਾਨਦਾਨਾਂ ਦੇ ਨਲੈਕ ਨਿਕਲ ਜਾਂਦੇ ਨੇ ਜਦੋਂ ਉਨ੍ਹਾਂ ਦੇ ਕੋਈ ਮਾੜੇ ਖਾਨਦਾਨ ਦੀ ਆ ਜਾਂਦੀ ਐ ਤੇ ਏਮੇ ਮਾੜਿਆਂ ਦੇ ਚੰਗੇ ਹੋ ਜਾਂਦੇ ਨੇ ਜਦੋਂ ਭੁਲ ਭੁਲੇਖੇ ਕਿਸੇ ਚੰਗੇ ਖਾਨਦਾਨ ਦੀ ਧੀ ਉਨ੍ਹਾਂ ਦੇ ਵਿਆਹੀ ਜਾਂਦੀ ਐ। ਏਸੇ ਕਰਕੇ ਤਾਂ ਪੁਰਾਣੇ ਲੋਕ ਚਾਰ ਪੀੜ੍ਹੀਆਂ ਦੇਖਦੇ ਹੁੰਦੇ ਸੀ।" ਬੇਜੀ ਨੇ ਸਮਝਾਇਆ। (ਪੰਨਾ 30)

ਖਾਨਦਾਨ ਨੂੰ ਵੇਖ ਕੇ ਵਿਆਹ ਕਰਨ ਦੇ ਨਾਲ-ਨਾਲ ਪ੍ਰੇਮ-ਅਨੁਭਵ ਬਾਰੇ ਵੀ ਇਸ ਨਾਵਲ ਵਿਚ ਬੜੇ ਵਿਸਤਾਰ ਨਾਲ ਵਿਚਾਰ ਕੀਤੀ ਗਈ ਹੈ। ਪ੍ਰੇਮ-ਸੰਬੰਧਾਂ ਬਾਰੇ ਸਿਮਰਨ, ਮਿਸ ਸੋਧੀ ਅਤੇ ਡਾ. ਧਰਮ ਦੇ ਵਿਚਾਰ ਪ੍ਰਸਿਧ ਅਸਤਿਤਵਵਾਦੀ ਲੇਖਕਾ ਸੀਮੋਨ ਦੇ ਵਿਚਾਰਾਂ ਉਪਰ ਆਧਾਰਿਤ ਹਨ। ਦਰਅਸਲ ਕਈ ਪ੍ਰਸੰਗਾਂ ਵਿਚ ਖ਼ੁਦ ਦਲੀਪ ਕੌਰ ਟਿਵਾਣਾ ਸੀਮੋਨ ਦੀ ਵਿਚਾਰਧਾਰਾ ਤੋਂ ਬੜੇ ਡੂੰਘੇ ਤੌਰ ਤੇ ਪ੍ਰਭਾਵਿਤ ਹੈ। ਇਸੇ ਕਾਰਣ ਉਸਦੇ ਪਾਤਰਾਂ ਵਿਚ ਵੀ ਸੀਮੋਨ ਦੀਆਂ ਬਹੁਤ ਸਾਰੀਆਂ ਮਾਨਤਾਵਾਂ ਦੇ ਅਕਸ ਦੇਖੇ ਜਾ ਸਕਦੇ ਹਨ। ਸੀਮੋਨ (Simone de Beauvoir) ਦੀ ਇਕ ਪ੍ਰਸਿੱਧ ਉਕਤੀ ਹੈ ਕਿ ਔਰਤ ਜੰਮਦੀ ਨਹੀਂ, ਬਣਾਈ ਜਾਂਦੀ ਹੈ। ਅਰਥਾਤ ਔਰਤ ਦੀ 'ਸਾਈਕੀ' ਦੇ ਨਿਰਮਾਣ ਵਿਚ ਸਮਾਜਿਕ-ਸਭਿਆਚਾਰਕ ਵਿਵਸਥਾ ਇਕ ਅਹਿਮ ਭੂਮਿਕਾ ਨਿਭਾਉਂਦੀ ਹੈ। ਔਰਤ ਨੂੰ ਬਚਪਨ ਤੋਂ ਹੀ ਇਹ ਸੁਣਨਾ ਪੈਂਦਾ ਹੈ ਕਿ ਕੁੜੀਆਂ ਇਉਂ ਕਰਦੀਆਂ ਹਨ, ਇਉਂ ਨਹੀਂ ਕਰਦੀਆਂ। ਇਸ ਤਰ੍ਹਾਂ ਵਰਜਨਾਵਾਂ ਔਰਤ ਦੀ ਸਾਈਕੀ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਰਮਾਣ ਕਰਦੀਆਂ ਹਨ। ਸੀਮੋਨ ਔਰਤ ਨੂੰ ਇਨ੍ਹਾਂ ਵਰਜਨਾਵਾਂ ਤੋਂ ਉਪਰ ਉੱਠਣ ਦੀ ਪ੍ਰੇਰਣਾ ਦਿੰਦੀ ਹੈ। ਬਿਲਕੁਲ ਇਸੇ ਤਰ੍ਹਾਂ ਸਿਮਰਨ ਵੀ ਸੀਮੋਨ ਵਾਂਗ ਸੋਚਦੀ ਵਿਖਾਈ ਦਿੰਦੀ ਹੈ। ਉਹ ਸ਼ੈਰੀ ਨੂੰ ਕਹਿੰਦੀ ਹੈ, "ਹਾਂ ਔਰਤ ਕੁਝ ਨਹੀਂ ਹੁੰਦੀ। ਸਿਰਫ਼ ਗਿੱਲੀ ਮਿੱਟੀ ਦੀ ਮੂਰਤੀ ਹੁੰਦੀ ਐ। ਜਿਹੜੀ ਔਰਤ ਗਿੱਲੀ ਮਿੱਟੀ ਦੀ ਮੂਰਤੀ ਬਣਨ ਤੋਂ ਇਨਕਾਰੀ ਹੋ ਜਾਵੇ, ਉਸ ਨੂੰ ਉਹਦਾ ਮਰਦ ਭੁੰਜੇ ਪਟਕਾ ਮਾਰਦੈ। ਮੈਨੂੰ ਨਾ ਗਿੱਲੀ ਮਿੱਟੀ ਦੀ ਮੂਰਤੀ ਬਣਨਾ ਮਨਜ਼ੂਰ ਐ ਤੇ ਨਾ ਭੁੰਜੇ ਪਟਕਿਆ ਜਾਣਾ।" (ਪੰਨਾ 36) ਇਸੇ ਲਈ ਸਿਮਰਨ ਕਿਸੇ ਮਰਦ ਨੂੰ ਮੁਹੱਬਤ ਨਹੀਂ ਕਰਦੀ। ਬਹੁਤ ਸਾਰੇ ਮਰਦ ਉਸ ਸਾਹਵੇਂ ਮੁਹੱਬਤ ਦਾ ਪ੍ਰਸਤਾਵ ਰੱਖਦੇ ਹਨ। ਇਥੋਂ ਤਕ ਕਿ ਉਸਦੀ ਮਾਸੀ ਦਾ ਪੁਤ-ਭਰਾ ਵੀ ਉਸਨੂੰ ਮੁਹੱਬਤ ਕਰਨ ਲੱਗਦਾ ਹੈ ਅਤੇ ਉਸਨੂੰ ਵਿਆਹ ਦੀ ਪੇਸ਼ਕਸ਼ ਕਰਦਾ ਹੈ। ਇਸ ਪੇਸ਼ਕਸ਼ ਸਾਹਵੇਂ ਸਿਮਰਨ ਕੁਝ ਝੁਕਦੀ ਵੀ ਦਿਖਾਈ ਦਿੰਦੀ ਹੈ ਪਰ ਬਾਅਦ ਵਿਚ ਸਥਿਤੀਆਂ ਕੁਝ ਇਤਨੀ ਤੇਜ਼ੀ ਨਾਲ ਵਾਪਰਦੀਆਂ ਹਨ ਕਿ ਸਿਮਰਨ ਇਸ ਧਰਮ-ਸੰਕਟ ਵਿਚੋਂ ਸਾਫ਼ ਬਚ ਨਿਕਲਦੀ ਹੈ।

ਸਿਮਰਨ ਇਸ ਵਾਸਤੇ ਵੀ ਕਿਸੇ ਦੂਜੇ ਮਰਦ ਨੂੰ ਮੁਹੱਬਤ ਨਹੀਂ ਕਰ ਪਾਉਂਦੀ ਕਿਉਂਕਿ ਉਸਦੀ ਮਾਂ ਸੀਮਾ ਨੇ ਡਾ. ਅਮਰ ਵਰਗੇ ਕ੍ਰਾਂਤੀਕਾਰੀ ਅਤੇ ਬੁੱਧੀਜੀਵੀ ਮਰਦ ਨੂੰ ਮੁਹੱਬਤ ਕੀਤੀ ਸੀ ਪਰੰਤੂ ਉਹ ਮੁਹੱਬਤ ਵੀ ਇਕ ਦੁਖਾਂਤ ਵਿਚ ਬਦਲ ਗਈ ਸੀ। ਮੁਹੱਬਤ ਦੇ ਸੰਬੰਧ ਵਿਚ ਲੇਖਕਾ ਦੇ ਵਿਚਾਰ ਮਿਸ ਸੋਂਧੀ ਅਤੇ ਸਿਮਰਨ ਦੀ ਆਪਸੀ ਗੱਲਬਾਤ ਵਿਚ ਬੜੀ ਭਲੀ ਭਾਂਤ ਵਿਅਕਤ ਹੁੰਦੇ ਹਨ :

> "ਸਿਮਰਨ ਤੂੰ ਕਿਸੇ ਨੂੰ ਮੁਹੱਬਤ ਕਿਉਂ ਨਹੀਂ ਕਰ ਲੈਂਦੀ ?" ਮਿਸ ਸੋਂਧੀ ਨੇ ਰਵਾਇਤੀ ਗੱਲਾਂ ਤੋਂ ਪਰ੍ਹਾਂ ਜਾਂਦਿਆਂ ਸਿਮਰਨ ਨੂੰ ਪੁੱਛਿਆ।
>
> "ਸੁਣਿਐ ਮੇਰੀ ਮਾਂ ਨੇ ਮੁਹੱਬਤ ਕੀਤੀ ਸੀ ਤੇ ਫਿਰ ਆਪਣੀ ਜਿੰਦ ਨਾਲ ਉਹਦਾ ਮੁੱਲ ਤਾਰਿਆ ਸੀ।"
>
> "ਪਰ ਸਿਮਰਨ ਜੇ ਕਿਸੇ ਲੇਖੇ ਨਹੀਂ ਲਾਉਗੇ ਤਾਂ ਇਸ ਜਿੰਦ ਨੂੰ ਸਮੇਂ ਨੇ ਆਪਣੇ ਲੇਖੇ ਲਾ ਲੈਣਾ ਐ, ਬਿਨਾਂ ਹੀ ਤੁਹਾਨੂੰ ਪੁਛਿਆਂ ਅਤੇ ਬਿਨਾਂ ਹੀ ਤੁਹਾਡੀ ਮਰਜ਼ੀ।'
>
> "ਕਿਸੇ ਨੂੰ ਮੁਹੱਬਤ ਕਰਨ ਨੂੰ ਤੁਸੀਂ ਜਿੰਦ ਨੂੰ ਲੇਖੇ ਲਾਉਣਾ ਸਮਝਦੇ ਓ ?"
>
> "ਮੇਰਾ ਮਤਲਬ ਐ ਜਿੰਨਾ ਚਿਰ ਤੁਸੀਂ ਉਸ ਸੁਪਨੇ 'ਚ ਜੀਉਂਦੇ ਓ, ਉਹ ਵੇਲਾ ਏਡਾ ਸ਼ਕਤੀਸ਼ਾਲੀ ਹੁੰਦੈ, ਤੁਸੀਂ ਕੁਝ ਵੀ ਕਰ ਸਕਦੇ ਓ। ਆਪ ਮਰ ਵੀ ਸਕਦੇ ਓ, ਕਿਸੇ ਨੂੰ ਮਾਰ ਵੀ ਸਕਦੇ ਓ, ਸਭ ਕੁਝ ਭੰਨ ਤੋੜ ਕੇ ਫ਼ਨਾਹ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰ ਸਕਦੇ ਓ ਤੇ ਬੜਾ ਕੁਝ ਨਵਾਂ ਤੇ ਖ਼ੂਬਸੂਰਤ ਵੀ ਸਿਰਜ ਸਕਦੇ ਓ। ਮੇਰਾ ਮਤਲਬ ਐ ਉਸ ਘੜੀ ਤੁਸੀਂ ਰੱਬ ਜਿੱਡੀ ਸਮਰੱਥਾ ਦੇ ਮਾਲਕ ਹੁੰਦੇ ਓ।" ਮਿਸ ਸੋਂਧੀ ਪਤਾ ਨਹੀਂ ਕਿਸ ਰੌਂ ਵਿਚ ਗੱਲਾਂ ਕਰ ਰਹੀ ਸੀ।

"ਪਰ ਮੈਡਮ ਕਿਸੇ ਨੂੰ ਮੁਹੱਬਤ ਕਰਨ ਲਈ, ਇਸ ਯੋਗ ਅਗਲੇ ਵਿਚ ਕੁਝ ਹੋਵੇ ਤਾਂ ਸਹੀ, "ਸਿਮਰਨ ਨੇ ਦਲੀਲ ਦਿਤੀ।

"ਮੈਂ ਤਾਂ ਇਹ ਆਖਾਂਗੀ ਸਿਮਰਨ ਜਿਥੇ ਕੁਝ ਨਹੀਂ ਵੀ, ਆਪਣੀ ਕਲਪਨਾ ਨਾਲ ਸਿਰਜ ਲਓ।"

(ਪੰਨੇ 48-49)

ਇਕ ਹੋਰ ਥਾਂ ਮਿਸ ਸੋਂਧੀ, ਸਿਮਰਨ ਨੂੰ ਮੁਹੱਬਤ ਕਰਨ ਵਾਲੀ ਔਰਤ ਦੀ ਫ਼ਿਤਰਤ ਬਾਰੇ ਦੱਸਦੀ ਹੋਈ ਕਹਿੰਦੀ ਹੈ, "ਮੁਹੱਬਤ ਕਰਨ ਵਾਲੀ ਔਰਤ ਆਦਮੀ ਨੂੰ ਇਕ ਪੈਡਸਟਲ ਉਪਰ ਬਿਠਾ ਕੇ ਏਨਾ ਵਲਦੀ ਹੈ, ਏਨਾ ਵਲਦੀ ਹੈ ਕਿ ਸਾਹ ਲੈਣ ਜੋਗਾ ਰਾਹ ਵੀ ਨਹੀਂ ਦਿੰਦੀ। ਫਿਰ ਉਹ ਜਾਂ ਟੁੱਟ ਜਾਵੇਗਾ ਜਾਂ ਨੱਠ ਜਾਵੇਗਾ।" (ਪੰਨਾ 58) ਪਿਆਰ ਅਤੇ ਵਿਆਹ ਸੰਬੰਧੀ ਬਲਦੇਵ ਅਤੇ ਸਿਮਰਨ ਦੇ ਦਰਮਿਆਨ ਵੀ ਇਕ ਵਾਰ ਚਰਚਾ ਹੁੰਦੀ ਹੈ। ਇਸ ਚਰਚਾ ਵਿਚ ਪਿਆਰ ਅਤੇ ਵਿਆਹ ਦੇ ਵਿਵਹਾਰਕ ਪਹਿਲੂ ਦ੍ਰਿਸ਼ਟੀਗੋਚਰ ਹੁੰਦੇ ਹਨ। ਉਦਾਹਰਣ ਲਈ ਅਸੀਂ ਉਨ੍ਹਾਂ ਦੀ ਗੱਲਬਾਤ ਦੇ ਇਕ ਅੰਸ਼ ਦਾ ਅਧਿਐਨ ਕਰਦੇ ਹਾਂ :

"ਵਿਆਹ ਤੋਂ ਮਗਰੋਂ ਲੜਕੀਆਂ (ਪਿਆਰ-ਵਿਆਰ) ਸਭ ਕੁਝ ਭੁਲ ਭੁਲਾ ਜਾਂਦੀਆਂ ਹਨ।" ਬਲਦੇਵ ਨੇ ਕਿਹਾ।

"ਇਹ ਤਾਂ ਤੁਹਾਡਾ ਖਿਆਲ ਹੈ ਨਾ।"

"ਨਹੀਂ। ਦੇਖੋ ਨਾ ਉਹ ਸਾਰਾ ਕੁਝ ਇਕ ਬੰਦੇ ਨੂੰ ਟਰੈਪ ਕਰਕੇ ਵਿਆਹ ਕਰਵਾਣ ਲਈ ਕਰਦੀਆਂ ਹਨ। ਲਵ-ਸ਼ਵ ਉਨ੍ਹਾਂ ਲਈ ਕੋਈ ਸ਼ੈ ਨਹੀਂ ਹੁੰਦੀ। ਤੇ ਜਦੋਂ ਵਿਆਹ ਹੋ ਗਿਆ, ਕੋਈ ਬੰਦਾ ਮਿਲ ਗਿਆ ਫਿਰ ਉਹ ਆਪਣੀ ਨਾਕਾਮ-ਯਾਬ ਕੋਸ਼ਿਸ਼ ਨੂੰ ਯਾਦ ਕਿਸ ਲਈ ਰੱਖਣਗੀਆਂ ?" ਬਲਦੇਵ ਨੇ ਦੱਸਿਆ।

"ਇਹ ਵੀ ਤੁਹਾਡਾ ਹੀ ਖਿਆਲ ਹੋ ਸਕਦਾ ਹੈ। "ਸਿਮਰਨ ਨੇ ਫਿਰ ਆਖਿਆ।

"ਤੁਸੀਂ ਬੇਸ਼ੱਕ ਰਿਸਰਚ ਕਰਕੇ ਵੇਖ ਲਉ। 99.9 ਪ੍ਰਤੀਸ਼ਤ ਕੁੜੀਆਂ ਲਵ, ਵਿਆਹ ਲਈ ਕਰਦੀਆਂ ਹਨ ਨਾ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਆਹ, ਲਵ ਲਈ ਤੇ ਇਸਦੇ ਉਲਟ 99.9 ਪ੍ਰਤੀਸ਼ਤ ਲੜਕੇ ਮੈਰਿਜ, ਲਵ ਲਈ ਕਰਦੇ ਹਨ'' ਬਲਦੇਵ ਨੇ ਦੱਸਿਆ ।

ਸਿਮਰਨ ਖਿੜਕੀ ਵਿਚੋਂ ਬਾਹਰ ਦੇਖਣ ਲੱਗ ਪਈ । ਉਸਨੂੰ ਇਹ ਵੀ ਲੱਗਿਆ ਸ਼ਾਇਦ ਬਲਦੇਵ ਠੀਕ ਹੀ ਆਖਦਾ ਸੀ ਤੇ ਇਸੇ ਕਾਰਨ ਲਵ ਮੈਰਿਜਿਜ਼ ਫੇਲ੍ਹ ਹੋ ਜਾਂਦੀਆਂ ਹਨ ।
(ਪੰਨਾ 94)

ਦਲੀਪ ਕੌਰ ਟਿਵਾਣਾ ਨੇ ਆਪਣੇ ਇਸ ਨਾਵਲ ਵਿਚ ਰੂਪਾਂਤਰਣ ਨੂੰ ਇਕ ਰਚਨਾ ਜੁਗਤ ਵਜੋਂ ਵਰਤਿਆ ਹੈ । ਆਪਣੇ ਪਹਿਲੇ ਨਾਵਲਾਂ ਵਿਚ ਵੀ ਬਹੁਤੀ ਵਾਰ ਉਸਨੇ ਇਸੇ ਰਚਨਾ-ਜੁਗਤ ਦਾ ਸਹਾਰਾ ਲਿਆ ਹੈ । ਉਸਨੇ ਕੁਝ ਉਨ੍ਹਾਂ ਪੌਰਾਣਿਕ ਕਹਾਣੀਆਂ ਨੂੰ ਦੇਖਿਆ-ਸਮਝਿਆ ਜਿਸ ਵਿਚ ਨਾਰੀ ਦੀ ਕਰੁਣ-ਸਥਿਤੀ ਨੂੰ ਅਭਿਵਿਅਕਤ ਕੀਤਾ ਗਿਆ ਸੀ । ਇਨ੍ਹਾਂ ਕਹਾਣੀਆਂ ਦੇ ਰਚਨਾ-ਸੰਸਾਰ ਨੂੰ ਆਧੁਨਿਕ ਯੁਗ ਲਈ ਅਰਥਪੂਰਣ ਬਣਾਉਣ ਵਾਸਤੇ ਲੇਖਕਾ ਦੇ ਇਨ੍ਹਾਂ ਨੇ ਚਿਹਨਕਾਂ (signifiers) ਨੂੰ ਰਤਾ ਕੁ ਤਬਦੀਲ ਕਰ ਦਿੱਤਾ । ਇਸ ਜੁਗਤ ਨਾਲ ਇਹ ਪੌਰਾਣਿਕ ਕਹਾਣੀਆਂ ਆਧੁਨਿਕ ਯੁਗ ਲਈ ਵੀ ਪ੍ਰਸੰਗਿਲ ਅਤੇ ਅਰਥਪੂਰਣ ਬਣ ਗਈਆਂ । ਅਗਨੀ ਪਰੀਖਿਆ, ਦੂਸਰੀ ਸੀਤਾ, ਵਿਚਇਨ-ਵਿਦਾਊਟ ਅਤੇ ਪੈੜਚਾਲ ਵਰਗੀਆਂ ਰਚਨਾਵਾਂ ਵਿਚ ਦਲੀਪ ਕੌਰ ਟਿਵਾਣਾ ਨੇ ਇਸੇ ਵਿਧੀ ਦਾ ਪ੍ਰਯੋਗ ਕਰਕੇ ਮੈਟਾ-ਨਾਵਲ (meta-novel) ਜਾਂ ਮੈਟਾ-ਕਹਾਣੀਆਂ (meta-stories) ਸਿਰਜ ਲਈਆਂ ਹਨ ।

'ਪੈੜ-ਚਾਲ' ਦੀ ਕਹਾਣੀ ਨੂੰ ਉਸਨੇ ਸ਼ਕੁੰਤਲਾ ਦੀ ਕਹਾਣੀ ਦੇ ਆਧਾਰ ਤੇ ਉਸਾਰਣ ਦਾ ਪ੍ਰਯਤਨ ਕੀਤਾ ਹੈ । ਇਸੇ ਲਈ ਉਸਨੇ ਆਪਣਾ ਇਹ ਨਾਵਲ "ਹਰ ਸ਼ਕੁੰਤਲਾ ਦੇ ਨਾਮ" ਸਮਰਪਿਤ ਕੀਤਾ ਹੈ "ਇਸ ਜਨਮ ਵਿਚ ਭਾਵੇਂ ਉਸਦਾ ਕੋਈ ਵੀ ਨਾਮ ਹੈ ।" ਪ੍ਰਸਤਾਵਨਾ ਵਜੋਂ ਲਿਖੇ ਕੁਝ ਸ਼ਬਦਾਂ ਵਿਚ ਲੇਖਕਾ ਨੇ ਸਪਸ਼ਟ ਕੀਤਾ ਹੈ ਕਿ ਜਿਵੇਂ ਇਕ ਵਾਰ ਇੰਦਰ ਨੇ ਆਪਣਾ ਸਿੰਘਾਸਨ ਬਚਾਉਣ ਲਈ ਮੇਨਕਾ ਨੂੰ ਧਰਤੀ ਤੇ ਭੇਜਿਆ ਸੀ, ਜਿਸਨੇ ਵਿਸ਼ਵਾ ਮਿੱਤਰ ਦੀ ਸਮਾਧੀ ਭੰਗ ਕਰਕੇ ਇੰਦਰ ਦੇ ਸਿੰਘਾਸਨ ਨੂੰ ਤਾਂ ਬਚਾ ਲਿਆ ਸੀ ਪਰੰਤੂ ਵਿਸ਼ਵਾ ਮਿੱਤਰ ਅਤੇ ਮੇਨਕਾ ਦੇ ਸਹਿਵਾਸ 'ਚੋਂ ਸ਼ਕੁੰਤਲਾ ਦਾ ਜਨਮ ਹੋਇਆ ਸੀ, ਜਿਸਨੂੰ ਧਰਤੀ ਤੇ ਛੱਡ ਕੇ ਮੇਨਕਾ ਆਪ ਵਾਪਸ ਇੰਦਰਪੁਰੀ ਚਲੀ ਗਈ ਸੀ; ਬਿਲਕੁਲ ਇਸੇ ਤਰ੍ਹਾਂ ਸੀਮਾ ਅਤੇ ਅਮਰ ਦੇ ਸੰਬੰਧਾਂ ਵਿਚੋਂ ਸਿਮਰਨ ਦਾ ਜਨਮ ਹੋਇਆ । ਸੀਮਾ ਕਿਉਂਕਿ ਮੇਨਕਾ ਵਾਂਗ ਇਕ ਕਲਾਕਾਰ ਸੀ, ਇਸ ਲਈ ਲੇਖਕਾ ਨੇ ਉਸਨੂੰ ਸਿਮਰਨ ਦੇ ਜਨਮ ਤੋਂ ਬਾਅਦ ਵਾਪਸ ਰੂਹਾਂ ਦੇ ਦੇਸ਼ ਪਰਤਦਿਆਂ ਦਿਖਾਇਆ ਹੈ । ਵਿਸ਼ਵਾ ਮਿੱਤਰ ਵਾਂਗ ਡਾ. ਅਮਰ ਵੀ ਵਰ੍ਹਿਆਂ ਬੱਧੀ ਸਿਮਰਨ ਦੀ ਸਾਰ ਨਹੀਂ ਲੈਂਦਾ ਅਤੇ ਸਿਮਰਨ ਦੀ ਪਾਲਣਾ-ਪੋਸਣਾ ਉਸਦਾ ਮਾਮਾ ਕਰਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਮਰਨ ਆਪਣੇ ਮਾਤਾ-ਪਿਤਾ ਦੀ ਗੈਰਹਾਜ਼ਰੀ ਵਿਚ ਆਪਣੀ ਸ਼ਨਾਖਤ ਦੇ ਪ੍ਰਮਾਣ ਜੁਟਾਉਂਦੀ ਫਿਰਦੀ ਹੈ। ਇਹੀ ਇਸ ਨਾਵਲ ਦੀ ਮੂਲ ਕਥਾ ਹੈ।

ਲੇਖਕਾ ਨੇ ਸਿਮਰਨ ਦੀ ਕਹਾਣੀ ਨੂੰ ਯੂਨੀਵਰਸਿਟੀਆਂ ਦੇ ਮਾਹੌਲ ਵਿਚੋਂ ਉਭਾਰਿਆ ਹੈ। ਸ਼ਕੁੰਤਲਾ, ਕੰਨਵ ਰਿਸ਼ੀ ਦੇ ਆਸ਼ਰਮ ਵਿਚ ਪਾਲਦੀ ਅਤੇ ਪ੍ਰਵਾਨ ਚੜ੍ਹਦੀ ਹੈ। ਸਿਮਰਨ, ਦਿੱਲੀ ਦੀਆਂ ਸੜਕਾਂ ਉੱਤੇ ਵਿਚਰਦੀ ਆਤਮ ਬੋਧ ਦੀ ਦਹਿਲੀਜ਼ ਉੱਤੇ ਖੜੀ ਹੁੰਦੀ ਹੈ। ਪਟਿਆਲੇ ਆ ਕੇ ਯੂਨੀਵਰਸਿਟੀ ਦੇ ਬਾਟੈਨੀਕਲ ਗਾਰਡਨ ਵਿਚ ਮਿਸ ਸੋਂਧੀ ਨਾਲ ਵਿਚਰਦਿਆਂ ਉਹ ਮੁਹੱਬਤ ਵਰਗੇ ਅਹਿਸਾਸਾਂ ਬਾਰੇ ਉਸੇ ਤਰ੍ਹਾਂ ਚਰਚਾ ਕਰਦੀ ਹੈ, ਜਿਵੇਂ ਸ਼ਕੁੰਤਲਾ ਆਪਣੀਆਂ ਸਖੀਆਂ ਅਨਸੂਯਾ ਅਤੇ ਪ੍ਰਿਯੰਵਦਾ ਆਦਿ ਨਾਲ ਕਰਿਆ ਕਰਦੀ ਸੀ। ਸਿਮਰਨ ਦੇ ਜੀਵਨ ਦੀ ਵਿਡੰਬਨਾ ਇਹ ਹੈ ਕਿ ਉਸਨੂੰ ਕੋਈ ਦੁਸ਼ਿਅੰਤ ਗੰਧਰਵ-ਵਿਆਹ ਦੁਆਰਾ ਵਰ ਕੇ ਨਹੀਂ ਲੈ ਜਾਂਦਾ ਬਲਦੇਵ ਦੁਸ਼ਿਅੰਤ ਦੇ ਰੂਪ ਵਿਚ ਸਿਮਰਨ ਨੂੰ ਵਰਣਾ ਤਾਂ ਚਾਹੁੰਦਾ ਹੈ ਪਰੰਤੂ ਉਹ ਤਾਂ ਪਹਿਲਾਂ ਹੀ ਹੋਟਲ ਦੇ ਇਕ ਕਮਰੇ ਵਿਚ ਲਵਲੀਨ ਨਾਮ ਦੀ ਇਕ ਕੁੜੀ ਨੂੰ ਜੈਮਾਲਾ ਪਹਿਨਾ ਬੈਠਾ ਹੈ। ਲਵਲੀਨ, ਬਲਦੇਵ ਨੂੰ ਲੱਭਦੀ-ਲੱਭਦੀ ਸਿਮਰਨ ਤਕ ਪਹੁੰਚ ਜਾਂਦੀ ਹੈ। ਪਰ ਸਿਮਰਨ ਉਸਨੂੰ ਕਹਿੰਦੀ ਹੈ ਕਿ ਬਲਦੇਵ ਵਰਗੇ ਕੁੱਤੇ ਕਮੀਨੇ ਲਈ ਜੀਊਣ ਦੀ ਥਾਂ ਸਿਰਫ਼ ਆਪਣੇ ਆਪ ਲਈ ਜੀਉ। ਲਵਲੀਨ ਨੂੰ ਸਿਮਰਨ ਦੀ ਗੱਲ ਜਚ ਜਾਂਦੀ ਹੈ ਅਤੇ ਉਸਦੇ ਘਰ ਦੇ ਜਿਥੇ ਵੀ ਉਸਦੇ ਵਿਆਹ ਦੀ ਗੱਲ ਚਲਾਉਂਦੇ ਹਨ, ਉਥੇ ਹੀ ਵਿਆਹ ਕਰ ਲੈਂਦੀ ਹੈ। ਬਲਦੇਵ ਉਸਦੇ ਵਿਆਹ ਤੇ ਉਸਨੂੰ 'ਰਿਲੀਜਨਜ਼ ਆਫ਼ ਦਾ ਵਰਲਡ' ਨਾਮੀ ਪੁਸਤਕਾਂ ਦਾ ਇਕ ਸੈੱਟ ਤੋਹਫੇ ਦੇ ਰੂਪ ਵਿਚ ਦਿੰਦਾ ਹੈ ਅਤੇ ਇਉਂ ਦੋਵੇਂ ਇਕ-ਦੂਜੇ ਤੋਂ ਸਦਾ ਲਈ ਜੁਦਾ ਹੋ ਜਾਂਦੇ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਦਲੀਪ ਕੌਰ ਟਿਵਾਣਾ ਨੇ ਸ਼ਕੁੰਤਲਾ ਦੀ ਪੌਰਾਣਿਕ ਕਹਾਣੀ ਦੇ ਚਿਹਨਕਾਂ ਵਿਚ ਥੋੜ੍ਹਾ-ਬਹੁਤ ਸਥਾਨ-ਪਰਿਵਰਤਨ ਕਰਕੇ ਆਪਣੇ ਇਸ ਨਾਵਲ ਦੀ ਕਹਾਣੀ ਨੂੰ ਆਧੁਨਿਕ ਯੁਗ ਲਈ ਅਰਥ-ਪੂਰਨ ਅਤੇ ਪ੍ਰਸੰਗਿਕ ਬਣਾ ਲਿਆ ਹੈ।

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ 'ਪੈੜ-ਚਾਲ' ਦਲੀਪ ਕੌਰ ਟਿਵਾਣਾ ਦੀ ਇਕ ਪ੍ਰਤੀਨਿਧ ਰਚਨਾ ਹੈ। ਇਸ ਵਿਚ ਲੇਖਕਾ ਨੇ ਉਨ੍ਹਾਂ ਸਾਰੀਆਂ ਗਲਪ-ਰੂੜ੍ਹੀਆਂ ਅਤੇ ਜੁਗਤਾਂ ਦਾ ਪ੍ਰਯੋਗ ਬੜੀ ਸਫਲਤਾ ਨਾਲ ਕੀਤਾ ਹੈ ਜੋ ਉਸਦੇ ਗਲਪ-ਜਗਤ ਦਾ ਇਕ ਵਿਸ਼ਵਾਸ ਯੋਗ ਪ੍ਰਮਾਣ ਬਣ ਚੁੱਕੀਆਂ ਹਨ। ਨਾਰੀ ਚੇਤਨਾ ਦੇ ਵਿਕਾਸ ਨਾਲ ਸੰਬੰਧਿਤ ਵੱਖ-ਵੱਖ ਧਰਾਤਲਾਂ ਨੂੰ ਸਮਝਣ ਲਈ ਉਸਦਾ ਇਹ ਨਾਵਲ ਬੜੀ ਮਹੱਤਵ ਪੂਰਨ ਸਾਮਗਰੀ ਪ੍ਰਦਾਨ ਕਰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ੲ) ਰਿਣ ਪਿਤਰਾਂ ਦਾ

'ਰਿਣ ਪਿਤਰਾਂ ਦਾ' ਦਲੀਪ ਕੌਰ ਟਿਵਾਣਾ ਦਾ ਚੌਦ੍ਹਵਾਂ ਨਾਵਲ ਹੈ। ਟਿਵਾਣਾ ਦੀ ਨਾਵਲ-ਨਿਗਾਰੀ ਦਾ ਉਲੇਖਯੋਗ ਪੱਖ ਇਹ ਹੈ ਕਿ ਉਸਨੇ ਪੰਜਾਬੀ ਨਾਵਲ ਦੀ ਪਰੰਪਰਾ ਨਾਲ ਬੜਾ ਪ੍ਰਮਾਣੀਕ ਅਤੇ ਪ੍ਰਾਸੰਗਿਕ ਸੰਵਾਦ ਰਚਾ ਕੇ ਪੰਜਾਬੀ ਵਿਚ ਆਪਣੇ ਮੌਲਿਕ ਹਸਤਾਖ਼ਰ ਸਥਾਪਿਤ ਕਰ ਲਏ ਹਨ। ਉਸਦੇ ਨਾਵਲ ਭਾਰਤੀ ਦਰਸ਼ਨ ਅਤੇ ਪੰਜਾਬੀ 'ਈਥਾਸ' ਦਾ ਬੜਾ ਦਿਲਚਸਪ ਸੁਮਿਸ਼ਰਣ ਹੁੰਦੇ ਹਨ।

ਇਸ ਨਾਵਲ ਵਿਚ ਦਲੀਪ ਕੌਰ ਟਿਵਾਣਾ ਨੇ ਇਹ ਦਰਸਾਉਣ ਦੀ ਚੇਸ਼ਟਾ ਕੀਤੀ ਹੈ ਕਿ ਹਰ ਵਿਅਕਤੀ ਦੇ ਸਿਰ ਆਪਣੇ-ਆਪਣੇ ਪਿਤਰਾਂ ਦਾ ਰਿਣ (ਕਰਜ਼ਾ) ਹੁੰਦਾ ਹੈ ਅਤੇ ਉਸਦੀ ਜ਼ਿੰਦਗੀ ਦੀਆਂ ਸਮੁੱਚੀਆਂ ਕ੍ਰਿਆਵਾਂ ਉਸੇ ਰਿਣ ਨੂੰ ਉਤਾਰਨ ਦੀ ਕੋਸ਼ਿਸ਼ ਮਾਤਰ ਹੁੰਦੀਆਂ ਹਨ। ਲੇਖਕਾ ਦਾ ਵਿਚਾਰ ਹੈ ਕਿ ਕੋਈ ਵੀ ਵਿਅਕਤੀ ਆਪਣੀ ਕਿਸੇ ਕ੍ਰਿਆ-ਪ੍ਰਤੀਕ੍ਰਿਆ ਵਿਚ ਸੁਤੰਤਰ ਨਹੀਂ ਹੁੰਦਾ। ਸਾਡੇ ਜੀਵਨ ਵਿਚ ਰਿਸ਼ਤਿਆਂ ਦੀ ਡਾਇਲੈਕਟਿਕਸ, ਦੋਸਤੀਆਂ, ਮੁਹੱਬਤ ਆਦਿ ਸਭ ਕੁਝ ਪਿਛਲੇ ਜਨਮ ਦੇ ਕਰਮਾਂ ਦਾ ਪ੍ਰਤੀਫਲ ਹੈ। ਪਿਛਲਾ ਜਨਮ ਇਕ ਤਰ੍ਹਾਂ ਦੀ ਗਹਿਣ-ਸੰਰਚਨਾ (deep-stracture) ਹੈ ਜਿਸ ਉਪਰ ਇਹ ਜਨਮ ਇਕ ਸਤਹੀ-ਸੰਰਚਨਾ (surface-strcture) ਵਜੋਂ ਦ੍ਰਿਸ਼ਟੀ ਗੋਚਰ ਹੁੰਦਾ ਹੈ।

ਇਸ ਨਾਵਲ ਦੀ ਕਹਾਣੀ ਦਾ ਕੇਂਦਰੀ ਕਿਰਦਾਰ ਬਿਕਰਮ ਹੈ। ਬਿਕਰਮ ਦੇ ਪਿਤਾ ਕਰਮਿੰਦਰ ਸਿੰਘ ਸਿਧੂ ਨੇ ਲੰਡਨ ਪਹੁੰਚ ਕੇ ਇਕ ਜਰਮਨ ਔਰਤ ਕੈਥਰੀਨ ਨਾਲ ਦੂਜਾ ਵਿਆਹ ਕਰਵਾ ਲਿਆ ਸੀ। ਉਸਨੇ ਕੈਥਰੀਨ ਨੂੰ ਇਹ ਨਹੀਂ ਸੀ ਦੱਸਿਆ ਕਿ ਉਹ ਪਹਿਲਾਂ ਪੰਜਾਬ ਵਿਚ ਵੀ ਸ਼ਾਦੀ-ਸ਼ੁਦਾ ਸੀ। ਪੰਜਾਬ ਵਿਚ ਉਸਦੀ ਇਕ ਬੇਹੱਦ ਸੰਵੇਦਨਸ਼ੀਲ ਪਤਨੀ ਸੁਖਜੀਤ ਅਤੇ ਬਹੁਤ ਹੀ ਪਿਆਰੀ ਜਹੀ ਬੇਟੀ ਸਿਮੀ ਸੀ। ਉਹ ਇਸ ਵਿਚਾਰ ਦਾ ਸਮਰਥਕ ਸੀ ਕਿ ਇਕ ਮਰਦ ਦੋ ਜਾਂ ਤਿੰਨ ਇਸਤਰੀਆਂ ਨੂੰ ਇਕੋ ਜਿਹਾ ਅਤੇ ਸੱਚਾ ਪਿਆਰ ਕਰ ਸਕਦਾ ਹੈ। ਉਸਦੇ ਇਸ ਵਿਚਾਰ ਦੀ ਤਹਿ ਹੇਠ ਪੰਜਾਬੀ ਈਥਾਸ ਕਰਮਸ਼ੀਲ ਸੀ, (ਜਿਸ ਅਨੁਸਾਰ ਜਾਗੀਰਦਾਰ ਲੋਕ ਕਈ-ਕਈ ਸ਼ਾਦੀਆਂ ਕਰ ਸਕਦੇ ਹਨ।) ਜਾਂ ਸਾਰਤਰ ਦੀ ਕਹਾਣੀ 'ਇੰਟੀਮੇਸੀ' ਵਿਚਲਾ ਫਲਸਫ਼ਾ ਸੀ–ਜਿਸ ਬਾਰੇ ਲੇਖਕਾ ਨੇ ਖੁਲ੍ਹ ਕੇ ਕੋਈ ਗੱਲ ਨਹੀਂ ਕੀਤੀ। ਹਾਂ, ਉਸਨੇ ਕਰਮਿੰਦਰ ਦੇ ਇਸ ਕਰਮ ਨੂੰ ਇਕ ਬਿਲਕੁਲ ਸਹਿਜ ਅਤੇ ਸੁਭਾਵਿਕ ਕਰਮ ਵਜੋਂ ਜ਼ਰੂਰ ਬਿਆਨ ਕੀਤਾ ਹੈ। ਕਰਮਿੰਦਰ ਆਪਣੀ ਪਤਨੀ ਨੂੰ ਇਹ ਕਹਿ ਕੇ ਮਨਾ ਲੈਂਦਾ ਹੈ ਕਿ ਉਹ ਕੈਥੀ ਬਿਨਾਂ ਨਹੀਂ ਰਹਿ ਸਕਦਾ ਪਰ ਉਹ ਸੁਖਜੀਤ ਨੂੰ ਪਹਿਲਾਂ ਜਿਤਨਾ ਹੀ ਪਿਆਰ ਕਰਦਾ ਰਹੇਗਾ। ਪਰ ਜੇ ਫਿਰ ਵੀ ਸੁਖਜੀਤ ਉਸਦੇ ਕੈਥੀ ਨਾਲ ਸੰਬੰਧਾਂ ਨੂੰ ਪ੍ਰਵਾਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਕਰੇਗੀ ਤਾਂ ਉਹ ਆਤਮ-ਹੱਤਿਆ ਕਰ ਲਵੇਗਾ। ਉਧਰ ਜਦ ਕੈਥੀ ਨੂੰ ਕਰਮਿੰਦਰ ਦੇ ਪਹਿਲੇ ਵਿਆਹ ਬਾਰੇ ਪਤਾ ਚੱਲਦਾ ਹੈ ਤਾਂ ਪਹਿਲਾਂ ਤਾਂ ਉਹ ਥੋੜ੍ਹੀ ਭੁੜਕਦੀ ਹੈ ਪਰ ਫਿਰ ਚੁਪ ਕਰ ਰਹਿੰਦੀ ਹੈ।

ਲੰਡਨ ਬੈਠੇ ਕਰਮਿੰਦਰ ਨੂੰ ਜਦ ਸੰਨ 84 ਦੇ ਬਲਿਊ ਸਟਾਰ ਅਪਰੇਸ਼ਨ ਦਾ ਪਤਾ ਚੱਲਦਾ ਹੈ ਤਾਂ ਉਹ ਬੜਾ ਘਬਰਾ ਜਾਂਦਾ ਹੈ। ਆਪਣੇ ਘਰ ਦੀ ਸੁੱਖ ਸਾਂਦ ਪਤਾ ਕਰਨ ਲਈ ਉਹ ਪੰਜਾਬ ਆ ਜਾਂਦਾ ਹੈ। ਆਉਣ ਲਗਿਆਂ ਉਹ ਕੈਥੀ ਨੂੰ ਕਹਿ ਆਉਂਦਾ ਹੈ ਕਿ ਉਹ ਉਨ੍ਹਾਂ ਦੇ ਬੇਟੇ ਬਿਕਰਮ ਨੂੰ ਪੰਜਾਬੀ-ਹਿੰਦੀ ਨਾਲ ਜੋੜੀ ਰੱਖੇ, ਕਿਉਂਕਿ ਇਨ੍ਹਾਂ ਭਾਸ਼ਾਵਾਂ ਦੇ ਮਾਧਿਅਮ ਨਾਲ ਹੀ ਉਹ ਆਪਣੇ ਸਭਿਆਚਾਰ ਅਤੇ ਦੇਸ਼ ਨੂੰ 'ਲੱਭ' ਸਕੇਗਾ। ਕਰਮਿੰਦਰ ਪੰਜਾਬ ਆ ਕੇ ਇਕ ਸੜਕ-ਹਾਦਸੇ ਵਿਚ ਮਾਰਿਆ ਜਾਂਦਾ ਹੈ। ਕੁਝ ਦੇਰ ਪਿਛੋਂ ਕੈਥਰੀਨ ਵੀ ਲੰਡਨ ਦੇ ਇਕ ਹਸਪਤਾਲ ਵਿਚ ਮਰ ਜਾਂਦੀ ਹੈ ਪਰ ਮਰਨ ਤੋਂ ਪਹਿਲਾਂ ਉਹ ਬਿਕਰਮ ਨੂੰ ਕਹਿ ਜਾਂਦੀ ਹੈ ਕਿ ਉਸਦੀ ਮੌਤ ਉਪਰੰਤ ਉਹ ਪੰਜਾਬ ਵਿਚ ਆਪਣੇ ਦਾਦੇ-ਦਾਦੀ ਪਾਸ ਚਲਾ ਜਾਵੇ।

ਬਿਕਰਮ ਪੰਜਾਬ ਆ ਜਾਂਦਾ ਹੈ। ਇਥੇ ਉਸ ਨੂੰ ਆਪਣਾ ਦਾਦਾ, ਦਾਦੀ, ਮਤਰੇਈ-ਮਾਂ ਸੁਖਜੀਤ ਅਤੇ ਭੈਣ ਸਿਮੀ ਮਿਲਦੇ ਹਨ। ਸਭ ਦਾ ਵਤੀਰਾ ਉਸ ਪ੍ਰਤੀ ਵੱਖਰਾ-ਵੱਖਰਾ ਹੈ। ਦਾਦੀ ਉਸਨੂੰ ਆਪਣੀ ਕੁਲ ਦਾ ਚਰਾਗ ਮੰਨਦੀ ਹੈ। ਸੁਖਜੀਤ ਆਪਣੀ ਸੌਂਕਣ ਦੀ ਸੰਤਾਨ ਨੂੰ ਵੇਖਣ ਲਈ ਵੀ ਤਿਆਰ ਨਹੀਂ। ਦਾਦਾ ਉਸਨੂੰ ਆਪਣੇ ਪਾਸ ਰੱਖਣਾ ਤਾਂ ਚਾਹੁੰਦਾ ਹੈ ਪਰ ਸੁਖਜੀਤ ਦੀ ਨਾਰਾਜ਼ਗੀ ਝੱਲਣ ਲਈ ਵੀ ਤਿਆਰ ਨਹੀਂ। ਸਿਮੀ ਉਸਨੂੰ ਬਿਲਕੁਲ ਸਕੇ ਭਰਾਵਾਂ ਵਰਗਾ ਪਿਆਰ ਦਿੰਦੀ ਹੈ ਅਤੇ ਉਸਦੀ ਖਾਤਰ ਉਹ ਆਪਣੇ ਲਈ ਆ ਰਹੇ ਇਕ ਚੰਗੇ ਰਿਸ਼ਤੇ ਨੂੰ ਠੁਕਰਾਉਣ ਵਾਸਤੇ ਵੀ ਤਿਆਰ ਹੋ ਜਾਂਦੀ ਹੈ। ਅਖੀਰ ਸਿਮੀ ਦੀਆਂ ਕੋਸ਼ਿਸ਼ਾਂ ਸਦਕਾ ਹੀ ਬਿਕਰਮ ਨੂੰ ਆਪਣੇ ਘਰ ਵਿਚ ਸਹੀ ਸਥਾਨ ਮਿਲਦਾ ਹੈ ਅਤੇ ਸੁਖਜੀਤ ਵੀ ਬਿਕਰਮ ਨੂੰ ਅਪਣਾ ਲੈਂਦੀ ਹੈ।

ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦੇ ਕੇਂਦਰੀ ਕਿਰਦਾਰ ਘੱਟੋ-ਘੱਟ ਦੋ ਸਤਹਾਂ ਉਪਰ ਜ਼ਰੂਰ ਜਿਉਂਦੇ ਹਨ। ਉਨ੍ਹਾਂ ਦਾ ਉਪਰ ਨਜ਼ਰ ਆਉਂਦਾ ਵਿਵਹਾਰ, ਆਈ ਸਬਰਗ ਦੇ ਉਪਰੋਂ ਨਜ਼ਰ ਆਉਂਦੇ ਹਿਸੇ ਵਾਂਗ ਬੜਾ ਥੋੜਾ ਜਿਹਾ ਹੁੰਦਾ ਹੈ। ਉਨ੍ਹਾਂ ਦੀ ਸ਼ਖਸੀਅਤ ਦੇ ਸਹੀ (ਮੁੱਲ) ਅੰਕਣ ਲਈ ਛਿਪੇ ਹੋਏ ਹਿੱਸੇ ਦਾ ਅਨੁਮਾਨ ਲਗਾਉਣਾ ਬੜਾ ਜ਼ਰੂਰੀ ਹੁੰਦਾ ਹੈ। ਉਹ ਆਪਣੇ ਕਿਸੇ ਵੀ ਨਾਵਲ ਵਿਚ ਬਹੁਤ ਸਾਰੇ ਕਿਰਦਾਰਾਂ ਨੂੰ ਕੇਵਲ 'ਇਕ' ਆਦਰਸ਼ਕ ਪਾਤਰ ਦੀ ਉਸਾਰੀ ਲਈ ਘੜਦੀ-ਸੰਵਾਰਦੀ ਹੈ। ਇਸੇ ਲਈ ਉਸਦਾ ਮੁਖ-ਪਾਤਰ ਕਈ ਇਕ ਪਾਤਰਾਂ ਵਿਚ ਵਿਭਾਜਿਤ ਹੋਇਆ ਦੇਖਿਆ ਜਾ ਸਕਦਾ ਹੈ। ਇਸ ਨਾਵਲ ਵਿਚ ਕਰਮਿੰਦਰ, ਦਾਦਾ, ਦਾਦੀ, ਬਿਕਰਮ, ਸਿਮੀ ਅਤੇ ਅੰਮ੍ਰਿਤ ਆਦਿਕ ਸਾਰੇ ਮਰਦ ਅਤੇ ਇਸਤਰੀ-ਪਾਤਰ ਟਿਵਾਣਾ ਦੇ ਇਕੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਰਸ਼ਕ ਪਾਤਰ ਦੇ ਵੱਖੋ-ਵੱਖ ਅਲੋਫੋਨ (ollophones) ਹਨ। ਉਸਦੇ ਪਾਤਰਾਂ ਦਾ ਵਰਗੀਕਰਣ ਲਿੰਗ-ਭੇਦ ਦੇ ਆਧਾਰ ਤੇ ਵੀ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਕਸਰ ਉਸਦੇ ਕਿਸੇ ਪਾਤਰ ਦਾ ਕੋਈ ਲਿੰਗ (gende) ਹੁੰਦਾ ਹੀ ਨਹੀਂ। ਇਸੇ ਲਈ ਅਸੀਂ ਕਿਹਾ ਸੀ ਕਿ ਉਹ ਆਪਣੇ ਪਾਤਰਾਂ ਦੀ ਡਾਇਲੈਕਟਿਸ ਦੁਆਰਾ ਇਕ ਆਦਰਸ਼ਕ ਪਾਤਰ ਦਾ ਨਿਰਮਾਣ ਕਰਨ ਲਈ ਪ੍ਰਯਤਨਸ਼ੀਲ ਹੈ। ਉਹ ਪਾਤਰ ਇਸਤ੍ਰੀ ਹੈ ਜਾਂ ਮਰਦ—ਇਸ ਨਾਲ ਦਲੀਪ ਕੌਰ ਟਿਵਾਣਾ ਦੀ ਤਲਾਸ਼ ਨੂੰ ਕੋਈ ਫ਼ਰਕ ਨਹੀਂ ਪੈਂਦਾ।

ਦਲੀਪ ਕੌਰ ਟਿਵਾਣਾ ਆਪਣੇ ਨਾਵਲਾਂ ਵਿਚ ਪੰਜਾਬੀ ਸਭਿਆਚਾਰ ਅਤੇ ਈਥਾਸ ਦਾ ਬੜਾ ਭਰਪੂਰ ਪ੍ਰਯੋਗ ਕਰਦੀ ਹੈ। ਪੰਜਾਬੀ ਦਾ ਕੋਈ ਵੀ ਹੋਰ ਗਲਪਕਾਰ ਇਸ ਦ੍ਰਿਸ਼ਟੀ ਤੋਂ ਉਸਦੀ ਬਰਾਬਰੀ ਨਹੀਂ ਕਰ ਸਕਦਾ। ਜਸਵੰਤ ਸਿੰਘ ਕੰਵਲ ਅਤੇ ਸੋਹਣ ਸਿੰਘ ਸੀਤਲ ਵਰਗੇ ਕੁਝ ਹੋਰ ਨਾਵਲਕਾਰ ਵੀ ਹੈਨ ਜਿਨ੍ਹਾਂ ਨੇ ਪੰਜਾਬੀ ਈਥਾਸ ਅਤੇ ਸਭਿਆਚਾਰ ਨੂੰ ਆਪਣੀ ਗਲਪ-ਸਾਮਗਰੀ ਵਜੋਂ ਵਰਤਿਆ ਹੈ। ਪਰ ਇਹ ਲੇਖਕ ਪੰਜਾਬੀ ਸਭਿਆਚਾਰ ਦੇ ਕੁਝ ਇਕ ਉਭਰਵੇਂ ਪੱਖਾਂ ਨੂੰ ਹੀ ਆਪਣੀ ਰਚਨਾ-ਪ੍ਰਕ੍ਰਿਆ ਦਾ ਆਧਾਰ ਬਣਾਉਂਦੇ ਹਨ। ਟਿਵਾਣਾ ਨਾ ਕੇਵਲ ਪੰਜਾਬੀ ਈਥਾਸ ਨਾਲ ਜੁੜੇ ਲਗਪਗ ਹਰ ਪਹਿਲੂ ਨੂੰ ਆਪਣੇ ਨਾਵਲ ਵਿਚ ਪੇਸ਼ ਕਰਦੀ ਹੈ ਸਗੋਂ ਉਸਨੇ ਪੰਜਾਬੀ ਈਥਾਸ ਨੂੰ ਸਮੁੱਚੇ ਭਾਰਤੀ ਦਰਸ਼ਨ ਦੇ ਪਰਿਪੇਖ ਵਿਚ ਰੱਖ ਕੇ ਵੇਖਣ ਦਾ ਵੀ ਬੜਾ ਮਹਤਵਪੂਰਨ ਪ੍ਰਯਤਨ ਕੀਤਾ ਹੈ।

ਟਿਵਾਣਾ ਦੇ ਗਲਪ ਜਗਤ ਦਾ ਇਕ ਹੋਰ ਬੜਾ ਪਹਿਚਾਨਣ ਯੋਗ ਤੱਥ ਇਹ ਹੈ ਕਿ ਉਹ ਸਭਿਆਚਾਰ ਨੂੰ ਇਕਾਲਿਕ (Synchronic) ਦ੍ਰਿਸ਼ਟੀ ਦੁਆਰਾ ਵੇਖਣ ਤੋਂ ਬਿਨਾਂ ਇਸਨੂੰ ਦੁਕਾਲਿਕ (diachronic) ਦ੍ਰਿਸ਼ਟੀ ਤੋਂ ਦੇਖਣ ਤੋਂ ਇਨਕਾਰੀ ਵੀ ਹੈ। ਉਹ ਸਭਿਆਚਾਰ ਦੇ ਠਹਿਰੇ ਹੋਏ, ਜੜ੍ਹ (Static) ਰੂਪ ਵਿਚ ਹੀ ਦਿਲਚਸਪੀ ਰੱਖਦੀ ਹੈ। ਸਮਾਜਿਕ ਡਾਇਲੈਕਟਿਕਸ ਦੁਆਰਾ ਕਿਸੇ ਸਭਿਆਚਾਰ ਵਿਚ ਜੋ ਪਰਿਵਰਤਨ ਆਉਂਦੇ ਹਨ ਜਾਂ ਜਿਨ੍ਹਾਂ ਪਰਿਵਰਤਨਾਂ ਦੀ ਕਿਸੇ ਸਭਿਆਚਾਰ ਨੂੰ ਆਪਣੇ ਲੋਕਾਂ ਦੇ ਵਿਕਾਸ ਲਈ ਜ਼ਰੂਰਤ ਹੁੰਦੀ ਹੈ, ਟਿਵਾਣਾ ਉਨ੍ਹਾਂ ਦਾ ਤਜ਼ਕਰਾ ਬੜੇ ਵਿਅੰਗ ਨਾਲ ਕਰਦੀ ਹੈ। ਇਹੀ ਕਾਰਣ ਹੈ ਕਿ ਉਹ ਜਾਗੀਰਦਾਰੀ ਵਰਗ ਨੂੰ ਆਧੁਨਿਕ ਸਰਮਾਏਦਾਰੀ ਵਰਗ ਨਾਲੋਂ ਵੱਧ ਤਵਜੀਹ ਦਿੰਦੀ ਹੈ। ਅਜਿਹੀ ਤਰਜੀਹ ਦੇਣ ਵਿਚ ਲੇਖਕਾ ਦੇ ਨਿੱਜੀ ਸ਼੍ਰੇਣੀ-ਹਿੱਤ ਵੀ ਹੋ ਸਕਦੇ ਹਨ। ਹੋਣਗੇ ਵੀ, ਪਰ ਜੇ ਦਲੀਪ ਕੌਰ ਟਿਵਾਣਾ ਆਪਣੇ ਨਿਜੀ ਸ਼੍ਰੇਣੀ-ਹਿੱਤਾਂ ਤੋਂ ਉਪਰ ਉੱਠ ਕੇ ਪੰਜਾਬੀ ਸਭਿਆਚਾਰ ਦੇ ਗਤੀਸੀਲ ਮੁਹਾਂਦਰੇ ਨਾਲ ਭਾਈਵਾਲੀ ਪਾ ਸਕੇ ਤਾਂ ਇਹ ਪੰਜਾਬੀ ਗਲਪ ਲਈ ਵਧੇਰੇ ਖ਼ੁਸ਼ਕਿਸਮਤੀ ਵਾਲੀ ਗੱਲ ਹੋਵੇਗੀ।

(ਲੋਅ, ਫ਼ਰਵਰੀ 1987)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਲੀਪ ਕੌਰ ਟਿਵਾਣਾ ਅਤੇ ਪੰਜਾਬੀ ਨਾਵਲ

ਪੰਜਾਬੀ ਨਾਵਲ ਦੀ ਉਮਰ ਅਜੇ ਮਸਾਂ ਇਕ ਸਦੀ ਹੈ। ਭਾਈ ਵੀਰ ਸਿੰਘ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਸੋਹਣ ਸਿੰਘ ਸੀਤਲ, ਸੁਰਿੰਦਰ ਸਿੰਘ ਨਰੂਲਾ, ਸੰਤ ਸਿੰਘ ਸੇਖੋਂ, ਹਰਨਾਮ ਦਾਸ ਸਹਿਰਾਈ, ਕੇਸਰ ਸਿੰਘ, ਸੁਰਜੀਤ ਸਿੰਘ ਸੇਠੀ, ਨਰਿੰਦਰਪਾਲ ਸਿੰਘ, ਨਰਿੰਜਨ ਤਸਨੀਮ ਅਤੇ ਗੁਰਦਿਆਲ ਸਿੰਘ ਵਰਗੇ ਨਾਵਲਕਾਰਾਂ ਨੇ ਪੰਜਾਬੀ ਨਾਵਲ ਨੂੰ ਵੱਖਰੇ-ਵੱਖਰੇ ਸਭਿਆਚਾਰਕ-ਰਾਜਨੈਤਿਕ ਸੰਦਰਭਾਂ ਨਾਲ ਜੋੜਿਆ ਹੈ। ਇਨ੍ਹਾਂ ਨਾਵਲਕਾਰਾਂ ਨੇ ਭਾਵੇਂ ਇਸਤ੍ਰੀ ਨੂੰ ਕਾਫ਼ੀ ਈਮਾਨਦਾਰੀ ਨਾਲ ਚਿਤ੍ਰਣ ਦੀ ਕੋਸ਼ਿਸ਼ ਕੀਤੀ ਪਰੰਤੂ ਤਾਂ ਵੀ ਆਪ ਮਰਦ ਨਾਵਲਕਾਰ ਹੋਣ ਕਰਕੇ ਇਨ੍ਹਾਂ ਨੇ ਮਰਦ ਦੇ ਦ੍ਰਿਸ਼ਟੀਕੋਣ ਤੋਂ ਹੀ ਇਸਤ੍ਰੀ ਦੇ ਜੀਵਨ ਨਾਲ ਜੁੜੀਆਂ ਸਥਿਤੀਆ ਅਤੇ ਸਮੱਸਿਆਵਾਂ ਦਾ ਵਿਸ਼ਲੇਸ਼ਣ ਕੀਤਾ। ਆਪਣੀ ਹੋਂਦ ਅਤੇ ਹੋਣੀ ਸੰਬੰਧੀ ਨਾਰੀ ਦਾ ਆਪਣਾ ਦ੍ਰਿਸ਼ਟੀਕੋਣ ਪਹਿਲੀ ਵਾਰ ਅੰਮ੍ਰਿਤਾ ਪ੍ਰੀਤਮ ਦੇ ਨਾਵਲਾਂ ਰਾਹੀਂ ਪੇਸ਼ ਹੋਇਆ। ਪਿੰਜਰ, ਡਾਕਟਰ ਦੇਵ, ਜਲਾਵਤਨ, ਦਿੱਲੀ ਦੀਆਂ ਗਲੀਆਂ ਅਤੇ ਰੰਗ ਦਾ ਪੱਤਾ ਆਦਿ ਨਾਵਲਾਂ ਰਾਹੀਂ ਟਿਵਾਣਾ ਨੇ ਇਸਤ੍ਰੀ ਦੇ ਅੰਤਰਮਨ ਦੀ ਪੀੜ ਨੂੰ ਪਹਿਲੀ ਵਾਰ ਨਾਵਲ ਦੇ ਮਾਧਿਅਮ ਦੁਆਰਾ ਪੇਸ਼ ਕੀਤਾ। ਉਸ ਉਪਰੰਤ ਅਜੀਤ ਕੌਰ ਨੇ ਗੁਲਬਾਨੋ ਅਤੇ ਧੁਪ ਵਾਲਾ ਸ਼ਹਿਰ ਵਰਗੀਆਂ ਕਿਰਤਾਂ ਦੁਆਰਾ ਇਸਤ੍ਰੀ ਦੀ ਜ਼ਿੰਦਗੀ ਨੂੰ ਵਧੇਰੇ ਨਿਸ਼ੱਕ ਹੋ ਕੇ ਬਿਆਨ ਕੀਤਾ।

ਡਾ. ਦਲੀਪ ਕੌਰ ਟਿਵਾਣਾ ਪੰਜਾਬੀ ਦੀ ਇਕ ਚੇਤੰਨ ਅਤੇ ਪ੍ਰਬੁੱਧ ਨਾਵਲਕਾਰ ਹੈ। ਹੁਣ ਤਕ ਉਸਨੇ ਚੌਦਾਂ ਦੇ ਲਗਪਗ ਨਾਵਲ ਪੰਜਾਬੀ ਪਾਠਕਾਂ ਨੂੰ ਦਿਤੇ ਹਨ। ਆਪਣੇ ਹਰ ਨਾਵਲ ਵਿਚ ਉਸਨੇ ਮਰਦ-ਪ੍ਰਧਾਨ ਸਮਾਜ ਵਿਚ ਇਕ ਸੰਵੇਦਨਸ਼ੀਲ ਭਾਰਤੀ ਨਾਰੀ ਦੀਆਂ ਕੁੰਠਾਵਾਂ ਅਤੇ ਪੀੜਾ ਨੂੰ ਬਿਆਨ ਕੀਤਾ ਹੈ। ਕਿਉਂ ਕਿ ਉਸਦੇ ਹਰ ਨਾਵਲ ਵਿਚ ਸਮਾਜਿਕ-ਸਭਿਆਚਾਰਕ ਸੰਦਰਭ ਅਤੇ ਉਨ੍ਹਾਂ ਨਾਲ ਜੁੜੇ ਹੋਏ ਪਾਤਰ ਬਦਲਦੇ ਰਹਿੰਦੇ ਹਨ, ਇਸ ਲਈ ਇਸਤ੍ਰੀ ਬਾਰੇ ਇਤਨੇ ਨਾਵਲ ਲਿਖ ਚੁੱਕਣ ਦੇ ਬਾਵਜੂਦ ਉਸਦੀ ਕਲਮ ਦੀ ਤੋਰ ਮੱਠੀ ਨਹੀਂ ਪਈ। ਹਰ ਵਾਰ ਇਕ ਨਵੇਂ ਚੈਲੰਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਂਗ ਉਹ ਸਾਡੇ ਸਮਾਜ ਵਿਚ ਇਸਤ੍ਰੀ ਦੀ ਸਥਿਤੀ ਦੇ ਸਵਾਲ ਨੂੰ ਕਬੂਲਦੀ ਹੈ ਅਤੇ ਪੂਰੀ ਪ੍ਰਤੀਬੱਧਤਾ ਨਾਲ ਇਸ ਸਵਾਲ ਦਾ ਹੱਲ ਢੂੰਡਣ ਦੀ ਕੋਸ਼ਿਸ਼ ਕਰਦੀ ਹੈ ।

ਉਹ ਸਾਹਿਤ ਵਿਚ ਕਿਸੇ 'ਵਾਦ' ਜਾਂ 'ਸਿਧਾਂਤ' ਦੀ ਕੱਟੜ ਅਨੁਸਾਰੀ ਨਹੀਂ । ਉਸਦਾ ਵਿਸ਼ਵਾਸ ਹੈ ਕਿ ਸਾਹਿੱਤ ਕਿਸੇ ਵਾਦ ਦਾ ਪ੍ਰਚਾਰ ਨਹੀਂ ਹੁੰਦਾ, ਪਰਖਣ ਦਾ ਸਾਧਨ ਜ਼ਰੂਰ ਹੋ ਸਕਦਾ ਹੈ । ਉਹ ਪ੍ਰਯੋਗ ਖਾਤਰ ਪ੍ਰਯੋਗ ਕਰਨ ਨੂੰ ਵੀ ਚੰਗਾ ਨਹੀਂ ਸਮਝਦੀ । ਉਸਦਾ ਵਿਚਾਰ ਹੈ, "ਵਿਸ਼ੇ ਤੇ ਰੂਪ ਪੱਖ ਬਾਰੇ ਚੇਤੰਨ ਹੋ ਕੇ, ਜੇ ਕੋਈ ਰਚਨਾ ਕਰ ਸਕੇ ਤਾਂ ਚੰਗੀ ਗੱਲ ਹੈ ਪਰ ਪ੍ਰਯੋਗ ਦੀ ਖਾਤਰ ਪ੍ਰਯੋਗ ਕਰਨੇ ਈਮਾਨਦਾਰੀ ਨਹੀਂ । ਜੀਵਨ ਤੇ ਜਗਤ ਨਾਲ ਸਿਧੇ ਸੰਬੰਧ ਦੀ ਥਾਂ ਜਿਸ ਰਚਨਾ ਦਾ ਆਧਾਰ ਮਾਂਗਵੇਂ ਜਾਂ ਚੁਰਾਏ ਖਿਆਲ ਹਨ, ਉਹ ਚਿਰੰਜੀਵ ਨਹੀਂ ਹੋ ਸਕਦੀ । ਜਿਹੜਾ ਕਲਾਕਾਰ ਆਪਣੀ ਸਿਰਜਨਾ ਨਾਲ ਸੱਚਾ ਨਹੀਂ, ਉਸ ਦੀ ਰਚਨਾ ਕਿਹੜੇ ਸੱਚ ਨੂੰ ਸਾਕਾਰ ਕਰਨ ਦੇ ਸਮਰੱਥ ਹੋਵੇਗੀ ?" (ਕਹਾਣੀ ਕਲਾ ਤੇ ਮੇਰਾ ਅਨੁਭਵ, ਪੰਨਾ 82) ਆਪਣੇ ਨਾਵਲਾਂ ਦੇ ਮਾਧਿਅਮ ਦੁਆਰਾ ਉਹ ਆਪਣੇ ਅਤੇ ਸ੍ਰਿਸ਼ਟੀ ਦੇ ਰਿਸ਼ਤੇ ਨੂੰ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਵਿਚ ਵੀ ਲੱਗੀ ਹੋਈ ਹੈ । ਉਹ ਚਾਹੁੰਦੀ ਹੈ ਕਿ ਇਹ ਰਿਸ਼ਤਾ ਮੋਹ-ਭਿੱਜਾ, ਤੰਦਰੁਸਤ ਅਤੇ ਖ਼ੂਬਸੂਰਤ ਹੋਵੇ ।

ਭਾਵੇਂ ਦਲੀਪ ਕੌਰ ਟਿਵਾਣਾ ਤੋਂ ਪਹਿਲਾ ਅੰਮ੍ਰਿਤਾ ਪ੍ਰੀਤਮ ਅਤੇ ਅਜੀਤ ਕੌਰ ਨਾਵਲ ਦੇ ਮਾਧਿਅਮ ਦੁਆਰਾ ਇਸਤ੍ਰੀ ਦੇ ਜਗਤ ਦੀ ਪੇਸ਼ਕਾਰੀ ਕਰ ਰਹੀਆਂ ਸਨ ਪਰੰਤੂ ਅੰਮ੍ਰਿਤਾ ਅਤੇ ਅਜੀਤ ਕੌਰ ਨੇ ਜਿਹੜੀ ਇਸਤ੍ਰੀ ਨੂੰ ਆਪਣੇ ਭਾਵਾਂ ਨੂੰ ਨਿਰੂਪਣ ਲਈ ਚੁਣਿਆ ਸੀ । ਉਹ ਸ਼ਹਿਰੀ ਮਧ-ਸ਼੍ਰੇਣੀ ਨਾਲ ਸੰਬੰਧ ਰੱਖਦੀ ਸੀ । ਇਸ ਇਸਤ੍ਰੀ ਦੀਆਂ ਸਮੱਸਿਆਵਾਂ ਦੇ ਆਧਾਰ ਆਰਥਿਕ ਨਹੀਂ ਸਨ ਸਗੋਂ ਮਨੋਵਿਗਿਆਨਕ ਜਾਂ ਜਿਨਸੀ ਸਨ । ਅੰਮ੍ਰਿਤਾ ਪ੍ਰੀਤਮ ਦੇ ਨਾਵਲਾਂ ਵਿਚ ਇਸਤ੍ਰੀ ਦੀਆਂ ਮਨੋਵਿਗਿਆਨਕ ਸਮੱਸਿਆਵਾਂ ਦਾ ਗੋਰਖ ਧੰਦਾ ਇਤਨਾ ਫ਼ੈਲਿਆ ਹੁੰਦਾ ਹੈ ਕਿ ਅਜਿਹੀ ਇਸਤ੍ਰੀ ਕਾਲਪਨਿਕ ਪ੍ਰਤੀਤ ਹੋਣ ਲੱਗਦੀ ਹੈ । ਅਜੀਤ ਕੌਰ ਇਸਤ੍ਰੀ ਪਾਤਰ ਸ਼ਹਿਰੀ ਉਪਯੋਗੀ ਜ਼ਿੰਦਗੀ ਨਾਲ ਸੰਬੰਧ ਰੱਖਦੇ ਹਨ । ਉਨ੍ਹਾਂ ਦੀਆਂ ਸਮੱਸਿਆਵਾਂ ਵਧੇਰੇ ਕਰਕੇ ਜਿਨਸੀ (sexual) ਹੀ ਹੁੰਦੀਆਂ ਹਨ । ਅਜਿਹੀ ਇਸਤ੍ਰੀ ਨੂੰ ਵੀ ਅਸੀਂ ਪੰਜਾਬ ਦੀ ਪ੍ਰਤੀਨਿਧ ਇਸਤ੍ਰੀ ਨਹੀਂ ਕਹਿ ਸਕਦੇ ।

ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਪੰਜਾਬੀ ਇਸਤ੍ਰੀ ਦਾ ਪ੍ਰਤੀਨਿਧ ਅਤੇ ਪ੍ਰਮਾਣੀਕ ਰੂਪ ਦਿਖਾਈ ਦਿੰਦਾ ਹੈ । ਉਸਨੇ ਸ਼ਹਿਰੀ, ਪੇਂਡੂ, ਪੜ੍ਹੀ-ਲਿਖੀ, ਅਨਪੜ੍ਹ, ਜਵਾਨ, ਅਧਖੜ, ਸੁਹਾਗਣ, ਵਿਧਵਾ-ਗੱਲ ਕੀ ਹਰ ਉਮਰ ਦੀ ਅਤੇ ਹਰ ਸਮਾਜਿਕ ਦਰਜਾਬੰਦੀ ਨਾਲ ਸੰਬੰਧਿਤ ਇਸਤ੍ਰੀ ਨੂੰ ਆਪਣੇ ਨਾਵਲਾ ਦਾ ਵਿਸ਼ੇ ਬਣਾਇਆ ਹੈ । 'ਇਹੁ ਹਮਾਰਾ ਜੀਵਣਾ' ਦੀ ਨਾਇਕਾ ਭਾਨੋ ਭਾਵੇਂ ਇਕ ਅਨਪੜ੍ਹ ਅਤੇ ਅਧਖੜ ਜਿਹੀ ਇਸਤ੍ਰੀ ਹੈ ਪਰੰਤੂ ਤਾਂ ਵੀ ਉਸਦੀ ਸੰਵੇਦਨਸ਼ੀਲਤਾ ਅਤੇ ਸਮਰਪਣ ਭਾਵਨਾ ਪਾਠਕਾਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਮਦਰਦੀ ਜਿੱਤ ਲੈਂਦੀ ਹੈ। 'ਦੂਸਰੀ ਸੀਤਾ' ਦੀ ਨਾਇਕਾ ਆਪਣੀ ਦਾਰਸ਼ਨਿਕ ਬਿਰਤੀ ਅਤੇ ਕਰੁਣ-ਸਥਿਤੀ ਦੁਆਰਾ ਭਾਰਤੀ ਸਮਾਜ ਵਿਚ ਔਰਤ ਦੀ ਸਥਿਤੀ ਬਾਰੇ ਪਾਠਕਾਂ ਦੇ ਮਨ ਵਿਚ ਇਕ ਨਵੇਂ ਨਜ਼ਰੀਏ ਨੂੰ ਜਗਾਉਂਦੀ ਹੈ। ਆਪਣੇ ਨਵੀਨ ਨਾਵਲਾਂ ਵਿਚ ਉਸਨੇ ਇਕ ਪੜ੍ਹੀ-ਲਿਖੀ ਔਰਤ ਦੀਆਂ ਸਮੱਸਿਆਵਾਂ ਅਤੇ ਸੀਮਾਵਾਂ ਨੂੰ ਪੇਸ਼ ਕੀਤਾ ਹੈ। ਇਸਤ੍ਰੀ ਨੂੰ ਵਿਵਿਧ ਰੰਗਾਂ ਵਿਚ ਪੇਸ਼ ਕਰਨਾ ਅਤੇ ਹਰ ਰੰਗ ਵਿਚ ਪਾਠਕਾਂ ਦੀ ਹਮਦਰਦੀ ਜਿੱਤ ਲੈਣਾ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦਾ ਇਕ ਵਿਸ਼ੇਸ਼ ਗੁਣ ਹੈ। ਉਸ ਤੋਂ ਪਹਿਲਾਂ ਮਰਦ ਲੇਖਕਾਂ ਨੇ ਇਸਤ੍ਰੀ ਨੂੰ ਇਕ 'ਦੇਵੀ' ਜਾਂ 'ਵੇਸਵਾ' ਦੇ ਰੂਪ ਵਿਚ ਹੀ ਪੇਸ਼ ਕੀਤਾ ਸੀ।

ਅੰਮ੍ਰਿਤਾ ਪ੍ਰੀਤਮ ਅਤੇ ਅਜੀਤ ਕੌਰ ਦੁਆਰਾ ਸਿਰਜੀ ਗਈ ਇਸਤ੍ਰੀ ਵੀ ਕਾਲਪਨਿਕ ਅਤੇ ਬਣਾਉਟੀ ਜਿਹੀ ਬਣੀ ਰਹੀ। ਦਲੀਪ ਕੌਰ ਟਿਵਾਣਾ ਵੀ ਇਕ ਬਹੁਤ ਪੜ੍ਹੀ-ਲਿਖੀ ਅਤੇ ਚੇਤੰਨ ਲੇਖਕਾ ਹੈ। ਇਨ੍ਹਾਂ ਤਿੰਨਾਂ ਇਸਤ੍ਰੀ-ਲੇਖਕਾਵਾਂ ਨੇ ਦੇਸ਼-ਵਿਦੇਸ਼ ਦਾ ਲਗਭਗ ਸਾਰਾ ਹੀ ਉੱਤਮ ਸਾਹਿਤ ਪੜ੍ਹ ਰਖਿਆ ਹੈ। ਇਹੀ ਕਾਰਣ ਹੈ ਕਿ ਇਨ੍ਹਾਂ ਦਾ ਅਨੁਭਵ ਅਤਿਅੰਤ ਅਮੀਰ ਅਤੇ ਵਚਿੱਤਰ ਹੈ। ਪਰੰਤੂ ਜਿਥੇ ਅੰਮ੍ਰਿਤਾ ਪ੍ਰੀਤਮ ਅਤੇ ਅਜੀਤ ਕੌਰ ਵਿਦੇਸ਼ੀ ਸਾਹਿੱਤ ਦੀਆਂ ਓਪਰੀਆਂ ਕੀਮਤਾਂ ਨੂੰ ਮਾਡਲ ਬਣਾ ਕੇ ਅਪ੍ਰਮਾਣੀਕ/ਘਟ-ਪ੍ਰਮਾਣੀਕ ਨਾਵਲਾਂ ਦੀ ਸਿਰਜਨਾ ਕਰਦੀਆਂ ਰਹੀਆਂ ਹਨ ਉਥੇ ਦਲੀਪ ਕੌਰ ਟਿਵਾਣਾ ਸਦਾ ਹੀ ਆਪਣੇ ਇਲਾਕੇ ਦੀ ਮਿੱਟੀ ਨਾਲ ਜੁੜੀ ਰਹੀ ਹੈ। ਇਹੀ ਕਾਰਣ ਹੈ ਕਿ ਉਸਦੇ ਨਾਵਲ ਪਾਠਕਾਂ ਨੂੰ ਬੌਧਿਕ ਤੌਰ ਤੇ ਪ੍ਰਭਾਵਿਤ ਕਰਨ ਦੇ ਨਾਲ-ਨਾਲ ਭਾਵੁਕ ਤੌਰ ਤੇ ਵੀ ਉਨ੍ਹਾਂ ਨਾਲ ਜੁੜ ਸਕਣ ਦੀ ਸਮਰੱਥਾ ਰੱਖਦੇ ਹਨ। ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਪੰਜਾਬੀ ਪਾਠਕਾਂ ਨੂੰ ਆਪਣਾ ਚਿਹਰਾ-ਮੋਹਰਾ ਨਜ਼ਰ ਆ ਜਾਂਦਾ ਹੈ ਪਰ ਅਜਿਹਾ ਕੁਝ ਉਹ ਅੰਮ੍ਰਿਤਾ ਪ੍ਰੀਤਮ ਅਤੇ ਅਜੀਤ ਕੌਰ ਦੇ ਨਾਵਲਾਂ ਵਿਚ ਨਹੀਂ ਦੇਖ ਸਕਦੇ। ਆਪਣੇ ਸਭਿਆਚਾਰ ਪ੍ਰਤੀ ਇਹੋ ਜਹੀ ਪ੍ਰਤੀਬੱਧਤਾ ਡਾ. ਟਿਵਾਣਾ ਦੇ ਨਾਵਲਾਂ ਦੀ ਦੂਜੀ ਮੁੱਖ ਵਿਸ਼ੇਸ਼ਤਾ ਹੈ।

ਅਕਸਰ ਦਲੀਪ ਕੌਰ ਟਿਵਾਣਾ ਉਤੇ ਇਹ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਉਹ ਆਪਣੀਆਂ ਰਚਨਾਵਾਂ ਵਿਚ ਕੇਵਲ ਇਸਤ੍ਰੀ-ਜਾਤੀ ਦਾ ਹੀ ਪੱਖ ਪੂਰਦੀ ਹੈ। ਪਰੰਤੂ ਅਸਲ ਵਿਚ ਉਹ ਕੇਵਲ ਸ਼ੋਸ਼ਿਤ ਵਰਗ ਦੀਆਂ ਦਬੀਆਂ-ਕੁਚਲੀਆਂ ਭਾਵਨਾਵਾਂ ਨੂੰ ਹੀ ਜ਼ਬਾਨ ਦੇ ਰਹੀ ਹੁੰਦੀ ਹੈ। 'ਵਾਟ ਹਮਾਰੀ' ਵਰਗੇ ਨਾਵਲ ਵਿਚ ਜੇ ਉਸਨੇ ਕੰਵਲ ਵਰਗੀ ਅਸਾਧਾਰਣ ਇਸਤ੍ਰੀ ਦੀਆਂ ਕੁੰਠਿਤ ਭਾਵਨਾਵਾਂ ਨੂੰ ਅਭਿਵਿਅਕਤੀ ਦਿਤੀ ਹੈ ਤਾਂ ਇਸਦੇ ਨਾਲ ਜੀਤੂ ਵਰਗੇ ਅਣਹੋਏ ਪਾਤਰ ਦੇ ਦੁਖ-ਦਰਦ ਨੂੰ ਵੀ ਬੜੀ ਸੁਹਿਰਦਤਾ ਨਾਲ ਰੂਪਮਾਨ ਕੀਤਾ ਹੈ। ਕਈ ਵਾਰ ਤਾਂ ਇੰਜ ਲੱਗਦਾ ਹੈ ਜਿਵੇਂ ਕੰਵਲ ਅਤੇ ਜੀਤੂ ਦੋਵੇਂ 'ਇਕੋ ਪਾਤਰ ਦੇ ਦੋ ਪ੍ਰਤਿਰੂਪ' ਹੋਣ ਜਾਂ ਜੀਤੂ, ਕੰਵਲ ਦੀ ਹੀ ਬਦਲਵੀਂ ਹਉਮੈ (alter-ego) ਹੋਵੇ। ਡਾ. ਟਿਵਾਣਾ ਨੇ ਜਿਸ ਸ਼੍ਰੇਣੀ-ਸਮਾਜ ਦਾ ਚਿਤਰ ਪੇਸ਼ ਕੀਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ, ਉਸ ਵਿਚ ਇਕ ਨਾਰੀ ਅਤੇ ਮਜ਼ਦੂਰ-ਬੱਚਾ ਦੋਵੇਂ ਇਕੋ ਜਹੀ ਹੋਣੀ (fate) ਨੂੰ ਭੋਗਦੇ ਹਨ।

ਦਲੀਪ ਕੌਰ ਟਿਵਾਣਾ ਆਪਣੇ ਨਾਵਲ ਦੀ ਕਥਾ ਵਸਤੂ ਆਪਣੇ ਇਰਦ-ਗਿਰਦ ਫੈਲੇ ਸਮਾਜਿਕ ਪ੍ਰਬੰਧ ਵਿਚੋਂ ਲੈਂਦੀ ਹੈ। ਉਹ ਕਿਸੇ ਸਿਧਾਂਤ ਦੀ ਵਿਆਖਿਆ ਜਾਂ ਪ੍ਰਚਾਰ ਲਈ ਕਹਾਣੀ/ਨਾਵਲ ਨਹੀਂ ਲਿਖਦੀ ਸਗੋਂ ਸਾਡੇ ਸਮਾਜਿਕ-ਪ੍ਰਬੰਧ ਵਿਚ ਉਸਨੂੰ ਕੁਝ ਅਜਿਹਾ ਦਿਖਾਈ ਦਿੰਦਾ ਹੈ, ਜੋ ਉਸਨੂੰ ਬੇਚੈਨ ਕਰਦਾ ਹੈ ਕਿ ਉਹ ਜਾਣਦੀ ਹੈ ਕਿ ਇਕੱਲੇ ਉਸਦੇ ਯਤਨ ਕੀਤਿਆਂ ਇਹ ਸਮਾਜਿਕ ਪ੍ਰਬੰਧ ਬਦਲਿਆ ਨਹੀਂ ਜਾ ਸਕਦਾ ਪ੍ਰੰਤੂ ਤਾਂ ਵੀ ਉਹ ਚੁਪ ਕਰਕੇ; ਸਥਿਤੀ ਨੂੰ ਸਵੀਕਾਰ ਕਰਕੇ ਨਹੀਂ ਬੈਠ ਜਾਂਦੀ, ਸਗੋਂ ਅਜਿਹੀ ਸਥਿਤੀ ਦੇ ਵਿਰੁੱਧ 'ਪ੍ਰੋਟੈਸਟ' ਕਰਦੀ ਹੈ। ਉਸਦੇ ਸਾਰੇ ਨਾਵਲ ਕਿਸੇ ਅਣਚਾਹੀ ਅਤੇ ਅਨੁਚਿਤ ਸਥਿਤੀ ਦੇ ਵਿਰੁੱਧ ਪ੍ਰੋਟੈਸਟ ਵਿਚੋਂ ਪੈਦਾ ਹੋਏ ਹਨ।

ਦਲੀਪ ਕੌਰ ਟਿਵਾਣਾ ਅਜਿਹੇ ਨਾਵਲ ਨਹੀਂ ਲਿਖਦੀ ਜਿਨ੍ਹਾਂ ਵਿਚ ਜ਼ਿੰਦਗੀ ਨੂੰ ਉਪਹਾਸਜਨਕ ਦ੍ਰਿਸ਼ਟੀ ਨਾਲ ਦੇਖਿਆ ਗਿਆ ਹੁੰਦਾ ਹੈ। ਭਾਵੇਂ ਉਹ ਜਾਣਦੀ ਹੈ ਕਿ ਜ਼ਿੰਦਗੀ ਵਿਚ ਬਹੁਤ ਘਟਨਾਵਾਂ ਊਲ-ਜਲੂਲ (ਐਬਸਰਡ) ਵੀ ਹੁੰਦੀਆਂ ਹਨ ਪਰੰਤੂ ਉਸਦਾ ਸਾਹਿੱਤ ਕਿਸੇ ਊਲ-ਜਲੂਲ ਸਿਧਾਂਤ ਦੀ ਪੁਸ਼ਟੀ ਜਾਂ ਵਕਾਲਤ ਨਹੀਂ ਕਰਦਾ। ਇਹੀ ਕਾਰਣ ਹੈ ਕਿ ਉਸਦੇ ਨਾਵਲਾਂ ਦਾ ਕਥਾਨਕ ਕਾਫ਼ੀ ਸੁਗਠਿਤ ਹੁੰਦਾ ਹੈ। ਉਸਦੇ ਕਥਾਨਕਾਂ ਵਿਚ ਕਥਾ ਨੂੰ ਬੜੀ ਕੁਸ਼ਲਤਾ ਨਾਲ ਵਿਉਂਤਬੱਤ ਕੀਤਾ ਜਾਂਦਾ ਹੈ। ਆਦਿ, ਮਧ ਅਤੇ ਅੰਤ ਦੀ ਦ੍ਰਿਸ਼ਟੀ ਤੋਂ ਵੀ ਉਸਦੇ ਨਾਵਲ ਬੜੇ ਪ੍ਰਭਾਵਸ਼ਾਲੀ ਅਤੇ ਸੁਝਾਊ (suggestive) ਹੁੰਦੇ ਹਨ। ਉਹ ਚਲਦੇ ਹੋਏ ਜੀਵਨ ਵਿਚੋਂ ਇਕ ਦਮ ਬੜੇ ਨਾਟਕੀ ਅੰਦਾਜ਼ ਵਿਚ ਆਪਣੇ ਨਾਵਲ ਸ਼ੁਰੂ ਕਰ ਲੈਂਦੀ ਹੈ। ਉਸਦੇ ਕਥਾਨਕ ਦਾ ਪ੍ਰਬੰਧ ਇਸ ਤਰ੍ਹਾਂ ਉਸਾਰਿਆ ਗਿਆ ਹੁੰਦਾ ਹੈ ਕਿ ਪਾਠਕ ਦੀ ਉਤਸੁਕਤਾ ਇਸ ਵਿਚ ਬਰਾਬਰ ਬਣੀ ਰਹਿੰਦੀ ਹੈ। ਆਪਣੇ ਨਾਵਲਾਂ ਦਾ ਅੰਤ ਉਹ ਅਜਿਹੇ ਕਲਾ-ਕੌਸ਼ਲ ਨਾਲ ਕਰਦੀ ਹੈ ਕਿ ਨਾਵਲ ਸਮਾਪਤ ਹੋਣ ਤੋਂ ਬਾਅਦ ਵੀ ਪਾਠਕਾਂ ਦੇ ਮਨਾਂ ਵਿਚ ਚੱਲਦਾ ਰਹਿੰਦਾ ਹੈ। ਜਿਹੜੇ ਸਵਾਲ ਅਤੇ ਸਮੱਸਿਆਵਾਂ ਉਹ ਆਪਣੇ ਨਾਵਲਾਂ ਵਿਚ ਉਠਾਉਂਦੀ ਹੈ, ਪਾਠਕ ਇਨ੍ਹਾਂ ਨਾਲ ਇਸ ਤਰ੍ਹਾਂ ਜੁੜ ਜਾਂਦੇ ਹਨ ਕਿ ਉਹ ਆਪ ਇਨ੍ਹਾਂ ਦਾ ਜਵਾਬ ਢੂੰਡਣ ਦੀ ਕੋਸ਼ਿਸ਼ ਵਿਚ ਰੁੱਝ ਜਾਂਦੇ ਹਨ।

ਦਲੀਪ ਕੌਰ ਟਿਵਾਣਾ ਦੇ ਪਾਤਰ ਬੜੇ ਯਥਾਰਥਕ ਅਤੇ ਸਜੀਵ ਹੁੰਦੇ ਹਨ। ਅਸਲ ਵਿਚ ਉਹ ਆਪਣੇ ਪਾਤਰ ਕਿਸੇ ਸਿਧਾਂਤ ਦੀ ਵਿਆਖਿਆ ਲਈ ਨਹੀਂ ਘੜਦੀ ਸਗੋਂ ਆਪਣੇ ਜੀਵਨ ਵਿਚ ਦੇਖੇ-ਭਾਲੇ ਕੁਝ ਪਾਤਰ ਮਾਡਲ ਵਜੋਂ ਲੈ ਕੇ ਉਨ੍ਹਾਂ ਦੀ ਜ਼ਿੰਦਗੀ ਦੇ ਸਵਾਲ ਹੱਲ ਕਰਨ ਦੀ ਕੋਸ਼ਿਸ਼ ਕਰਦੀ ਹੈ। ਉਹ ਇਸ ਧਾਰਣਾ ਨੂੰ ਮੰਨਦੀ ਹੈ ਕਿ ਲੇਖਕ ਆਪਣੇ ਪਾਤਰਾਂ ਵਿਚ ਜਿਉਂਦਾ ਹੈ। ਭਾਵੇਂ ਇਸਦਾ ਮਤਲਬ ਇਹ ਨਹੀਂ ਹੁੰਦਾ ਕਿ ਲੇਖਕ ਆਪਣੇ ਬਾਰੇ ਵਿਚ ਹੀ ਲਿਖ ਰਿਹਾ ਹੈ। ਆਪਣੇ ਪਾਤਰਾਂ ਸੰਬੰਧੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਰਚਾ ਕਰਦੀ ਹੋਈ ਇਕ ਜਗ੍ਹਾ ਉਹ ਲਿਖਦੀ ਹੈ, "ਕਦੇ ਕਦੇ ਇਹ ਪਾਤਰ ਮੈਨੂੰ ਡਾਢਾ ਪਰੇਸ਼ਾਨ ਕਰਦੇ ਹਨ ਜਦੋਂ ਵਰਕਿਆਂ ਵਿਚੋਂ ਨਿਕਲ ਕੇ ਇਹ ਮੇਰੇ ਸਾਹਮਣੇ ਆ ਖੜ੍ਹੋਂਦੇ ਹਨ ਤੇ ਆਪਣੇ ਸਵਾਲਾਂ ਦਾ ਉੱਤਰ ਮੰਗਦੇ ਹਨ। ਮੇਰੇ ਕੋਲੋਂ ਜਦ ਕੋਈ ਉੱਤਰ ਨਹੀਂ ਸਰਦਾ ਤਾਂ ਉਹ ਵਿਅੰਗ ਨਾਲ ਮੁਸਕਰਾ ਕੇ ਆਖਦੇ ਹਨ: ਮੈਡਮ ਤੂੰ ਕੌਣ ਹੈਂ? ਤੇ ਫਿਰ ਆਪ ਹੀ ਹੱਸ ਆਖਦੇ ਹਨ, ਤੂੰ ਵੀ ਕੋਈ ਨਹੀਂ। 'ਵਾਟ ਹਮਾਰੀ' ਵਿਚ ਜੀਤੂ ਰਾਹੀਂ ਮਰ ਜਾਣ ਮਗਰੋਂ, 'ਸੂਰਜ ਅਤੇ ਸਮੁੰਦਰ' ਵਿਚ ਅਜੀਤ ਨਾਲ ਦੇਸ਼ ਛੱਡ ਜਾਣ ਮਗਰੋਂ, 'ਦੂਸਰੀ ਸੀਤਾ' ਵਿਚ ਗੰਗਾ ਵਿਚ ਡੁਬ ਜਾਣ ਮਗਰੋਂ, 'ਸਫ਼ਰ' ਦੀ ਨਾਇਕਾ ਨਾਲ ਨੀਂਦ ਦੀਆਂ ਗੋਲੀਆਂ ਖਾ ਲੈਣ ਮਗਰੋਂ ਤੂੰ ਭਲਾ 'ਤੂੰ' ਕਿਵੇਂ ਰਹਿ ਸਕਦੀ ਐਂ?" (ਕਹਾਣੀ ਕਲਾ ਤੇ ਮੇਰਾ ਅਨੁਭਵ, ਪੰਨਾ 73)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਟਿਵਾਣਾ ਆਪਣੇ ਪਾਤਰਾਂ ਬਾਰੇ ਬੜੀ ਸ਼ਿੱਦਤ ਨਾਲ ਸੋਚਦੀ ਹੈ। ਉਨ੍ਹਾਂ ਦੀ ਜ਼ਿੰਦਗੀ ਨਾਲ ਜੁੜੇ ਸਵਾਲਾਂ ਨੂੰ ਲੈ ਕੇ ਬੜੀ ਪਰੇਸ਼ਾਨ ਰਹਿੰਦੀ ਹੈ। ਉਹ ਲਿਖਦੀ ਹੈ ਕਿ ਕਈ ਵਾਰ ਤਾਂ ਕਿਸੇ ਪਾਤਰ ਦੀ ਪਰੇਸ਼ਾਨੀ ਕਾਰਨ ਮੈਂ ਬੀਮਾਰ ਹੋ ਜਾਂਦੀ ਹਾਂ, ਕਈ ਕੰਮ ਵਿਗੜ ਜਾਂਦੇ ਹਨ, ਕਈ ਗੱਲਾਂ ਭੁੱਲ-ਭੁਲਾ ਜਾਂਦੀਆਂ ਹਨ। ਨਿਤ ਚਾਬੀਆਂ ਹੀ ਖੋ ਜਾਂਦੀਆਂ ਹਨ। (ਕਹਾਣੀ ਕਲਾ ਤੇ ਮੇਰਾ ਅਨੁਭਵ, ਪੰਨਾ 73) ਜਦੋਂ ਕੋਈ ਲੇਖਕ ਇਤਨੀ ਸੁਹਿਰਦਤਾ ਅਤੇ ਗਹਿਰਾਈ ਨਾਲ ਆਪਣੇ ਪਾਤਰਾਂ ਨਾਲ ਸੰਬੰਧਤ ਹੋ ਜਾਂਦਾ ਹੈ ਤਾਂ ਜ਼ਰੂਰੀ ਹੈ ਕਿ ਉਸਦੇ ਪਾਤਰ ਬੜੇ ਠੋਸ, ਹਕੀਕੀ ਅਤੇ ਦੇਖੇ-ਭਾਲੇ ਪ੍ਰਤੀਤ ਹੋਣਗੇ। ਦਲੀਪ ਕੌਰ ਟਿਵਾਣਾ ਦੀ ਸਫ਼ਲ ਪਾਤਰ ਉਸਾਰੀ ਦਾ ਇਹੀ ਸਭ ਤੋਂ ਵੱਡਾ ਰਾਜ਼ ਹੈ।

ਉਸਨੇ ਆਪਣੇ ਵੱਖ-ਵੱਖ ਨਾਵਲਾਂ ਵਿਚ ਪੇਸ਼ ਕੀਤੇ ਗਲਪ-ਲੋਕ ਨੂੰ ਪ੍ਰਮਾਣੀਕ ਅਤੇ ਪਹਿਚਾਣ ਯੋਗ ਬਣਾਉਣ ਲਈ ਦ੍ਰਿਸ਼ ਵਰਣਨ ਅਤੇ ਸਥਾਨਕ ਰੰਗਣ ਦਾ ਵੀ ਬੜਾ ਸੁੰਦਰ ਪ੍ਰਯੋਗ ਕੀਤਾ ਹੈ। ਨਾਵਲ ਦੇ ਇਹ ਦੋਵੇਂ ਤੱਤ, ਨਾਵਲ ਵਿਚ ਪੇਸ਼ ਹੋਈ ਜ਼ਿੰਦਗੀ ਨੂੰ ਵਧੇਰੇ ਵਿਸ਼ਵਾਸਯੋਗ ਬਣਾਉਣ ਦੇ ਨਾਲ-ਨਾਲ ਪਾਤਰਾਂ ਦੀਆਂ ਕ੍ਰਿਆਵਾਂ-ਪ੍ਰਤੀ-ਕ੍ਰਿਆਵਾਂ ਨੂੰ ਵੀ ਠੋਸ ਜ਼ਮੀਨ ਪ੍ਰਦਾਨ ਕਰਦੇ ਹਨ। ਉਦਾਹਰਣ ਲਈ ਅਸੀਂ ਉਸਦੇ ਇਕ ਨਾਵਲ ਪੈੜ-ਚਾਲ ਵਿਚ ਦ੍ਰਿਸ਼-ਵਰਣਨ ਨਾਲ ਸੰਬੰਧਿਤ ਇਕ ਅੰਸ਼ ਦਾ ਅਧਿਐਨ ਕਰਦੇ ਹਾਂ:

> ਬੋਟੈਨੀਕਲ ਗਾਰਡਨ ਵਿਚ ਬਣੀਆਂ ਪਗਡੰਡੀਆਂ ਉਪਰ ਇਕ ਵੇਲੇ ਇਕੋ ਬੰਦਾ ਤੁਰ ਸਕਦਾ ਸੀ। ਲਗਿਆ ਫੁੱਲਾਂ ਬੂਟਿਆਂ ਦੀ ਭਾਸ਼ਾ ਸਮਝਣ ਵਾਲੇ ਮਾਲੀ ਨੇ ਆਪੇ ਹੀ ਜਾਣ ਲਿਐ ਕਿ ਇਸ ਸੰਸਾਰ ਵਿਚ ਸਭ ਇਕੱਲੇ ਇਕੱਲੇ ਹੀ ਤੁਰਦੇ ਨੇ। ਮੈਡਮ ਸੋਧੀ ਕਿਸੇ ਹੋਰ ਪਗਡੰਡੀ ਤੇ ਚਲੀ ਗਈ ਤੇ ਸਿਮਰਨ ਕਿਸੇ ਹੋਰ ਤੇ। ਫੁੱਲਾਂ, ਬੂਟਿਆਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

> ਪੌਦਿਆਂ;, ਵੇਲਾਂ, ਰੁਖਾਂ, ਕਲਮਾਂ, ਪਨੀਰੀਆਂ ਵਿਚ ਬਨਸਪਤੀ ਸੰਸਾਰ ਦੇ ਸਾਰੇ ਪੜਾ ਆਪਣੀਆਂ-ਆਪਣੀਆਂ ਸੀਮਾਵਾਂ ਤੇ ਸੰਭਾਵਨਾਵਾਂ ਸਮੇਤ ਉਨ੍ਹਾਂ ਦੇ ਸਾਹਮਣੇ ਸਨ। ਸਿਮਰਨ ਨੂੰ ਲੱਗਿਆ ਇਥੇ ਘੁੰਮਦਿਆਂ ਇਨ੍ਹਾਂ ਨੇ ਮੇਰੇ ਨਾਲ ਤੇ ਮੈਂ ਇਨ੍ਹਾਂ ਨਾਲ ਕਿੰਨੀਆਂ ਹੀ ਗੱਲਾਂ ਕੀਤੀਆਂ ਹਨ। ਚੰਗੀ ਧਰਤੀ ਦੀਆਂ, ਪੈਰ ਪੈਰ ਰੰਗ ਬਦਲਦੇ ਅਸਮਾਨ ਦੀਆਂ, ਘੁੰਮ ਘੁੰਮ ਕੇ ਬਰਸਦੇ ਮੇਘਾਂ ਦੀਆਂ, ਬੀਜ ਦੇ ਬ੍ਰਿਕਸ਼ ਬਣ ਜਾਣ ਤਕ ਦੇ ਕਰਮ ਦੀਆਂ, ਮਿੱਟੀ ਦੀ ਫੁਲ ਬਣ ਕੇ ਹੱਸ ਸਕਣ ਦੀ ਸਮਰੱਥਾ ਦੀਆਂ ਤੇ ਮਨ ਵਿਚ ਨਿਤ ਮੁਰਝਾ ਮੁਰਝਾ ਕੇ ਡਿੱਗਣ ਵਾਲੇ ਫੁੱਲਾਂ ਤੋਂ ਬੇਖ਼ਬਰ ਲੋਕਾਂ ਦੀਆਂ।
>
> (ਪੈੜ ਚਾਲ, ਪੰਨਾ 47)

ਕਈ ਵਾਰ ਆਪਣੇ ਕਿਸੇ ਨਾਵਲ ਨੂੰ ਸਮਾਪਤ ਕਰਨ ਸਮੇਂ ਵੀ ਉਸਨੇ ਕਿਸੇ ਦ੍ਰਿਸ਼ ਨੂੰ ਬ੍ਰਿਤਾਂਤ ਵਿਧੀ ਦੇ ਰੂਪ ਵਿਚ ਬੜੀ ਸਫ਼ਲਤਾ ਨਾਲ ਵਰਤਿਆ ਹੈ। ਉਦਾਹਰਣ ਲਈ 'ਵਾਟ ਹਮਾਰੀ' ਦੇ ਅੰਤਿਮ ਅੰਸ਼ ਦੇਖੋ :

> ਕੰਮ ਧੰਦਾ ਮੁਕਾ ਕੇ ਸਰਦਾਰਨੀ ਆ ਕੇ ਆਪਣੇ ਮੰਜੇ ਉਤੇ ਟੇਢੀ ਹੋਈ ਹੀ ਸੀ ਕਿ ਬਾਹਰ ਕਬੂਤਰ ਨੇ ਬੇਚੈਨ ਜਿਹਾ ਹੋਕੇ ਖੰਭ ਫੜਕਾਏ।
>
> ਸ਼ਾਇਦ ਨੇੜਿਉਂ ਤੇੜਿਉਂ ਦੀ ਕੋਈ ਬਿੱਲੀ ਲੰਘੀ ਜਾ ਰਹੀ ਸੀ। ਦੂਜੇ ਹੀ ਪਲ ਬਿੱਲੀ ਝਪਟੀ ਤੇ ਛਟਪਟਾਂਦੇ ਗੋਲੇ ਕਬੂਤਰ ਨੂੰ ਮੂੰਹ ਵਿਚ ਦਬੋਚ ਕੇ ਕੋਠਾ ਟੱਪ ਗਈ।
>
> ਸਰਦਾਰਨੀ ਘਬਰਾ ਕੇ ਮਗਰ ਨੱਠੀ ਤਾਂ ਸਹੀ ਪਰ ਬਿੱਲੀ ਉਸ ਨਾਲੋਂ ਕਿਤੇ ਛੋਹਲੀ ਸੀ।
>
> ਬੜੀ ਰਾਤ ਗਈ ਤਕ ਸਰਦਾਰਨੀ ਨੂੰ ਨੀਂਦ ਨਾ ਆਈ।
>
> ਉਹ ਆਪਣੇ ਮੰਜੇ ਤੇ ਪਈ ਭਗਵਾਨ ਨੂੰ ਚਿਤਾਰਦੀ ਰਹੀ।
>
> ਬਾਹਰ ਰਾਤ ਚਾਨਣੀ ਸੀ।
>
> ਦੂਰ ਅਸਮਾਨ ਉਤੇ ਇਕ ਕਬੂਤਰ, ਨਹੀਂ ਸਚ ਇਕ ਜਹਾਜ਼ ਉਡਿਆ ਜਾ ਰਿਹਾ ਸੀ। ਵਾਟ ਹਮਾਰੀ, ਪੰਨਾ 152)

ਟਿਵਾਣਾ ਦੇ ਨਾਵਲ ਵਿਚ ਪੇਸ਼ ਕੀਤਾ ਗਿਆ ਉਕਤ ਦ੍ਰਿਸ਼ ਮਹਿਜ਼ ਪ੍ਰਕ੍ਰਿਤੀ-ਚਿਤ੍ਰਣ ਦੀ ਹੀ ਭੂਮਿਕਾ ਨਹੀਂ ਨਿਭਾਉਂਦਾ ਸਗੋਂ ਇਸ ਰਚਨਾ ਦੇ ਸਮੁਚੇ ਪ੍ਰਬੰਧ ਵਿਚ ਇਕ ਚਿਹਨਕ (signifier) ਦੀ ਭੂਮਿਕਾ ਨਿਭਾਉਂਦਾ ਹੈ। ਨਾਵਲ ਦੇ ਪ੍ਰਥਮ ਦ੍ਰਿਸ਼ ਵਿਚ ਵੀ ਗੋਲੇ ਕਬੂਤਰ ਆਸਮਾਨ ਵਿਚ ਉਡਦੇ ਫਿਰਦੇ ਹਨ ਜੋ ਛੇਤੀ ਹੀ ਕੋਠੀ ਦੀ ਛੱਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤੇ ਉਤਰਣਗੇ। ਅਤੇ ਚਿੜੀਆਂ ਛੱਤ ਉਤੇ ਰੱਖੇ ਪਾਣੀ ਵਿਚੋਂ ਚੁੰਝਾਂ ਭਰ ਰਹੀਆਂ ਹਨ। ਅਸਲ ਵਿਚ ਗੋਲਾ ਕਬੂਤਰ 'ਜੀਤੂ' ਹੈ ਜੋ ਬਾਜ਼ਾਰੋਂ ਸੌਦਾ-ਸਬਜ਼ੀ ਲੈਣ ਗਿਆ ਹੈ ਅਤੇ ਜੋ ਛੇਤੀ ਹੀ ਘਰੇ ਮੁੜ ਆਏਗਾ। ਪਾਣੀ ਪੀ ਰਹੀਆਂ ਚਿੜੀਆਂ, ਸਰਦਾਰਨੀ ਦੀਆਂ ਧੀਆਂ ਹਨ ਜੋ ਅਜੇ ਕੋਠੀ ਵਿਚ ਹੀ ਹਨ, ਕੁਆਰੀਆਂ ਹਨ। ਅਜੇ ਉਨ੍ਹਾਂ ਦੀ ਸ਼ਾਦੀ ਨਹੀਂ ਹੋਈ। ਨਾਵਲ ਦੇ ਅੰਤਿਮ ਦ੍ਰਿਸ਼ ਵਿਚ ਕੋਈ ਵੀ ਚਿੜੀ ਨਹੀਂ ਹੈ। ਕੁੜੀਆਂ-ਚਿੜੀਆਂ ਦੇ ਵਿਆਹ ਹੋ ਚੁਕੇ ਹਨ। ਸਿਰਫ਼ ਇਕ ਗੋਲਾ ਕਬੂਤਰ ਬਚਦਾ ਸੀ ਜੋ ਬਾਹਰ ਹਨੇਰੇ ਵਿਚ ਛੱਜੇ ਉਤੇ ਬੈਠਾ ਸੀ। ਇਸ ਕਬੂਤਰ ਨੂੰ ਵੀ ਬਿੱਲੀ ਫੜ ਕੇ ਲੈ ਜਾਂਦੀ ਹੈ। ਜੀਤੂ ਜੋ ਘਰ ਦੀ ਰੌਸ਼ਨੀ ਅਤੇ ਨਿੱਘ ਨੂੰ ਛੱਡ ਕੇ ਬਹੁਤ ਦੂਰ ਆਪਣੇ ਪਿੰਡ ਦੇ ਹਨੇਰੇ ਘਰ ਵਿਚ ਬੈਠਾ ਰਾਤ ਗੁਜ਼ਾਰ ਰਿਹਾ ਹੁੰਦਾ ਹੈ, ਉਸ ਨੂੰ ਕਾਲ ਆਪਣੇ ਬੇਰਹਿਮ ਅਤੇ ਮਜ਼ਬੂਤ ਪੰਜਿਆਂ ਵਿਚ ਫੜ ਕੇ ਲੈ ਜਾਂਦਾ ਹੈ। ਚਿੜੀਆਂ ਅਤੇ ਕਬੂਤਰ, ਜੋ ਸਰਦਾਰਨੀ ਦੀ ਜ਼ਿੰਦਗੀ ਨਾਲ ਜੁੜੇ ਹੋਏ ਸਨ ਅਤੇ ਜੋ ਜਾਗੀਰਦਾਰੀ ਅਰਥ-ਪ੍ਰਬੰਧ ਦੇ ਪ੍ਰਤੀਕ ਵੀ ਸਨ, ਹੁਣ ਸਰਦਾਰਨੀ ਦੀ ਜ਼ਿੰਦਗੀ ਵਿਚੋਂ ਦੂਰ ਜਾ ਚੁਕੇ ਹਨ। ਹੁਣ ਉਸਦੀ ਦੁਮੇਲ ਉਪਰ ਇਕ ਹਵਾਈ ਜਹਾਜ਼ ਪ੍ਰਗਟ ਹੋ ਰਿਹਾ ਸੀ ਜੋ ਉਸਦੀ ਨੂੰਹ 'ਚੇਤਨਾ' ਦਾ ਚਿਹਨਕ ਹੈ ਅਤੇ ਜੋ ਵਿਆਪਕ ਅਰਥਾਂ ਵਿਚ ਪੂੰਜੀਵਾਦੀ ਪ੍ਰਬੰਧ ਦੀ ਸੂਚਨਾ ਦਿੰਦਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਦਲੀਪ ਕੌਰ ਟਿਵਾਣਾ ਨੇ ਆਪਣੇ ਨਾਵਲਾਂ ਵਿਚ ਦ੍ਰਿਸ਼-ਵਰਣਨ ਨੂੰ ਬੜੇ ਅਰਥਪੂਰਣ ਢੰਗ ਨਾਲ ਵਰਤਿਆ ਹੈ।

ਦਲੀਪ ਕੌਰ ਟਿਵਾਣਾ ਦੇ ਨਾਵਲ ਬੋਲੀ ਅਤੇ ਸ਼ੈਲੀ ਦੇ ਪਖੋਂ ਵੀ ਬੜੇ ਮਹਤਵਪੂਰਨ ਹੁੰਦੇ ਹਨ। ਉਹ ਸ਼ੈਲੀ ਨੂੰ ਵਿਅਕਤੀ ਦੀ ਆਤਮਾ ਦਾ ਪ੍ਰਕਾਸ਼ ਮੰਨਦੀ ਹੈ। ਇਹੀ ਕਾਰਣ ਹੈ ਕਿ ਉਸਦੀ ਸ਼ੈਲੀ ਉਪਰ ਬਫ਼ਨ (Buffon) ਦਾ ਇਹ ਕਥਨ ਪੂਰੀ ਤਰ੍ਹਾਂ ਢੁੱਕਦਾ ਹੈ-ਸ਼ੈਲੀ ਹੀ ਸ਼ਖਸੀਅਤ ਹੈ। ਉਸਦੀ ਸ਼ੈਲੀ ਬੜੀ ਸੂਤਰਬੱਧ, ਵਿਅੰਗਮਈ, ਨਾਟਕੀ ਅਤੇ ਮੁਹਾਵਰੇ-ਅਖੌਤਾਂ ਨਾਲ ਭਰਪੂਰ ਹੈ। ਆਪਣੀ ਕਲਾਮਈ ਅਤੇ ਸਮਰੱਥ ਸ਼ੈਲੀ ਦੇ ਪ੍ਰਯੋਗ ਦੁਆਰਾ ਉਹ ਹਰ ਪਾਤਰ ਦੀ ਤਸਵੀਰ ਖਿੱਚ ਸਕਣ ਵਿਚ ਸਫ਼ਲ ਹੁੰਦੀ ਹੈ। ਉਸਦੇ ਨਾਵਲਾਂ ਵਿਚ ਜੇ ਪੇਂਡੂ ਪਾਤਰ ਪੇਂਡੂ ਅਤੇ ਆਂਚਲਿਕ ਭਾਸ਼ਾ ਦਾ ਪ੍ਰਯੋਗ ਕਰਦੇ ਨਜ਼ਰ ਆਉਂਦੇ ਹਨ ਤਾਂ ਸ਼ਹਿਰੀ ਪਾਤਰ ਬੜੀ ਉਚੇਚਮਈ ਜਾਂ ਦਾਰਸ਼ਨਿਕ ਭਾਸ਼ਾ ਵੀ ਵਰਤਦੇ ਨਜ਼ਰ ਆ ਸਕਦੇ ਹਨ। ਸ਼ਹਿਰੀ ਪਾਤਰਾਂ ਦੀ ਭਾਸ਼ਾ ਦੇ ਉਦਾਹਰਣ ਲਈ ਹੇਠ ਲਿਖਤ ਅੰਸ਼ਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ :

> "ਵਿਆਹ ਦਾ ਅਫ਼ੇਅਰ ਨਾਲ ਕੋਈ ਤੁਅਲਕ ਨਹੀਂ ਹੁੰਦਾ। ਵਿਆਹ ਇਕ ਅਰੇਂਜਮੈਂਟ ਹੈ ਤੇ ਅਫ਼ੇਅਰ ਇਕ ਕਿਸਮ ਨਾਲ ਸੈਲਫ਼ ਦੀ ਡਿਸਕਵਰੀ ਹੁੰਦੀ ਹੈ।" ਸ਼ੈਰੀ ਨੇ ਕਿਹਾ।
> "ਜਿੰਨੇ ਅਫ਼ੇਅਰ ਕਰਦੇ ਹੋ ਓਨੀ ਵਾਰੀ ਹੀ ਸੈਲਫ਼ ਦੀ ਡਿਸਕਵਰੀ ਹੁੰਦੀ ਹੈ? ਆਖ਼ਰ ਇਹ ਸੈਲਫ਼ ਕਿੰਨੇ ਕੁ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦੇ ਨੇ ?" ਸਿਮਰਨ ਨੇ ਸ਼ਰਾਰਤ ਨਾਲ ਪੁਛਿਆ ।

(ਪੈੜ-ਚਾਲ, ਪੰਨਾ 107)

ਪੰਜਾਬੀ ਨਾਵਲ ਦੇ ਸੰਦਰਭ ਵਿਚ ਦਲੀਪ ਕੌਰ ਟਿਵਾਣਾ ਦੀ ਨਾਵਲ ਕਲਾ ਬਾਰੇ ਸਰਬਪੱਖੀ ਵਿਚਾਰ ਕਰਨ ਤੋਂ ਬਾਅਦ ਅਸੀਂ ਇਸ ਸਿੱਟੇ ਉਤੇ ਪਹੁੰਚਦੇ ਹਾਂ ਕਿ ਉਸਨੇ ਪੰਜਾਬੀ ਨਾਵਲ ਨੂੰ ਗੁਣਾਤਮਕ ਅਤੇ ਗਿਣਾਤਮਕ ਪੱਖੋਂ ਅਤਿਅੰਤ ਮਹਤਵਪੂਰਨ ਦੇਣ ਦਿਤੀ ਹੈ । ਨਾਰੀ ਦੀ ਹੋਂਦ ਅਤੇ ਹੋਣੀ ਨੂੰ ਪੇਸ਼ ਕਰਨ ਦਾ ਇਕ ਬਹੁਤ ਹੀ ਈਮਾਨਦਾਰ ਅਤੇ ਸ਼ਕਤੀਸ਼ਾਲੀ ਪ੍ਰਯਤਨ ਉਸਦੇ ਨਾਵਲਾਂ ਵਿਚ ਹੋਇਆ ਹੈ । ਉਸਨੇ ਅਨੁਭਵ ਅਤੇ ਅਭਿਵਿਅਕਤੀ ਦੋਹਾਂ ਪੱਖਾਂ ਤੋਂ ਹੀ ਪੰਜਾਬੀ ਨਾਵਲ ਨੂੰ ਅਮੀਰ ਬਣਾਇਆ ਹੈ । ਦਲੀਪ ਕੌਰ ਟਿਵਾਣਾ ਨੇ ਪੰਜਾਬੀ ਨਾਵਲ ਵਿਚ ਪ੍ਰਵੇਸ਼ ਤੋਂ ਬਾਅਦ ਇਸ ਦੀ ਗਤੀ ਨੇ ਵਿਕਾਸ ਦਾ ਇਕ ਤਿੱਖਾ ਮੋੜ ਕੱਟਿਆ ਹੈ । ਸਾਡਾ ਵਿਸ਼ਵਾਸ ਹੈ ਕਿ ਅਜੇ ਉਹ ਪੰਜਾਬੀ ਨਾਵਲ ਨੂੰ ਵਧੇਰੇ ਅਮੀਰ ਬਣਾਉਣ ਵਿਚ ਹੋਰ ਵੀ ਕਾਫ਼ੀ ਹਿੱਸਾ ਪਾਵੇਗੀ । ਅਜੇ ਉਸ ਵਿਚ ਬਹੁਤ ਸੰਭਾਵਨਾਵਾਂ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਿਸ਼ਿਸ਼ਟ 1

ਕਹਾਣੀ ਕਲਾ ਅਤੇ ਟਿਵਾਣਾ ਦਾ ਅਨੁਭਵ

ਦਲੀਪ ਕੌਰ ਟਿਵਾਣਾ ਦਾ ਪਹਿਲਾ ਕਹਾਣੀ ਸੰਗ੍ਰਹਿ 'ਪ੍ਰਬਲ ਵਹਿਣ' ਉਸਦੇ ਵਿਦਿਆਰਥੀ ਜੀਵਨ ਵਿਚ ਹੀ ਪ੍ਰਕਾਸ਼ਿਤ ਹੋ ਗਿਆ ਸੀ। ਉਸ ਤੋਂ ਪਿਛੋਂ ਉਸ ਦੇ ਕੁਝ ਹੋਰ ਕਹਾਣੀ ਸੰਗ੍ਰਹਿ ਤ੍ਰਾਟਾਂ, ਵੇਦਨਾ, ਵੈਰਾਗੇ ਨੈਣ, ਕਿਸੇ ਦੀ ਧੀ, ਤੂੰ ਭਰੀ ਹੁੰਗਾਰਾ ਆਦਿ ਪ੍ਰਕਾਸ਼ਿਤ ਹੋਏ ਪਰੰਤੂ ਪਿਛਲੇ ਕੁਝ ਵਰ੍ਹਿਆਂ ਤੋਂ ਉਹ ਨਾਵਲ-ਲੇਖਣ ਵਲ ਹੀ ਰੁਚਿਤ ਹੈ ਬੇਸ਼ੱਕ ਉਸਨੇ ਆਪਣੀ ਸਾਹਿਤਿਕ-ਯਾਤਰਾ ਬਤੌਰ ਇਕ ਕਹਾਣੀਕਾਰ ਹੀ ਸ਼ੁਰੂ ਕੀਤੀ ਸੀ। ਪਰੰਤੂ ਹੁਣ ਉਹ ਆਪ ਵੀ ਆਪਣੀਆਂ ਕਹਾਣੀਆਂ ਦੀ ਵਸਤੂ ਅਤੇ ਰੂਪ-ਸੰਗਠਨ ਤੋਂ ਬਹੁਤੀ ਸੰਤੁਸ਼ਟ ਨਹੀਂ ਜਾਪਦੀ। ਉਹ ਆਪਣੇ ਮੁਢਲੇ ਕਹਾਣੀ-ਸੰਗ੍ਰਹਾਂ ਦੀ ਬਜਾਇ ਨਵੇਂ ਸੰਗ੍ਰਹਾਂ ਸਾਧਨਾਂ; ਯਾਤਰਾ, ਕਿਸੇ ਦੀ ਧੀ, ਤੇਰਾ ਕਮਰਾ ਮੇਰਾ ਕਮਰਾ ਆਦਿ ਨੂੰ ਵਧੇਰੇ ਮਹੱਤਵ ਦਿੰਦੀ ਹੈ। ਇਸਦਾ ਇਕ ਕਾਰਣ ਇਹ ਵੀ ਹੋ ਸਕਦਾ ਹੈ ਕਿ ਉਸਦੀਆਂ ਮੁੱਢਲੀਆਂ ਕਹਾਣੀਆਂ ਵਿਚ ਭਾਵੁਕਤਾ ਅਤੇ ਰੋਮਾਨੀਅਤ ਦੇ ਅੰਸ਼ ਵਧੇਰੇ ਸੰਘਣੇ ਅਤੇ ਸਪਸ਼ਟ ਸਨ।

ਦਲੀਪ ਕੌਰ ਟਿਵਾਣਾ ਆਪਣੀ ਕਹਾਣੀ ਕਲਾ ਦੇ ਆਰੰਭ ਬਾਰੇ ਦੱਸਦੀ ਹੋਈ ਇਕ ਥਾਂ ਲਿਖਦੀ ਹੈ, "ਅਜ ਜਦੋਂ ਮੈਂ ਇਸ ਗੱਲ ਬਾਰੇ ਸੋਚਦੀ ਹਾਂ ਕਿ ਮੈਂ ਲਿਖਣਾ ਕਿਉਂ ਸ਼ੁਰੂ ਕੀਤਾ ਤੇ ਕਿਵੇਂ ਕੀਤਾ ਤਾਂ ਅਸਪਸ਼ਟ ਜਿਹੇ ਕੁਝ ਕਾਰਣ ਲੱਭੇ ਜਾ ਸਕਦੇ ਹਨ। ਪਹਿਲਾ ਕਾਰਣ ਸੀ ਕਿ ਮੈਂ ਕਿਤਾਬਾਂ ਬੇਸ਼ੁਮਾਰ ਪੜ੍ਹਦੀ ਰਹਿੰਦੀ ਸੀ। ਅਮੀਰ ਆਦਮੀ ਦੀ ਧੀ ਕੰਮ ਕਾਰ ਕੋਈ ਹੁੰਦਾ ਨਹੀਂ ਸੀ। ਬਹੁਤਾ ਸਮਾਂ ਨਾਵਲਾਂ, ਕਹਾਣੀਆਂ ਦੇ ਪਾਤਰਾਂ ਨਾਲ ਕਾਲਪਨਿਕ ਸੰਸਾਰ ਵਿਚ ਘੁੰਮਦਿਆਂ ਰਹਿਣਾ। ਕਦੇ ਕਦੇ ਇਸ ਸੰਸਾਰ ਦੇ ਸਿਰਜਨਹਾਰਿਆਂ ਭਾਵ ਲੇਖਕਾਂ ਬਾਰੇ ਸੋਚਣਾ। ਕਦੇ ਕਦੇ ਕੋਈ ਗੱਲ ਬੜੀ ਚੰਗੀ ਲਗਣੀ ਜਾਂ ਬਹੁਤ ਮਾੜੀ, ਉਸ ਬਾਰੇ ਕਿਸੇ ਨੂੰ ਦੱਸਣ ਨੂੰ ਮਨ ਕਰਨਾ ਪਰ ਘਰ ਵਿਚ ਜਾਂ ਬਹੁਤ ਵੱਡੇ ਲੋਕ ਸਨ ਜਾਂ ਫਿਰ ਨੌਕਰ ਚਾਕਰ, ਇਸ ਲਈ ਗੱਲਾਂ ਮਨ ਵਿਚ ਆਪਣੇ ਆਪ ਨਾਲ ਹੀ ਕਰ ਲੈਣੀਆਂ ਮੇਰੀ ਆਦਤ ਬਣਦੀ ਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹੀ ਸੀ ।......ਪ੍ਰਿੰਸੀਪਲ ਤੇਜਾ ਸਿੰਘ ਦੇ ਉਤਸਾਹਿਤ ਕਰਨ ਤੇ ਕੁਝ ਕਹਾਣੀਆਂ ਲਿਖੀਆਂ ਗਈਆਂ । ਕਿਤਾਬ ਛਪ ਗਈ । ਪ੍ਰਿੰਸੀਪਲ ਸਾਹਿਬ ਨੇ ਮੁਖ-ਬੰਧ ਵੀ ਲਿਖ ਦਿਤਾ । ਪਰ ਅਜ ਮੈਨੂੰ ਲੱਗਦਾ ਹੈ ਕਿ ਜਦੋਂ ਤਕ ਤੁਹਾਨੂੰ ਇਹ ਨਾ ਪਤਾ ਹੋਵੇ ਕਿ ਤੁਸੀਂ ਕਿਉਂ ਲਿਖਦੇ ਹੋ ਉਦੋਂ ਤਕ ਤੁਹਾਡੀ ਲਿਖਤ ਦਿਸ਼ਾਹੀਣ, ਨਿਰਾ ਉਬਾਲ ਹੋਵੇਗਾ ਜਿਹੜਾ ਛਪ ਕੇ ਲੋਕਾਂ ਤਕ ਨਹੀਂ ਪਹੁੰਚਣਾ ਚਾਹੀਦਾ । ਇਹ ਇਉਂ ਹੋਵੇਗਾ ਜਿਵੇਂ ਤੁਸੀਂ ਸੁਪਨੇ ਵਿਚ ਬਰੜਾ ਰਹੇ ਹੋਵੋ ਅਤੇ ਲੋਕੀਂ ਸੁਣ ਰਹੇ ਹੋਣ ।" (ਕਹਾਣੀਕਲਾ ਤੇ ਮੇਰਾ ਅਨੁਭਵ, ਪੰਨਾ 60)

ਕਹਾਣੀ-ਰਚਨਾ ਸੰਬੰਧੀ ਦਲੀਪ ਕੌਰ ਟਿਵਾਣਾ ਦੇ ਮੂਲ ਸਿਧਾਂਤ ਨੂੰ ਸਮਝਣ ਲਈ ਉਸੇ ਦੀ ਇਕ ਕਹਾਣੀ ਨੂੰ ਆਪਣਾ ਆਧਾਰ ਬਣਾਇਆ ਜਾ ਸਕਦਾ ਹੈ । ਉਸਦੀ ਇਹ ਕਹਾਣੀ ਇਸ ਪ੍ਰਕਾਰ ਹੈ :

> ਉਹ ਇਕ ਸਾਧਾਰਣ ਔਰਤ ਸੀ । ਉਸਦਾ ਇਕ ਘਰ ਸੀ, ਪਤੀ ਸੀ, ਬੱਚੇ ਸਨ । ਪਤੀ ਉਹਦਾ ਕਮਾ ਲਿਆਉਂਦਾ । ਉਹ ਰਿੰਨ੍ਹ ਪਕਾ ਦਿੰਦੀ, ਘਰ ਸੰਭਾਲਦੀ, ਬੱਚਿਆਂ ਦੀ ਦੇਖ ਭਾਲ ਕਰਦੀ ।
>
> ਕਦੇ ਕਦੇ ਉਨ੍ਹਾਂ ਦੇ ਘਰ ਕੋਈ ਮਹਿਮਾਨ ਆ ਜਾਂਦਾ । ਕਦੇ ਕਦੇ ਉਹ ਦੋ ਚਾਰ ਦਿਨ ਲਈ ਪੇਕੀਂ ਸਹੁਰੀਂ ਚਲੀ ਜਾਂਦੀ ।
>
> ਕਦੇ ਕਦੇ ਉਹਦਾ ਪਿਤਾ ਉਹਦੇ ਨਾਲ ਨਾਰਾਜ਼ ਹੋ ਜਾਂਦਾ । ਉਹ ਬੱਚਿਆਂ ਨੂੰ ਵੱਢ ਵੱਢ ਖਾਂਦੀ । ਪਰ ਕਦੇ ਕਦੇ ਉਹ ਖੁਸ਼ ਹੋ ਕੇ ਕੋਈ ਗਹਿਣਾ ਕਪੜਾ ਵੀ ਬਣਵਾ ਦਿੰਦਾ । ਇਉਂ ਹੀ ਦਿਨ ਮਹੀਨੇ ਸਾਲ ਲੰਘਦੇ ਗਏ ਅਤੇ ਇਉਂ ਹੀ ਉਮਰ ਲੰਘਾ ਕੇ ਇਕ ਦਿਨ ਉਹ ਮਰ ਗਈ ।
>
> (ਇਕ ਸੀ ਔਰਤ)

ਡਾ. ਟੀ. ਆਰ. ਵਿਨੋਦ ਨੇ ਦਲੀਪ ਕੌਰ ਟਿਵਾਣਾ ਦੀ ਉਕਤ ਕਹਾਣੀ ਦੇ ਆਧਾਰ ਤੇ ਉਸਦੀ ਕਹਾਣੀ-ਰਚਨਾ ਦੇ ਮੂਲ ਸਿਧਾਂਤ ਨੂੰ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ । ਉਸ ਅਨੁਸਾਰ ਕਹਾਣੀ ਗਾਡੀ-ਰਾਹ ਉਤੇ ਤੁਰਨ ਵਾਲੀ ਜ਼ਿੰਦਗੀ ਬਾਰੇ ਨਹੀਂ ਲਿਖੀ ਜਾ ਸਕਦੀ । ਜੰਮਣਾ, ਜਿਉਣਾ ਅਤੇ ਮਰ ਜਾਣਾ । ਇਹ ਮਨੁੱਖ ਦੀ ਕੁਦਰਤੀ-ਕਥਾ ਤਾਂ ਹੋ ਸਕਦੀ ਹੈ, ਸਾਂਸਕ੍ਰਿਤਿਕ-ਕਥਾ ਨਹੀਂ ਜੋ ਕਲਾ ਦਾ ਮਜ਼ਮੂਨ ਹੁੰਦੀ ਹੈ । ਉਤਲੀ ਕਥਾ ਦਾ ਆਖਰੀ ਫ਼ਿਕਰਾ ਡਾ. ਟਿਵਾਣਾ ਦੇ ਕਾਵਿ-ਸ਼ਾਸਤਰ ਦੇ ਇਸ ਮੂਲ ਸਿਧਾਂਤ ਵੱਲ ਸੰਕੇਤ ਕਰਦਾ ਹੈ । ਹਾਂ-ਭਾਵੀ ਸ਼ਬਦਾਂ ਵਿਚ ਕਹਾਣੀ ਤਾਂ ਅਜਿਹੇ ਵਿਅਕਤੀ ਬਾਰੇ ਲਿਖੀ ਜਾ ਸਕਦੀ ਹੈ ਜੋ ਵਸਤੂ-ਯਥਾਰਥ ਨਾਲ ਤਣਾਉ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਥਿਤੀ ਵਿਚ ਵਿਚਰਦਾ ਹੋਵੇ । ਤਣਾਉ, ਸਥਿਤੀ ਨੂੰ ਗਤੀ ਪ੍ਰਦਾਨ ਕਰਦਾ ਹੈ। ਗਤੀ, ਬ੍ਰਿਤਾਂਤ ਨੂੰ ਜਨਮ ਦਿੰਦੀ ਹੈ ਅਤੇ ਬ੍ਰਿਤਾਂਤ ਕਹਾਣੀ-ਵਿਧਾ ਦਾ ਮੁਢਲਾ ਪਰ ਮੂਲ ਨਿਖੇੜਕ ਲੱਛਣ ਹੈ। ਡਾ. ਟਿਵਾਣਾ ਦੀਆਂ ਕਹਾਣੀਆਂ ਵੀ ਤਣਾਉ ਦੇ ਧੁਰੇ ਦੁਆਲੇ ਉਸਰਦੀਆਂ ਹੋਈਆਂ ਹਨ ਅਤੇ ਇਹ ਤਣਾਉ ਮੁਹੱਬਤ ਦੇ ਖੇਤਰ ਵਿਚ ਵਾਪਰਦਾ ਹੈ। (ਟੀ. ਆਰ. ਵਿਨੋਦ, ਡਾ. ਦਲੀਪ ਕੌਰ ਟਿਵਾਣਾ ਦੀ ਕਹਾਣੀ ਕਲਾ, ਭਾਸ਼ਾ ਵਿਭਾਗ ਪੰਜਾਬ ਲਈ ਲਿਖਿਆ ਖੋਜ-ਪੱਤਰ, ਪੰਨਾ 1)

ਦਲੀਪ ਕੌਰ ਟਿਵਾਣਾ ਆਧੁਨਿਕ ਵਿਅਕਤੀ ਦੇ ਬਦਲ ਚੁਕੇ ਸਮਾਜਿਕ-ਸਭਿਆਚਾਰ ਪਰਿਵੇਸ਼ ਤੋਂ ਭਲੀ ਭਾਂਤ ਚੇਤੰਨ ਹੈ। ਉਹ ਜਾਣਦੀ ਹੈ ਕਿ ਗਿਆਨ ਅਤੇ ਵਿਗਿਆਨ ਦੇ ਖੇਤਰ ਵਿਚ ਆਏ ਨਵੇਂ ਵਿਚਾਰਾਂ ਨੇ ਮਨੁੱਖ ਨੂੰ ਆਧਾਰਹੀਣ ਬਣਾ ਦਿੱਤਾ ਹੈ। ਡਾਰਵਿਨ, ਨਿਤਸ਼ੇ, ਮਾਰਕਸ ਅਤੇ ਆਈਨਸਟਾਈਨ ਵਰਗੇ ਚਿੰਤਕਾਂ ਨੇ ਮਨੁੱਖ ਦੀ ਰਵਾਇਤੀ ਸਰਦਾਰੀ ਨੂੰ ਬੁਰੀ ਤਰ੍ਹਾਂ ਚੈਲੰਜ ਕਰ ਦਿੱਤਾ ਹੈ। ਅਜੋਕੇ ਮਨੁੱਖ ਦੇ ਸਾਰੇ ਸਾਂਝੇ ਵਿਸ਼ਵਾਸ ਅਤੇ ਆਦਰਸ਼ਵਾਦੀ ਕੀਮਤਾਂ ਤਾਂ ਇਕ-ਇਕ ਕਰਕੇ ਤਿੜਕ ਗਈਆਂ ਹਨ। ਹੁਣ ਉਸਦਾ ਕੋਈ ਨਿਸ਼ਚਿਤ ਸਿਧਾਂਤ ਨਹੀਂ, ਕੋਈ ਨੈਤਿਕਤਾ ਨਹੀਂ ਅਤੇ ਜਿਉਣਾ ਮਹਿਜ਼ ਉਸ ਲਈ ਇਕ ਆਦਤ ਬਣ ਕੇ ਰਹਿ ਗਿਆ ਹੈ। ਇਸ ਬਦਲੇ ਹੋਏ ਮਨੁੱਖ ਦੇ ਪ੍ਰਗਟਾਉ ਲਈ ਪੁਰਾਣੀ ਰਵਾਇਤੀ ਕਹਾਣੀ ਵਾਲਾ ਰੂਪ ਮੇਚ ਨਹੀਂ ਸੀ ਆ ਸਕਦਾ ਇਸ ਲਈ ਅਜ ਦਾ ਕਹਾਣੀਕਾਰ ਨਵੇਂ ਮਨੁੱਖ ਦੇ ਅਨੁਭਵ ਦੇ ਹਾਣ ਦੇ ਕਿਸੇ ਰੂਪ ਦੀ ਤਲਾਸ਼ ਵਿਚ ਨਿਕਲਿਆ । ਕੱਜ਼ੀਰਰ (Cassiror) ਦੇ ਕਥਨ ਅਨੁਸਾਰ ਰੂਪ ਕਿਸੇ ਕਿਰਤ ਦਾ ਨਿਰਾ ਬਾਹਰੀ ਆਕਾਰ ਹੀ ਨਹੀਂ ਹੁੰਦਾ ਸਗੋਂ ਇਹ ਰੂਪ ਮਨੁੱਖੀ ਅਨੁਭਵ ਨੂੰ ਸਿਰਜਣ ਤੇ ਵਿਉਂਤਣ ਵਿਚ ਵਿਸ਼ੇਸ਼ ਹਿੱਸਾ ਪਾਉਂਦਾ ਹੈ।

ਡਾ. ਟਿਵਾਣਾ ਦਾ ਵਿਚਾਰ ਹੈ ਕਿ ਨਿਕੀ ਕਹਾਣੀ ਆਧੁਨਿਕ ਮਨੁੱਖ ਦੀ ਚੇਤੰਨ ਸਾਹਿਤਕ ਸਿਰਜਨਾ ਹੈ ਜਿਸ ਵਿਚ ਹੱਡ-ਮਾਸ ਦੀ ਸਥੂਲ ਧਰਤੀ ਤੋਂ ਲੈ ਕੇ ਰੂਹ ਦੀ ਤਿੰਨਾਂ ਕਾਲਾਂ ਤੋਂ ਉਪਰ ਦੀ ਉਡਾਨ ਤੱਕ ਦੀ ਗੱਲ ਹੋ ਸਕਦੀ ਹੈ। ਕਹਾਣੀ ਦੀ ਤਕਨੀਕ ਸੰਬੰਧੀ ਵੀ ਲੇਖਕਾ ਦੇ ਵਿਚਾਰ ਰਵਾਇਤੀ ਨਹੀਂ। ਉਸ ਅਨੁਸਾਰ ਕੁਝ ਕਹਾਣੀਕਾਰ ਤਕਨੀਕੀ ਪਾਬੰਧੀਆਂ ਦਾ ਸਖ਼ਤੀ ਨਾਲ ਪਾਲਣ ਕਰਦੇ ਹਨ ਜਦੋਂ ਕਿ ਕੁਝ ਹੋਰ ਕਹਾਣੀਕਾਰ ਇਨ੍ਹਾਂ ਪਾਬੰਧੀਆਂ ਤੋਂ ਖੁਲ੍ਹ ਵੀ ਲੈ ਲੈਂਦੇ ਹਨ। ਕਹਾਣੀ ਦੇ ਸੰਬੰਧ ਵਿਚ ਵਡੀ ਅਤੇ ਮਹਤਵਪੂਰਨ ਗੱਲ ਇਹੋ ਹੈ ਕਿ ਲੇਖਕ ਆਪਣੇ ਪ੍ਰਮਾਣੀਕ ਅਨੁਭਵ ਨੂੰ ਸਹੀ ਰੂਪ ਵਿਚ ਸੰਪ੍ਰੇਸ਼ਿਤ ਕਰ ਸਕੇ। ਸਾਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਰੱਖਣਾ ਚਾਹੀਦਾ ਕਿ ਕਹਾਣੀਕਾਰ ਤਕਨੀਕ ਦੀ ਪਾਲਣਾ ਕਰਦਾ ਹੈ ਕਿ ਉਲੰਘਣਾ। ਆਪਣੇ ਇਸ ਵਿਚਾਰ ਦੀ ਵਿਆਖਿਆ ਕਰਦੀ ਹੋਈ ਉਹ ਲਿਖਦੀ ਹੈ, "ਘਟਨਾਵਾਂ, ਪਾਤਰ ਤੇ ਉਨ੍ਹਾਂ ਦੇ ਕਰਮਾਂ ਪ੍ਰਤੀਕਰਮਾਂ ਨੂੰ ਪ੍ਰਭਾਵ ਦੀ ਏਕਤਾ ਲਈ ਕਹਾਣੀ ਚਾਲ ਵਿਚ ਖਾਸ ਥਾਂ ਟਿਕਾਣੇ ਸਿਰ ਰੱਖਿਆ ਜਾਂਦਾ ਹੈ। ਪਰ ਅਜ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਝ ਕਹਾਣੀਕਾਰ ਤਾਂ ਬਣਤਰ ਨਾਲ ਪੈਦਾ ਕੀਤੀ ਏਕਤਾ ਵਿਚ ਯਕੀਨ ਰੱਖਦੇ ਹਨ। ਜਿਵੇਂ ਕਿ ਅੰਗਰੇਜ਼ੀ ਲੇਖਕ ਹੈਨਰੀ ਜੇਮਜ਼ ਅਤੇ ਵਿਲੀਅਮ ਫਾਕਨਰ ਕਹਾਣੀ ਵਿਚ ਚੋਣ ਅਤੇ ਤਰਤੀਬ ਨੂੰ ਬੜੀ ਮਹੱਤਾ ਦਿੰਦੇ ਹਨ। ਪੰਜਾਬੀ ਵਿਚ ਨਾਨਕ ਸਿੰਘ, ਗੁਰਮੁਖ ਸਿੰਘ ਮੁਸਾਫ਼ਿਰ, ਸੁਜਾਨ ਸਿੰਘ ਤੇ ਗੁਰਬਖ਼ਸ਼ ਸਿੰਘ ਦੀਆਂ ਬਹੁਤ ਸਾਰੀਆਂ ਕਹਾਣੀਆਂ 'ਚੋਂ ਇਸ ਕਿਸਮ ਦੀ ਕਾਰੀਗਰੀ ਸਾਫ਼ ਦਿੱਸਦੀ ਹੈ। ਪਰ ਕੁਝ ਲੇਖਕ ਜ਼ੇਮਜ਼ ਜਾਇਸ ਵਾਂਗ ਇਹ ਸਮਝਦੇ ਹਨ ਕਿ ਜ਼ਿੰਦਗੀ ਦੇ ਧੁਰ ਅੰਦਰ ਇਸਦੀ ਇਕ ਆਪਣੀ ਏਕਤਾ ਮੌਜੂਦ ਹੈ। ਕਲਾਕਾਰ ਨੇ ਉਸੇ ਏਕਤਾ ਨੂੰ ਆਪਣੀ ਅੰਤਰ-ਦ੍ਰਿਸ਼ਟੀ ਨਾਲ ਲੱਭਣਾ ਹੁੰਦਾ ਹੈ। ਬਾਹਰਲੀ ਵਿਉਂਤ ਉਸ ਨੂੰ ਲੱਭਣ ਵਿਚ ਸਗੋਂ ਬਾਧਕ ਬਣਦੀ ਹੈ।" (ਕਹਾਣੀ ਕਲਾ ਤੇ ਮੇਰਾ ਅਨੁਭਵ, ਪੰਨਾ 14)

ਦਲੀਪ ਕੌਰ ਟਿਵਾਣਾ ਦੀਆਂ ਕਹਾਣੀਆਂ ਤਕਨੀਕ ਦੇ ਰਵਾਇਤੀ ਲੱਛਣਾਂ ਤੋਂ ਪਾਰ ਚਲੀਆਂ ਜਾਂਦੀਆਂ ਹਨ। ਉਸਦੀਆਂ ਕਹਾਣੀਆਂ ਦੀ ਖ਼ੂਬੀ ਮੌਕਾ ਮੇਲ ਜਾਂ ਸਿਖਰ-ਸਿਰਜਨਾ ਵਰਗੀਆਂ ਸਨਸਨੀਖੇਜ਼ ਬਿਰਤਾਂਤ-ਜੁਗਤਾਂ ਦੀ ਵਰਤੋਂ ਵਿਚ ਨਹੀਂ ਹੈ। ਲੁਕਾਵੇ ਅਤੇ ਪ੍ਰਗਟਾਵੇ ਦੀ ਪਰੰਪਰਾਗਤ ਰਚਨਾ-ਜੁਗਤ ਵਿਚੋਂ ਪੈਦਾ ਹੋਣ ਵਾਲਾ ਲਟਕਾਉ ਵੀ ਉਸਦੀਆਂ ਕਹਾਣੀਆਂ ਵਿਚ ਮੌਜੂਦ ਨਹੀਂ ਹੈ। ਡਾ. ਵਿਨੋਦ ਉਸਦੀਆਂ ਕਹਾਣੀਆਂ ਦੀ ਤਕਨੀਕ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕਰਦਾ ਹੋਇਆ ਲਿਖਦਾ ਹੈ, "ਉਸਦੀ ਕਹਾਣੀ ਤਾਂ ਸਮਤਲ ਉਤੇ ਵਹਿੰਦੀ ਸ਼ਾਂਤ ਨਦੀ ਵਾਂਗ ਹੈ, ਜਿਸ ਵਿਚ ਪਰਸਪਰ ਸੰਬੰਧਿਤ ਪਰ ਵਿਰੋਧੀ ਵੇਗਾਂ ਦੀਆਂ ਲਹਿਰਾਂ ਉੱਠਦੀਆਂ ਹਨ ਅਤੇ ਸਮਾ ਜਾਂਦੀਆਂ ਹਨ। ਮਾਨਸਿਕ ਸੰਘਰਸ਼ ਦੀ ਇਸ ਪ੍ਰਕ੍ਰਿਆ ਨੂੰ ਕਹਾਣੀਕਾਰ ਬੜੀਆਂ ਸਾਧਾਰਣ ਚਿਹਨਕ-ਜੁਗਤਾਂ ਦੀ ਸਹਾਇਤਾ ਨਾਲ ਵਿਅਕਤ ਕਰਦੀ ਹੈ। ਉਸ ਦੀਆਂ ਵਧੇਰੇ ਕਲਾਮਈ ਕਹਾਣੀਆਂ ਉਹੀ ਹਨ ਜਿਨ੍ਹਾਂ ਵਿਚ ਇਕ ਠਰ੍ਹੰਮਾਂ ਅਤੇ ਸੰਜਮ ਮੌਜੂਦ ਹੈ।" (ਟੀ, ਆਰ. ਵਿਨੋਦ, ਦਲੀਪ ਕੌਰ ਟਿਵਾਣਾ ਦੀ ਕਹਾਣੀ ਕਲਾ, ਉਕਤ ਕਥਿਤ, ਪੰਨਾ 7)

ਦਲੀਪ ਕੌਰ ਟਿਵਾਣਾ ਨੇ ਆਪਣੀਆਂ ਕਹਾਣੀਆਂ ਦੇ ਮਾਧਿਅਮ ਰਾਹੀਂ ਸ੍ਰਿਸ਼ਟੀ ਨਾਲ ਆਪਣੇ ਰਿਸ਼ਤੇ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਉਹ ਚਾਹੁੰਦੀ ਹੈ ਕਿ ਇਹ ਰਿਸ਼ਤਾ ਮੋਹਭਿੱਜਾ, ਤੰਦਰੁਸਤ ਅਤੇ ਖ਼ੂਬਸੂਰਤ ਹੋਵੇ। ਉਹ ਸਮਾਜਿਕ ਪਰਿਸਥਿਤੀਆਂ ਨੂੰ ਜਿਉਂ-ਦੀਆਂ-ਤਿਉਂ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਨ ਦੇ ਹੱਕ ਵਿਚ ਨਹੀਂ ਬਲਕਿ ਉਹ ਪਰਸਥਿਤੀਆਂ ਨੂੰ ਮਨ ਤੇ ਪਏ ਪ੍ਰਭਾਵਾਂ ਰਾਹੀਂ ਵੇਖਦੀ ਹੈ। ਉਦਾਹਰਣ ਲਈ ਉਸਦੀ ਇਕ ਲੰਬੀ ਕਹਾਣੀ 'ਤੀਲ੍ਹੀ ਦਾ ਨਿਸ਼ਾਨ' ਦਾ ਅਧਿਐਨ ਕੀਤਾ ਜਾ ਸਕਦਾ ਹੈ। ਇਸ ਕਹਾਣੀ ਵਿਚ ਉਸਨੇ ਜੰਗ ਸੰਬੰਧੀ ਸਿੱਧਾ ਕੁਝ ਨਹੀਂ ਲਿਖਿਆ ਸਗੋਂ ਜੰਗ ਵਿਚ ਪਤੀ ਦੇ ਮਾਰੇ ਜਾਣ ਪਿਛੋਂ ਕਿਰਨਜੀਤ ਦੇ ਜੀਵਨ ਵਿਚ ਜੋ ਭੁਚਾਲ ਆਇਆ, ਜੋ ਟੁੱਟ ਭੱਜ ਹਈ, ਉਸ ਰਾਹੀਂ ਜੰਗ ਦੀ ਭਿਆਨਕਤਾ ਸਾਕਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤੀ ਹੈ।

ਉਸਦੀਆਂ ਕਹਾਣੀਆਂ ਦਾ ਅੰਦਾਜ਼ ਕਾਵਿਕ ਹੁੰਦਾ ਹੈ, ਜਿਵੇਂ ਕੋਈ ਵਾਰਤਕ ਵਿਚ ਕਵਿਤਾ ਲਿਖ ਰਿਹਾ ਹੋਵੇ। ਇਸਦਾ ਇਕ ਪ੍ਰਮੁਖ ਕਾਰਣ ਇਹ ਵੀ ਹੈ ਕਿ ਉਸਨੇ ਆਪਣੇ ਰਚਨਾਤਮਕ ਜੀਵਨ ਦੀ ਸ਼ੁਰੂਆਤ ਇਕ ਕਵਿਤਾ ਲਿਖ ਕੇ ਕੀਤੀ ਸੀ। ਉਸਦੀ ਇਹ ਪ੍ਰਥਮ ਕਵਿਤਾ ਕੁਝ ਇਸ ਪ੍ਰਕਾਰ ਸੀ :

ਚਾਨਣ ਦਾ ਸੀ ਰੁੱਖ ਬੀਜਿਆ।
ਮਾਏ ਨੀ ਮੇਰਾ ਬੱਦਲਾਂ 'ਚ ਘਰ ਪਾਦੇ।
ਜਿੰਦ ਮੇਰੀ ਧੂਫ ਵਾਂਗ ਧੁਖ ਗਈ।
ਸੂਰਜਾਂ ਦੀ ਜਿੰਦ ਮੇਰੀ, ਪੌਣਾਂ ਦੀ ਜਿੰਦ ਮੇਰੀ,
ਪੰਛੀਆਂ ਦੀ ਜਿੰਦ ਮੇਰੀ।

(ਨੰਗੇ ਪੈਰਾਂ ਦਾ ਸਫ਼ਰ, ਪੰਨਾ 129)

ਉਹ ਇਕ ਸਾਧਾਰਣ ਕਵਿਤਰੀ ਪਰੰਤੂ ਇਕ ਅਸਾਧਾਰਣ ਗਲ਼ਪਕਾਰ ਬਣ ਗਈ। ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ, ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਜਸਵੰਤ ਸਿੰਘ ਕੰਵਲ, ਰਾਮ ਸਰੂਪ ਅਣਖੀ ਅਤੇ ਹੋਰ ਬਹੁਤ ਸਾਰੇ ਗਲਪਕਾਰਾਂ ਵਾਂਗ ਦਲੀਪ ਕੌਰ ਟਿਵਾਣਾ ਨੇ ਆਪਣਾ ਰਚਨਾਤਮਕ ਜੀਵਨ ਇਕ ਸਾਧਾਰਣ ਕਵੀ ਦੇ ਰੂਪ ਵਿਚ ਸ਼ੁਰੂ ਕੀਤਾ। ਪਰ ਛੇਤੀ ਹੀ ਉਨ੍ਹਾਂ ਨੇ ਆਪਣੇ ਅਨੁਭਵ ਦੇ ਹਾਣ ਦੀ ਰੂਪ-ਵਿਧਾ ਲੱਭ ਗਈ ਅਤੇ ਗਲਪ/ਵਾਰਤਕ ਦੇ ਖੇਤਰ ਵਿਚ ਇਨ੍ਹਾਂ ਸਾਹਿੱਤਕਾਰਾਂ ਨੇ ਮਹਤਵਪੂਰਨ ਪ੍ਰਾਪਤੀਆਂ ਕੀਤੀਆਂ।

ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਕਹਾਣੀ ਕਹਿਣ ਦਾ ਦਲੀਪ ਕੌਰ ਟਿਵਾਣਾ ਦਾ ਇਕ ਮਖ਼ਸੂਸ ਅੰਦਾਜ਼ ਹੈ। ਉਸਦੀਆਂ ਮੁਢਲੀਆਂ ਕਹਾਣੀਆਂ ਵਿਚ ਰੋਮਾਨੀਅਤ ਅਤੇ ਭਾਵੁਕਤਾ ਦਾ ਰੰਗ ਪ੍ਰਧਾਨ ਸੀ ਪਰ ਸਹਿਜੇ ਸਹਿਜੇ ਉਸਦੀਆਂ ਕਹਾਣੀਆਂ ਸਾਡੇ ਸਮਕਾਲੀ ਸਮਾਜਿਕ ਪਰਿਵੇਸ਼ ਨਾਲ ਪੂਰੀ ਤਰ੍ਹਾਂ ਜੁੜਦੀਆਂ ਚਲੀਆਂ ਗਈਆਂ। ਉਸਦਾ ਸਮਕਾਲੀ ਪੰਜਾਬੀ ਕਹਾਣੀ ਨੂੰ ਨਿਖਾਰਣ ਅਤੇ ਸੰਵਾਰਨ ਵਿਚ ਵਿਸ਼ੇਸ਼ ਯੋਗਦਾਨ ਹੈ।

ਪਰ ਅਜੇ ਵੀ ਉਹ ਆਪਣੀ ਕਹਾਣੀ ਦੇ ਸਰੂਪ ਅਥਵਾ ਸੰਗਠਨ ਬਾਰੇ ਮੁਤਮਈਨ ਨਹੀਂ ਹੈ। ਉਹ ਹਰਮਨ ਹੈਸ ਅਤੇ ਰਾਜਾ ਰਾਓ ਵਾਂਗ ਰੂਹ ਦੀ ਭਾਲ ਦੀਆਂ ਕਹਾਣੀਆਂ ਲਿਖਣਾ ਚਾਹੁੰਦੀ ਹੈ। ਉਸ ਦੀ ਇੱਛਾ ਹੈ ਕਿ ਕਾਫ਼ਕਾ ਅਤੇ ਪਾਰ ਲਾਗਰਵਿਸਟ ਵਾਂਗ ਉਹ ਵੀ ਰੂਪਕ-ਕਥਾਵਾਂ ਸਿਰਜ ਸਕੇ। ਉਹ ਪੰਜਾਬੀ ਕਹਾਣੀ ਵਿਚ ਥਾਮਸ ਮਾਨ, ਚੈਖਵ, ਮੋਪਾਸਾ ਅਤੇ ਕੈਥਰੀਨ ਐਨ ਪੋਰਟਰ ਵਰਗੇ ਹਸਤਾਖ਼ਰ ਵੇਖਣਾ ਲੋਚਦੀ ਹੈ। ਆਸ਼ਾ ਹੈ ਕਿ ਲੇਖਕਾ ਆਪ ਹੀ ਆਪਣਾ ਚੈਲੰਜ ਕਬੂਲ ਕਰੇਗੀ ਅਤੇ ਪੰਜਾਬੀ ਕਹਾਣੀ ਨੂੰ ਕੁਝ ਨਵਾਂ, ਸਾਰਥਿਕ ਅਤੇ ਵਿਸ਼ਿਸ਼ਟ ਯੋਗਦਾਨ ਦੇਵੇਗੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਿਸ਼ਿਸ਼ਟ 2

ਚੋਣਵੀਂ ਪੁਸਤਕ ਸੂਚੀ

ਪੰਜਾਬੀ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

ਸੰਤ ਸਿੰਘ ਸੇਖੋਂ, **ਨਾਵਲ ਤੇ ਪਲਾਟ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1979.

ਦਲੀਪ ਕੌਰ ਟਿਵਾਣਾ, **ਇਹੁ ਹਮਾਰਾ ਜੀਵਣਾ**, ਨਵਯੁਗ ਪਬਲਿਸ਼ਰਜ਼, ਦਿੱਲੀ, 1971.

———, **ਦੂਸਰੀ ਸੀਤਾ**, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਜੂਨ 1975.

———, **ਪੈੜ-ਚਾਲ**, ਆਰਸੀ ਪਬਲਿਸ਼ਰਜ਼, ਦਿੱਲੀ, 1984

———, **ਨੰਗੇ ਪੈਰਾਂ ਦਾ ਸਫ਼ਰ**; ਨਾਗਮਣੀ ਪ੍ਰਕਾਸ਼ਨ, ਦਿੱਲੀ, 1980.

———, **ਰਿਣ ਪਿਤਰਾਂ ਦਾ**, ਲੋਕ ਗੀਤ ਪ੍ਰਕਾਸ਼ਨ, ਸਰਹਿੰਦ, 1986.

———, **ਕਹਾਣੀ ਕਲਾ ਤੇ ਮੇਰਾ ਅਨੁਭਵ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1977.

ਰਵਿੰਦਰ ਸਿੰਘ ਰਵੀ, **ਅਮਰੀਕਾ ਦੀ ਨਵੀਨ ਆਲੋਚਨਾ ਪ੍ਰਣਾਲੀ**, ਸੇਧ ਪ੍ਰਕਾਸ਼ਨ, ਪਟਿਆਲਾ, 1982.

ਅੰਗ੍ਰੇਜ਼ੀ

Barther, Roland, 'Mythologies', Seuil, Paris, 1970.

Beauvoir, Simone de, 'The Second Sex', Penguin, 1982.

Booth, Wayne, 'The Rhetoric of Fiction', University of Chicago Press, 1961.

Brooks, Cleanth, 'The Well-Wrought Urn, Har court & Brace, New York, 1947.

Cassirer, Ernst, 'Strucluralism in Modern Linguistics, Word I (1945) Pp. 99-120.

Chomsky, Noam, 'Syntactic Structures', Mouton, The

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Hague, 1957.

Culler, Jonathan, 'Flaubert : The Uses of uncertainty', Elek, London, 1974.

Fisher, E., 'The Necessity of Art', London, 1963.

Foncault, Michel, 'The Archeology of knowledge', Pantheon, Tavistock, 1972.

Frye, Northrop, 'Anatomy of Criticism', Atheneum, New York, 1965.

Garaudy, R., 'Marxism in the Twentieth Century', New York, 1970.

Goldmann, Lucien, 'Ideology and writing' The Times Literary Supplement (28 Səp . 1967) Pp. 903-5.

———, Towards a Sociology of the Novel, London, 1975.

Greimas, A. J., 'Semantique Structurale', Paris, 1966.

Guiraud, Pierre, 'La Semiologie', P U F, 1971.

Lacan, Jacques, 'Ecrits', Seuil, Paris, 1966.

Leach, Edmund, 'Genesis as Myth and other Essays', Cape, London, 1969.

Levi-Strauss, Claude, 'Structural Anthropology', Basic Books 1963, Allen Lane 1968.

Paz, Octavio, 'Claude Levi-Strauss : An Introduction, Cape, London, 1970.

Robbe-Grillet' Alain, 'Towards a New Novel, Calder & Boyars, 1970.

'Russian Formalist Criticism, ed. L. T. Lemon, Lincoln 1965.

Sartre, Jean-Paul, 'what is Literature', Methuen. 1950.

———'Critique of Dialectical Reason', London, 1976.

Saussure, F. De., 'Cours de Linguistique Generale', Lussanne, 1916.

Stalin J., 'Marxism and Art', New York, 1951.

Trotsky, L., 'Literature and Revolution, New York, 1957.

Williams, R., Marxism and Literature, Oxford University Press, 1977.

Zhdanov, A. A., 'Essays on Literature, Philosophy and' Music, New York, 1950.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਡੀਆਂ ਕੁਝ ਹੋਰ ਪੁਸਤਕਾਂ

ਪੰਜਾਬੀ ਲੋਕ ਕਾਵਿ	ਬਿਕਰਮ ਸਿੰਘ ਘੁੰਮਣ
ਬੁਝਾਰਤਾਂ ਅਤੇ ਅਖਾਣ	ਬਿਕਰਮ ਸਿੰਘ ਘੁੰਮਣ
ਜੀਵਨ ਫ਼ਲਸਫ਼ਾ ਗੁਰੂ ਤੇਗ ਬਹਾਦਰ	ਬਿਕਰਮ ਸਿੰਘ ਘੁੰਮਣ
ਸਭਿਆਚਾਰ ਅਤੇ ਪੰਜਾਬੀ ਸਭਿਆਚਾਰ	ਡਾ. ਗੁਰਬਖ਼ਸ਼ ਸਿੰਘ ਫ਼ਰੈਂਕ
ਪੰਜਾਬੀ ਲੋਕਯਾਨ ਅਤੇ ਸਭਿਆਚਾਰ	ਡਾ. ਬਲਬੀਰ ਸਿੰਘ ਪੂਨੀ
ਪੰਜਾਬੀ ਲੋਕ ਗੀਤ ਪਰੰਪਰਾ	ਡਾ. ਬਿਕਰਮ ਸਿੰਘ ਘੁੰਮਣ
ਪੰਜਾਬੀ ਲੋਕਯਾਨ	ਡਾ. ਇਕਬਾਲ ਕੌਰ
ਪੰਜਾਬੀ ਲੋਕਧਾਰਾ ਦੇ ਕੁਝ ਪੱਖ	ਡਾ. ਗੁਰਮੀਤ ਸਿੰਘ
ਪੰਜਾਬੀ ਨਾਵਲ ਵਿਚ ਨਾਇਕ ਦਾ ਵਿਗਠਨ	ਡਾ. ਹਰਦਰਸ਼ਨ ਸਿੰਘ
ਪੰਜਾਬੀ ਕਹਾਣੀ ਵਿਚ ਰਾਸ਼ਟ੍ਰਵਾਦ	ਡਾ. ਹਿਰਦੇਜੀਤ ਭੋਗਲ
ਨਿੱਕੀ ਕਹਾਣੀ ਅਤੇ ਪੰਜਾਬੀ ਨਿੱਕੀ ਕਹਾਣੀ	ਡਾ. ਗੁਰਬਖ਼ਸ਼ ਸਿੰਘ ਫ਼ਰੈਂਕ
ਚੱਠਿਆਂ ਦੀ ਵਾਰ (ਪੀਰ ਮੁਹੰਮਦ)	ਸੰਪ. ਡਾ. ਬਿਕਰਮ ਸਿੰਘ ਘੁੰਮਣ
ਕਿੱਸਾ ਸ਼ੀਰੀਂ ਫ਼ਰਹਾਦ (ਹਾਸ਼ਮ)	ਸੰਪ. ਗੁਰਦਿਆਲ ਸਿੰਘ ਸਹੋਤਾ
ਪੂਰਨ ਸਿੰਘ ਕਾਵਿ ਦਾ ਬਿੰਬ ਵਿਧਾਨ	ਸ੍ਵੈਜੋਤ ਕੌਰ ਕਸੇਲ
ਪੰਜਾਬੀ ਨਿੱਕੀ ਕਹਾਣੀ ਅਤੇ ਸੁਜਾਨ ਸਿੰਘ	ਡਾ. ਬਿਕਰਮ ਸਿੰਘ ਘੁੰਮਣ
ਵਰਿਆਮ ਸੰਧੂ ਦੀ ਗਲਪ ਚੇਤਨਾ	ਡਾ. ਅਜੀਤ ਸਿੰਘ ਸ਼ਾਹੀ
ਅਜੀਤ ਕੌਰ : ਗੁਲਬਾਨੋ ਤੋਂ ਮੌਤ ਅਲੀ ਬਾਬ ਦੀ ਕਬਰ	ਮਨਿੰਦਰਜੀਤ ਕੌਰ
ਪੰਜਾਬੀ ਦੇ ਪ੍ਰਵਾਨਿਤ ਖੋਜ-ਪ੍ਰਬੰਧ	ਡਾ. ਧਰਮ ਸਿੰਘ
ਜਪੁਜੀ : ਸਚਿਆਰ ਸੰਕਲਪ	ਡਾ. ਗੁਰਨਾਮ ਕੌਰ ਬੇਦੀ
ਸਾਹਿਤ ਸੰਬਾਦ	ਡਾ. ਗੁਰਬਖ਼ਸ਼ ਸਿੰਘ ਫ਼ਰੈਂਕ
ਪੰਜਾਬੀ ਕਿੱਸਾ ਕਾਵਿ ਦੀ ਅਧਿਕਤੀ	ਡਾ. ਬਲਬੀਰ ਸਿੰਘ ਪੂਨੀ
ਕਿੱਸਾ ਕਾਵਿ : ਇਤਿਹਾਸਕ ਤੇ ਕਾਵਿ ਮੁੱਲ	ਡਾ. ਬਲਬੀਰ ਸਿੰਘ ਪੂਨੀ
ਪੰਜਾਬੀ ਨਾਵਲ ਵਿਚ ਯਥਾਰਥ ਚਿਤ੍ਰਣ	ਡਾ. ਸੁਭਾਗ ਸੋਹੀ
ਸੁਲਤਾਨ ਬਾਹੂ	ਡਾ. ਹਰਜਿੰਦਰ ਸਿੰਘ ਢਿੱਲੋਂ
ਤਾਰਿਆਂ ਦੀ ਮੀਟਿੰਗ	ਇਕਬਾਲ ਸਿੰਘ ਭੋਮਾ
ਮੇਰੀਆਂ ਪ੍ਰਤੀਨਿਧ ਕਹਾਣੀਆਂ/ਕਹਾਣੀਆਂ	ਜਸਵੰਤ ਸਿੰਘ ਵਿਰਦੀ
ਕਦੋਂ ਫਿਰਨਗੇ ਦਿਨ/ਕਹਾਣੀਆਂ	ਰਾਮ ਸਰੂਪ ਅਣਖੀ
ਇਕ ਰਾਤ ਦਾ ਸਫ਼ਰ/ਕਹਾਣੀਆਂ	ਹਰਿੰਦਰ ਸੂਰੇਵਾਲੀਆ
ਕਾਨੂੰਨ ਦੀਆਂ ਕਲਾ ਬਾਜ਼ੀਆਂ	ਮਹਿੰਦਰ ਸਿੰਘ ਜੋਸ਼ੀ
ਮਹਾਰਾਜਾ ਜੱਸਾ ਆਹਲੂਵਾਲੀਆ	ਰੋਸ਼ਨ ਲਾਲ ਆਹੂਜਾ
ਦਲੀਪ ਕੌਰ ਟਿਵਾਣਾ ਦੀ ਗਲਪ ਚੇਤਨਾ	ਡਾ. ਜਗਦੀਸ਼ ਸਿੰਘ

100063
पुस्तकालय
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY

	Signature	Date
Accession		
Class on		
Cat on		
Tag etc		
Filing		
E.A.R.		
Any other		
Checked		

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar